ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 22 | Issue 145| 16 Oct. to 22 Oct. , 2024 | Ph.: (510) 240-5949 | Email: asrtimes@gmail.com




## ਭਾਰਤ ਸਰਕਾਰ ਜਾਂਚ 'ਚ ਨਹੀਂ ਦੇ ਰਹੀ ਸਹਿਯੋਗ: ਟਰੂਡੋ

ਕੈਨੇਡਾ ਤੇ ਭਾਰਤ ਦੇ ਕੂਟਨੀਤਕ ਸੰਬੰਧਾਂ ਵਿੱਚ ਬੀਤੇ ਸਾਲ ਸਤੰਬਰ ਤੋਂ ਸ਼ੁਰੂ ਹੋਇਆ ਤਣਾਅ ਅਜੇ ਤੱਕ ਜਾਰੀ ਹੈ ਤੇ ਇਸ ਵਿੱਚ ਨਿਕਟ ਭਵਿੱਖ ਵਿੱਚ ਸੁਧਾਰ ਹੋਣ ਦੀ ਸੰਭਾਵਨਾ ਨਜ਼ਰ ਨਹੀਂ ਆ ਰਹੀ। 18 ਜੂਨ, 2023 ਦੀ ਸ਼ਾਮ ਨੂੰ ਸਰੀ ਵਿਖੇ ਭਾਈ ਹਰਦੀਪ ਸਿੰਘ ਨਿੱਝਰ ਦੇ ਹੋਏ ਕਤਲ ਦੇ ਕੇਸ ਦੀ ਜਾਂਚ ਕੈਨੇਡਾ ਵਿੱਚ ਚੱਲ ਰਹੀ ਹੈ, ਜਿਸ ਵਿੱਚ ਕੁਝ ਭਾਰਤੀ ਅਧਿਕਾਰੀਆਂ ਦੀ ਸ਼ਮੂਲੀਅਤ ਦਾ ਸ਼ੱਕ ਬੀਤੇ ਸਾਲ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੇ ਦੇਸ਼ ਦੀ ਸੰਸਦ ਵਿੱਚ ਕੀਤਾ ਸੀ। ਜਾਂਚ ਕਰ ਰਹੇ ਅਧਿਕਾਰੀਆਂ ਨੇ ਕੈਨੇਡਾ ਵਿਖੇ ਤਾਇਨਾਤ ਭਾਰਤ ਦੇ ਰਾਜਦੂਤ ਸੰਜੇ ਵਰਮਾ ਸਮੇਤ ਕੁਝ ਹੋਰ ਭਾਰਤੀ ਕੂਟਨੀਤਕਾਂ ਤੋਂ ਪੁੱਛਗਿੱਛ ਕਰਨ ਲਈ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਨਾਲ਼ ਬੀਤੇ ਦਿਨੀਂ ਸੰਪਰਕ ਕੀਤਾ ਗਿਆ ਸੀ। ਪਰ ਭਾਰਤ ਸਰਕਾਰ ਨੇ ਇਸ ਜਾਂਚ ਵਿੱਚ ਸ਼ਾਮਿਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਕੈਨੇਡੀਅਨ ਵਿਦੇਸ਼ ਮੰਤਰੀ ਮੇਲਾਨੀਆ ਜੋਲੀ ਨੇ ਹਾਈ ਕਮਿਸ਼ਨਰ ਸਮੇਤ ਛੇ ਭਾਰਤੀ ਡਿਪਲੋਮੈਟਾਂ ਨੂੰ ਕੱਢਣ ਬਾਰੇ ਹੁਣੇ ਜਿਹੇ ਬਿਆਨ ਦਿੱਤਾ ਸੀ। ਕੈਨੇਡਾ ਨੇ ਦਾਅਵਾ ਕੀਤਾ ਹੈ ਕਿ ਇਹ ਸਾਰੇ ਲੋਕ ਕੈਨੇਡੀਅਨ ਨਾਗਰਿਕਾਂ ਦੀ ਟਾਰਗੇਟ ਕਿਲਿੰਗ ਵਿੱਚ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਭਾਰਤ ਨੇ ਜਾਂਚ ਵਿੱਚ ਸਹਿਯੋਗ ਨਹੀਂ ਕੀਤਾ। ਕੈਨੇਡਾ ਦੇ ਇਨ੍ਹਾਂ ਤਾਜ਼ਾ ਦੋਸ਼ਾਂ ਕਾਰਨ ਉਸਦਾ ਤਕਰਾਰ ਭਾਰਤ ਨਾਲ ਡੂੰਘਾ ਹੋ ਗਿਆ ਹੈ।

ਇਸ ਤੋਂ ਬਾਅਦ ਕੈਨੇਡਾ ਤੋਂ ਆਪਣੇ ਹਾਈ ਕਮਿਸ਼ਨਰ ਅਤੇ ਹੋਰ ਕੂਟਨੀਤਕਾਂ ਤੇ ਅਧਿਕਾਰੀਆਂ ਨੂੰ ਵਾਪਸ ਬੁਲਾਉਣ ਦਾ ਐਲਾਨ ਕੀਤਾ ਸੀ । ਭਾਰਤੀ ਵਿਦੇਸ਼ ਮੰਤਰਾਲੇ ਨੇ ਭਾਰਤ ਵਿੱਚ ਕੈਨੇਡੀਅਨ ਰਾਜਦੂਤ ਨੂੰ ਤਲਬ ਕਰਨ ਤੋਂ ਤੁਰੰਤ ਬਾਅਦ ਇਸ ਫ਼ੈਸਲੇ ਦਾ ਐਲਾਨ ਕੀਤਾ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਭਾਰਤ ਵਿੱਚ ਕੈਨੇਡੀਅਨ ਰਾਜਦੂਤ ਨੂੰ ਸਕੱਤਰ (ਪੂਰਬੀ) ਜੈਦੀਪ ਮਜ਼ੂਮਦਾਰ ਦੁਆਰਾ ਤਲਬ ਕੀਤਾ ਗਿਆ ਸੀ । ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਕੈਨੇਡਾ ਵਿੱਚ ਭਾਰਤੀ ਹਾਈ ਕਮਿਸ਼ਨਰ ਤੇ ਹੋਰ ਕੂਟਨੀਤਕਾਂ ਤੇ ਅਧਿਕਾਰੀਆਂ ਨੂੰ ਬੇਬੁਨਿਆਦ ਨਿਸ਼ਾਨਾ ਬਣਾਉਣਾ ਪੂਰੀ ਤਰ੍ਹਾਂ ਅਸਵੀਕਾਰਨਯੋਗ ਹੈ । ਭਾਰਤੀ ਮੰਤਰਾਲੇ ਨੇ ਕਿਹਾ ਕਿ ਕੱਟੜਵਾਦ ਤੇ ਹਿੰਸਾ ਦੇ ਮਾਹੌਲ ਵਿੱਚ ਟਰੂਡੋ ਸਰਕਾਰ ਦੀਆਂ ਕਾਰਵਾਈਆਂ ਨੇ ਉਨ੍ਹਾਂ ਦੀ ਸੁਰੱਖਿਆ ਨੂੰ ਖ਼ਤਰੇ ਵਿੱਚ ਪਾਇਆ ਹੈ। ਸਾਨੂੰ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਮੌਜੂਦਾ ਕੈਨੇਡੀਅਨ ਸਰਕਾਰ ਦੀ ਵਚਨਬੱਧਤਾ 'ਤੇ ਕੋਈ ਭਰੋਸਾ ਨਹੀਂ। ਇਸ ਲਈ ਭਾਰਤ ਸਰਕਾਰ ਨੇ ਹਾਈ ਕਮਿਸ਼ਨਰ ਤੇ ਹੋਰ ਕੂਟਨੀਤਕਾਂ ਤੇ ਅਧਿਕਾਰੀਆਂ ਨੂੰ ਵਾਪਸ ਬੁਲਾਉਣ ਦਾ ਫ਼ੈਸਲਾ ਕੀਤਾ ਹੈ। ਭਾਰਤ ਨੇ ਇਸ ਤਣਾਅ ਦੇ ਚੱਲਦਿਆਂ ਕੈਨੇਡਾ ਦੇ 6 ਕੂਟਨੀਤਕਾਂ ਨੂੰ ਕੱਢ ਦਿੱਤਾ ਹੈ। ਇਨ੍ਹਾਂ ਕੂਟਨੀਤਕਾਂ ਵਿੱਚ ਕਾਰਜਕਾਰੀ ਹਾਈ ਕਮਿਸ਼ਨਰ ਸਟੀਵਰਟ ਰੋਸ ਵੀਲ੍ਹਰ, ਡਿਪਟੀ ਹਾਈ ਕਮਿਸ਼ਨਰ ਪੈਟਰਿਕ ਹਬਰਟ, ਮੈਰੀ ਕੈਥਰੀਨ, ਇਆਨ ਰੋਸ ਡੇਵਿਡ ਟ੍ਰਾਇਟਸ, ਐਡਮ ਜੇਮਸ ਚੁਇਪਕਾ ਤੇ ਪਾਓਲਾ ਓਰਜੁਏਲਾ ਸ਼ਾਮਿਲ ਹਨ। ਭਾਰਤ ਦਾ ਤਰਕ ਹੈ ਕਿ ਟਰੂਡੋ ਸਰਕਾਰ ਵਲੋਂ ਆਪਣੇ ਰਾਜਨੀਤਕ ਫ਼ਾਇਦੇ (ਕੈਨੇਡਾ ਵਿੱਚ ਸਿੱਖ ਵੋਟ) ਲਈ ਬਿਨਾਂ ਤੱਥਾਂ ਤੋਂ (ਵਧਾ-ਚੜ੍ਹਾ ਕੇ) ਦੋਸ਼ ਲਗਾਏ ਜਾ ਰਹੇ ਹਨ।

ਇਸ ਸਬੰਧੀ ਇੱਕ ਰਿਪੋਰਟ ਵਾਸ਼ਿੰਗਟਨ ਪੋਸਟ ਵਿੱਚ ਛਪੀ ਸੀ, ਜਿਸ ਵਿੱਚ ਅਧਿਕਾਰੀਆਂ ਨੇ ਭਾਰਤ ਸਰਕਾਰ ਦੀ ਸ਼ਮੂਲੀਅਤ ਦਾ ਦੋਸ਼ ਲਾਇਆ ਹੈ। ਰਿਪੋਰਟ ਵਿੱਚ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਨਾਂ ਵੀ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਜਦੋਂ ਇਹ ਰਿਪੋਰਟ ਲਿਖੀ ਗਈ ਸੀ ਤਾਂ ਗ੍ਰਹਿ ਮੰਤਰੀ ਦਾ ਨਾਂ ਨਹੀਂ ਸੀ। ਇਸ ਨੂੰ ਬਾਅਦ ਵਿੱਚ ਅੱਪਡੇਟ ਕੀਤਾ ਗਿਆ ਹੈ। ਪਰ ਭਾਰਤ ਸਰਕਾਰ ਕੈਨੇਡਾ ਵਲੋਂ ਲਗਾਏ ਜਾ ਰਹੇ ਹਰ ਦੋਸ਼ ਨੂੰ ਰੱਦ ਕਰ ਰਹੀ ਹੈ।

ਵਾਸ਼ਿੰਗਟਨ ਪੋਸਟ ਨੇ ਆਪਣੀ ਰਿਪੋਰਟ ਵਿੱਚ ਕਿਹਾ ਕਿ ਕੈਨੇਡੀਅਨ ਅਧਿਕਾਰੀਆਂ ਮੁਤਾਬਕ ਭਾਈ ਨਿੱਝਰ ਦਾ ਕਤਲ ਕੋਈ ਅਲੱਗ-ਥਲੱਗ ਘਟਨਾ ਨਹੀਂ ਸੀ। ਸਗੋਂ, ਇਹ ਸੀਨੀਅਰ ਭਾਰਤੀ ਅਧਿਕਾਰੀਆਂ ਅਤੇ ਦੇਸ਼ ਦੀ ਖ਼ੁਫ਼ੀਆ ਏਜੰਸੀ ਰਿਸਰਚ ਐਂਡ ਐਨਾਲਿਸਿਸ ਵਿੰਗ (ਰਾਅ) ਦੇ ਵੱਡੇ ਯਤਨਾਂ ਦਾ ਹਿੱਸਾ ਸੀ। ਇੱਕ ਸੀਨੀਅਰ ਕੈਨੇਡੀਅਨ ਅਧਿਕਾਰੀ ਨੇ ਕਿਹਾ ਸੀ ਕਿ ਸਾਨੂੰ ਪਤਾ ਹੈ ਕਿ ਨਿੱਝਰ ਹੱਤਿਆਕਾਂਡ, ਹੋਰ ਹੱਤਿਆਵਾਂ ਅਤੇ ਕੈਨੇਡਾ ਵਿੱਚ ਹੋ ਰਹੀ ਅਸਲ ਹਿੰਸਾ ਵਿੱਚ ਇਹ ਲੋਕ ਸ਼ਾਮਲ ਹਨ। ਕੈਨੇਡਾ ਮੁਤਾਬਕ ਭਾਰਤੀ ਡਿਪਲੋਮੈਟ ਕਥਿਤ ਤੌਰ 'ਤੇ ਖ਼ਾਲਿਸਤਾਨੀ ਖਾੜਕੂਆਂ ਬਾਰੇ ਖੁਫ਼ੀਆ ਜਾਣਕਾਰੀ ਹਾਸਲ ਕਰਦੇ ਸਨ, ਜਿਸ ਦੀ ਵਰਤੋਂ ਰਾਅ ਵਲੋਂ ਕੀਤੀ ਜਾਂਦੀ ਸੀ।

ਕੈਨੇਡਾ ਨੇ ਭਾਰਤ ਸਰਕਾਰ 'ਤੇ ਇਹ ਵੀ ਦੋਸ਼ ਲਗਾਇਆ ਹੈ ਕਿ ਕੈਨੇਡਾ ਵਿੱਚ ਮੌਜੂਦ ਭਾਰਤੀ ਏਜੰਟ ਖ਼ਾਲਿਸਤਾਨ ਪੱਖੀਆਂ ਨੂੰ ਨਿਸ਼ਾਨਾ ਬਣਾਉਣ ਲਈ ਲਾਰੈਂਸ ਬਿਸ਼ਨੋਈ ਗੈਂਗ ਨਾਲ ਕੰਮ ਕਰ ਰਹੇ ਹਨ ਤੇ ਕੈਨੇਡਾ ਵਿੱਚ ਅਪਰਾਧ ਕਰਕੇ ਤਣਾਅ ਵਧਾ ਰਹੇ ਹਨ।

ਕੈਨੇਡੀਅਨ ਅਧਿਕਾਰੀਆਂ ਦਾ ਦੋਸ਼ ਹੈ ਕਿ ਭਾਰਤ ਨੂੰ ਲਗਭਗ ਉੱਚ ਪੱਧਰ ਤੋਂ ਸੂਚਨਾ ਭੇਜੀ ਜਾ ਰਹੀ ਹੈ। ਉਸਨੇ ਦਾਅਵਾ ਕੀਤਾ ਕਿ ਭਾਰਤੀ ਡਿਪਲੋਮੈਟਾਂ ਵਿਚਕਾਰ ਗੱਲਬਾਤ ਅਤੇ ਸੰਦੇਸ਼ਾਂ ਵਿੱਚ ਇੱਕ ਸੀਨੀਅਰ ਭਾਰਤੀ ਅਧਿਕਾਰੀ ਅਤੇ ਰਾਅ ਦੇ ਇੱਕ ਅਧਿਕਾਰੀ ਦੇ ਹਵਾਲਾ ਸੀ ਜੋ ਇਨ੍ਹਾਂ ਅਪਰਾਧਾਂ ਦਾ ਦੋਸ਼ੀ ਹੈ। ਉਸ ਨੇ ਹੀ ਖ਼ਾਲਿਸਤਾਨੀਆਂ 'ਤੇ ਹਮਲਾ ਕਰਨ ਦੀ ਮਨਜ਼ੂਰੀ ਦਿੱਤੀ ਸੀ। ਕੈਨੇਡੀਅਨ ਅਧਿਕਾਰੀਆਂ ਨੇ ਬੀਤੇ ਸਨਿੱਚਰਵਾਰ ਨੂੰ ਸਿੰਗਾਪੁਰ ਵਿੱਚ ਇੱਕ ਗੁਪਤ ਮੀਟਿੰਗ ਵਿੱਚ ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੂੰ ਸ਼ਾਹ ਬਾਰੇ ਵੇਰਵੇ ਅਤੇ ਹੋਰ ਸਬੂਤ ਦਿੱਤੇ ਸਨ।

### ਕੈਨੇਡਾ ਨੇ ਭਾਰਤ ਨੂੰ ਸਬੂਤ ਮੁਹੱਈਆ ਕਰਵਾਏ ਸਨ : ਸਟੀਵਰਟ ਵੀਲ੍ਹਰ

ਭਾਰਤ ਵਲੋਂ ਕੈਨੇਡਾ ਵਿੱਚ ਭਾਰਤੀ ਹਾਈ ਕਮਿਸ਼ਨਰ ਸੰਜੈ ਕੁਮਾਰ ਵਰਮਾ ਅਤੇ ਹੋਰ ਡਿਪਲੋਮੈਟਾਂ ਨੂੰ ਵਾਪਸ ਸੱਦਣ ਦੇ ਫ਼ੈਸਲੇ ਤੋਂ ਬਾਅਦ ਕੈਨੇਡੀਅਨ ਡਿਪਲੋਮੈਟ ਸਟੀਵਰਟ ਵੀਲ੍ਹਰ ਨੇ ਦਾਅਵਾ ਕੀਤਾ ਕਿ ਕੈਨੇਡਾ ਨੇ ਭਾਰਤ ਸਰਕਾਰ ਨੂੰ ਨਿੱਝਰ ਦੀ ਹੱਤਿਆ ਦੇ ਮਾਮਲੇ ਵਿੱਚ ਸਬੂਤ ਮੁਹੱਈਆ ਕਰਵਾਏ ਸਨ। ਹੁਣ ਭਾਰਤ ਨੂੰ ਆਪਣੇ ਕਹੇ ਅਨੁਸਾਰ ਚੱਲਣਾ ਚਾਹੀਦਾ ਹੈ ਅਤੇ ਇਨ੍ਹਾਂ ਸਾਰੇ ਦੋਸ਼ਾਂ ਦੀ ਜਾਂਚ ਕਰਨੀ ਚਾਹੀਦੀ ਹੈ। ਇਹ ਉਨ੍ਹਾਂ ਦੇ ਦੇਸ਼ ਅਤੇ ਦੇਸ਼ ਵਾਸੀਆਂ ਦੇ ਹਿੱਤ ਵਿੱਚ ਹੈ। ਇਸ ਤੋਂ ਪਹਿਲਾਂ ਭਾਰਤ ਨੇ ਕੈਨੇਡੀਅਨ ਸਫ਼ੀਰ ਨੂੰ ਤਲਬ ਕਰਦਿਆਂ ਕਿਹਾ ਸੀ ਕਿ ਭਾਰਤ ਨੂੰ ਟਰੂਡੋ ਸਰਕਾਰ 'ਤੇ ਵਿਸ਼ਵਾਸ ਨਹੀਂ ਹੈ ਕਿਉਂਕਿ ਕੈਨੇਡਾ ਸਰਕਾਰ ਵੋਟ ਰਾਜਨੀਤੀ ਤਹਿਤ ਇਹ ਸਭ ਕਰ ਰਹੀ ਹੈ।

## ਭਾਰਤ-ਕੈਨੇਡਾ ਤਣਾਅ ਨੇ ਪੰਜਾਬ ਵਸਦੇ ਪਰਿਵਾਰਾਂ ਦੀ ਚਿੰਤਾ ਵਧਾਈ

ਭਾਰਤ ਅਤੇ ਕੈਨੇਡਾ ਦੇ ਲਗਾਤਾਰ ਵਿਗੜ ਰਹੇ ਸਬੰਧਾਂ ਕਾਰਨ ਪੰਜਾਬ ਦੇ ਕਈ ਪਰਿਵਾਰਾਂ ਦੀਆਂ ਚਿੰਤਾਵਾਂ ਵਧ ਗਈਆਂ ਹਨ। ਅਸਲ ਵਿੱਚ ਪੰਜਾਬ ਦੇ ਲੱਖਾਂ ਪਰਿਵਾਰਾਂ ਦੇ ਕੈਨੇਡਾ ਨਾਲ ਡੂੰਘੇ ਰਿਸ਼ਤੇ ਹਨ। ਇਨ੍ਹਾਂ ਵਿੱਚੋਂ ਕਈਆਂ ਦੇ ਬੱਚੇ ਜਾਂ ਤਾਂ ਉੱਥੇ ਪੜ੍ਹਦੇ ਹਨ ਜਾਂ ਉੱਥੇ ਦਾਖ਼ਲਾ ਲੈਣ ਦੇ ਸੁਪਨੇ ਦੇਖ ਰਹੇ ਹਨ। ਪੰਜਾਬ ਵਿਚੋਂ ਬਹੁਤ ਸਾਰੇ ਪਰਿਵਾਰਕ ਮੈਂਬਰ ਵਧੀਆ ਨੌਕਰੀਆਂ ਅਤੇ ਚੰਗੀ ਕਮਾਈ ਦੀ ਇੱਛਾ ਵਿੱਚ ਕੈਨੇਡਾ ਵਿੱਚ ਵਸ ਗਏ ਹਨ। ਭਾਰਤ ਅਤੇ ਕੈਨੇਡਾ ਵਿਚਾਲੇ ਵਧਦੇ ਕੂਟਨੀਤਕ ਵਿਵਾਦ ਨੇ ਕਈ ਪਰਿਵਾਰਾਂ ਦੇ ਮੱਥੇ 'ਤੇ ਚਿੰਤਾ ਦੀਆਂ ਰੇਖਾਵਾਂ ਖਿੱਚ ਦਿੱਤੀਆਂ ਹਨ। ਪੜ੍ਹਾਈ ਅਤੇ ਨੌਕਰੀ ਲਈ ਸੈਟਲ ਹੋਣ ਦੇ ਲਿਹਾਜ ਨਾਲ ਕੈਨੇਡਾ ਪੰਜਾਬ ਦੇ



ਲੋਕਾਂ ਦੇ ਪਸੰਦੀਦਾ ਦੇਸ਼ਾਂ ਵਿੱਚੋਂ ਇੱਕ ਹੈ। ਦੁਆਬਾ ਖੇਤਰ- ਕਪੂਰਥਲਾ, ਜਲੰਧਰ, ਹੁਸ਼ਿਆਰਪੁਰ ਅਤੇ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਦੇ ਬਹੁਤ ਸਾਰੇ ਲੋਕ ਵਿਦੇਸ਼ਾਂ ਵਿੱਚ, ਮੁੱਖ ਤੌਰ 'ਤੇ ਕੈਨੇਡਾ, ਅਮਰੀਕਾ ਅਤੇ ਬ੍ਰਿਟੇਨ ਵਿੱਚ ਵਸੇ ਹੋਏ ਹਨ।

ਇਸੇ ਲੜੀ ਵਿੱਚ ਕੁਨਾਲ ਸੈਣੀ ਦਾ ਕੈਨੇਡਾ 'ਚ ਪੜ੍ਹਾਈ ਕਰਨ ਦਾ ਸੁਪਨਾ ਖ਼ਤਰੇ 'ਚ ਪੈਂਦਾ ਨਜ਼ਰ ਆ ਰਿਹਾ ਹੈ, ਜਦਕਿ ਅਰਵਿੰਦ ਸ਼ਰਮਾ ਨੂੰ ਡਰ ਹੈ ਕਿ ਉਸ ਨੂੰ ਕੈਨੇਡਾ 'ਚ ਆਪਣੇ ਬੇਟੇ ਨੂੰ ਮਿਲਣ ਲਈ ਵੀਜ਼ਾ ਨਹੀਂ ਮਿਲੇਗਾ। ਦੂਜੇ ਪਾਸੇ ਦੁਕਾਨਦਾਰਾਂ ਦਾ ਕਹਿਣਾ ਹੈ ਕਿ ਭਾਰਤੀ ਪ੍ਰਵਾਸੀਆਂ ਦੇ ਘਰ ਆਉਣ ਦੇ ਸੀਜ਼ਨ ਵਿੱਚ ਸ਼ਾਇਦ ਉਨ੍ਹਾਂ ਨੂੰ ਓਨਾ ਮੁਨਾਫਾ ਨਹੀਂ ਮਿਲੇਗਾ ਜਿੰਨ੍ਹਾ ਉਨ੍ਹਾਂ ਦੀ ਉਮੀਦ ਸੀ। ਦੁਕਾਨਦਾਰਾਂ ਅਨੁਸਾਰ ਭਾਰਤੀ ਪ੍ਰਵਾਸੀਆਂ ਦੇ ਘਰ ਪਰਤਣ ਦਾ ਸੀਜ਼ਨ ਸ਼ੁਰੂ ਹੋ ਗਿਆ ਹੈ। ਜੌਹਰੀ, ਕੱਪੜਾ ਅਤੇ ਹੋਰ ਵਪਾਰੀ ਇਸ ਸੀਜ਼ਨ ਦੌਰਾਨ ਚੰਗੀ ਕਮਾਈ ਕਰਦੇ ਹਨ ਕਿਉਂਕਿ ਵੱਡੀ ਗਿਣਤੀ ਵਿੱਚ ਪ੍ਰਵਾਸੀ ਭਾਰਤੀ ਪੰਜਾਬ, ਖਾਸ ਕਰਕੇ ਦੋਆਬਾ ਖੇਤਰ ਵਿੱਚ ਆਉਂਦੇ ਹਨ ਅਤੇ ਵੱਡੇ ਪੱਧਰ 'ਤੇ ਖਰੀਦਦਾਰੀ ਕਰਦੇ ਹਨ।

### ਪੰਜਾਬੀਆਂ ਨੂੰ ਡਰ- ਵੀਜ਼ਾ ਪ੍ਰਾਪਤ ਕਰਨ 'ਚ ਆ ਸਕਦੀ ਹੈ ਮੁਸ਼ਕਿਲ

ਕੈਨੇਡਾ ਸਰਕਾਰ ਨੇ ਇਸ ਸਾਲ ਸਤੰਬਰ ਵਿੱਚ ਸਾਲ 2025 ਲਈ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਟੱਡੀ ਪਰਮਿਟ ਵਿੱਚ ਕਟੌਤੀ ਦਾ ਐਲਾਨ ਕੀਤਾ ਸੀ। ਇਸਨੇ 2024 ਵਿੱਚ 4.85 ਲੱਖ ਨਵੇਂ ਅਧਿਐਨ ਪਰਮਿਟਾਂ ਦੇ ਟੀਚੇ ਨਾਲੋਂ 10 ਪ੍ਰਤੀਸ਼ਤ ਘੱਟ ਅਧਿਐਨ ਪਰਮਿਟ ਜਾਰੀ ਕਰਨ ਦਾ ਫ਼ੈਸਲਾ ਕੀਤਾ ਹੈ। ਇੱਕ ਅੰਦਾਜ਼ੇ ਅਨੁਸਾਰ ਕੈਨੇਡਾ ਵਿੱਚ ਪੜ੍ਹਾਈ ਲਈ ਆਉਣ ਵਾਲੇ ਭਾਰਤੀ ਵਿਦਿਆਰਥੀਆਂ ਵਿੱਚੋਂ ਤਕਰੀਬਨ 70 ਫ਼ੀਸਦੀ ਪੰਜਾਬ ਦੇ ਹਨ। ਹੁਸ਼ਿਆਰਪੁਰ ਦੇ ਰੈਂਡ ਰੋਡ ਇਲਾਕੇ ਦੇ ਵਸਨੀਕ ਅਰਵਿੰਦ ਸ਼ਰਮਾ ਨੇ ਕੈਨੇਡਾ ਵਿੱਚ ਭਾਰਤੀਆਂ ਨੂੰ ਦਰਪੇਸ਼ ਅਨਿਸ਼ਚਿਤਤਾ ਬਾਰੇ ਚਿੰਤਾ ਪ੍ਰਗਟਾਈ ਹੈ। ਅਰਵਿੰਦ ਸ਼ਰਮਾ ਦੇ ਪੁੱਤਰ ਗੋਪਾਲ ਨੂੰ ਕੈਨੇਡਾ ਵਿੱਚ ਪੱਕੇ ਨਿਵਾਸੀ ਦਾ ਦਰਜਾ ਮਿਲ ਗਿਆ ਹੈ ਅਤੇ ਉਹ ਵੀ ਦੋਵਾਂ ਦੇਸ਼ਾਂ ਵਿਚਾਲੇ ਵਧਦੇ ਤਣਾਅ ਤੋਂ ਚਿੰਤਤ ਹੈ। ਅਰਵਿੰਦ ਸ਼ਰਮਾ ਨੂੰ ਡਰ ਹੈ ਕਿ ਕੂਟਨੀਤਕ ਰੁਕਾਵਟ ਕਾਰਨ ਭਾਰਤੀਆਂ ਲਈ ਕੈਨੇਡਾ ਅਤੇ ਭਾਰਤ ਦੋਵਾਂ ਵਿੱਚ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਵੀਜ਼ਾ ਪ੍ਰਾਪਤ ਕਰਨਾ ਮੁਸ਼ਕਿਲ ਹੋ ਜਾਵੇਗਾ।

# ਅਮਰੀਕਾ 'ਚ ਸਿੱਖ ਭਾਈਚਾਰੇ ਵੱਲੋਂ 'ਨਿਰਭਉ ਅਤੇ ਨਿਆਂ' ਮਾਰਚ ਦਾ ਆਯੋਜਨ

## ਸਿੱਖਾਂ ਨੂੰ ਜਾਗਰੂਕ ਕਰਕੇ ਉਨ੍ਹਾਂ ਦੇ ਅਧਿਕਾਰਾਂ ਦੀ ਰੱਖਿਆ ਕਰਨਾ ਇਸ ਮਾਰਚ ਦਾ ਮੁੱਖ ਉਦੇਸ਼ : ਜਕਾਰਾ ਮੂਵਮੈਂਟ




ਅਮਰੀਕਾ ਦੇ ਸ਼ਹਿਰ ਬੇਕਰਸਫ਼ੀਲਡ ਤੋਂ ਸੈਕਰਾਮੈਂਟੋ ਤੱਕ 9 ਅਕਤੂਬਰ ਤੋਂ ਜਕਾਰਾ ਮੂਵਮੈਂਟ ਦੀ ਅਗਵਾਈ ਵਿੱਚ ਸਿੱਖ ਭਾਈਚਾਰੇ ਵੱਲੋਂ 350 ਮੀਲ ਲੰਬਾ 'ਨਿਰਭਉ ਅਤੇ ਨਿਆਂ' ਮਾਰਚ ਸ਼ੁਰੂ ਕੀਤਾ ਗਿਆ ਹੈ। ਇਸ ਮਾਰਚ ਦਾ ਦੋਹਰਾ ਉਦੇਸ਼ 1984 ਦੀ ਸਿੱਖ ਨਸਲਕੁਸ਼ੀ ਦੀ ਸੰਘੀ ਮਾਨਤਾ ਦੀ ਮੰਗ ਕਰਨਾ ਅਤੇ ਸਿੱਖ ਅਮਰੀਕੀ ਕਾਰਕੁਨਾਂ ਨੂੰ ਵਿਦੇਸ਼ੀ ਸਰਕਾਰਾਂ ਦੁਆਰਾ ਡਰਾਉਣ, ਧਮਕਾਉਣ ਅਤੇ ਹੱਤਿਆ ਦੀਆਂ ਕੋਸ਼ਿਸ਼ਾਂ ਤੋਂ ਬਚਾਉਣਾ ਹੈ। ਇੱਕ ਸੰਖੇਪ ਅਰਦਾਸ ਸਮਾਗਮ ਤੋਂ ਬਾਅਦ ਇਹ ਮਾਰਚ ਦੱਖਣੀ ਐਚ ਸਟਰੀਟ ਅਤੇ ਹੋਸਕਿੰਗ ਰੋਡ ਤੋਂ ਸ਼ੁਰੂ ਕੀਤਾ ਗਿਆ। ਇਹ ਮਾਰਚ 24 ਦਿਨਾਂ ਤੱਕ ਚੱਲਣ ਦੀ ਉਮੀਦ ਹੈ, ਜਿਸ ਦੌਰਾਨ ਮੈਕਫ਼ਾਰਲੈਂਡ, ਡੇਲਾਨੋ ਅਤੇ ਰਸਤੇ ਵਿੱਚ ਹੋਰ ਸ਼ਹਿਰਾਂ ਵਿੱਚ ਹੁੰਦਾ ਹੋਇਆ ਇਹ ਮਾਰਚ 1 ਨਵੰਬਰ ਨੂੰ ਸੈਕਰਾਮੈਂਟੋ ਪਹੁੰਚੇਗਾ।ਹੁਣ ਇਸ ਮਾਰਚ ਰਾਹੀਂ ਸਿੱਖਾਂ ਨੂੰ ਜਾਗਰੂਕ ਕਰਕੇ ਉਨ੍ਹਾਂ ਦੇ ਅਧਿਕਾਰਾਂ ਦੀ ਰੱਖਿਆ ਕਰਨਾ ਇਸ ਦਾ ਮੁੱਖ ਉਦੇਸ਼ ਹੈ।ਇਹ ਮਾਰਚ 1984 ਦੀ ਸਿੱਖ ਨਸਲਕੁਸ਼ੀ ਦੀ 40ਵੀਂ ਵਰ੍ਹੇਗੰਢ ਨੂੰ ਦਰਸਾਉਂਦਾ ਹੈ, ਜਿਸਦਾ ਉਦੇਸ਼ ਭਾਈਚਾਰਿਆਂ ਨੂੰ ਇਕਜੁੱਟ ਕਰਨਾ ਅਤੇ ਨਿਆਂ ਦੀ ਮੰਗ ਕਰਨਾ ਹੈ। ਸਿੱਖ ਕੁਲੀਸ਼ਨ ਅਨੁਸਾਰ 1984 'ਚ ਪੂਰੇ ਭਾਰਤ ਵਿੱਚ ਹਜ਼ਾਰਾਂ ਪੰਜਾਬੀ ਸਿੱਖ ਭਾਈਚਾਰੇ ਦੇ ਕਤਲ ਕੀਤੇ ਗਏ ਸਨ।

ਜਕਾਰਾ ਮੂਵਮੈਂਟ ਦੇ ਕਾਰਜਕਾਰੀ ਨਿਰਦੇਸ਼ਕ ਨੈਨਦੀਪ ਸਿੰਘ ਨੇ ਕਿਹਾ, 'ਅਸੀਂ ਰਸਤੇ ਵਿੱਚ ਲੋਕਾਂ, ਚੁਣੇ ਹੋਏ ਅਧਿਕਾਰੀਆਂ ਅਤੇ ਮੀਡੀਆ ਨਾਲ ਗੱਲ ਕਰਾਂਗੇ ਅਤੇ ਉਨ੍ਹਾਂ



ਨੂੰ ਨਾ ਸਿਰਫ਼ 40 ਸਾਲ ਪਹਿਲਾਂ ਕੀ ਵਾਪਰਿਆ ਸੀ ?, ਸਗੋਂ ਅੱਜ ਇੱਥੇ ਕੀ ਹੋ ਰਿਹਾ ਹੈ ?, ਬਾਰੇ ਵੀ ਦੱਸਾਂਗੇ।' ਉਨ੍ਹਾਂ ਕਿਹਾ ਕਿ ਉਹ ਸਮਰੱਥ ਅਧਿਕਾਰੀਆਂ ਨਾਲ ਸਿੱਖਾਂ ਦੇ ਮਸਲਿਆਂ ਬਾਰੇ ਵੀ ਗੱਲਬਾਤ ਕਰਨਗੇ।

ਯੂ.ਐਫ.ਡਬਲਯੂ. ਦੇ ਸਹਿ-ਸੰਸਥਾਪਕ ਡੋਲੋਰੇਸ ਹੁਏਰਟਾ ਦੀ ਧੀ ਕੈਮਿਲਾ ਸ਼ਾਵੇਜ਼ ਨੇ ਸਾਊਥ ਐਚ ਸਟਰੀਟ 'ਤੇ ਗੁਰੂ ਨਾਨਕ ਮਿਸ਼ਨ ਸਿੱਖ ਸੈਂਟਰ ਵਿਖੇ ਇਕੱਠੇ ਹੋਏ ਸਮੂਹ ਨੂੰ ਸੰਬੋਧਨ ਕਰਦੇ ਕਿਹਾ ਕਿ ਉਹ 17 ਸਾਲਾਂ ਦੀ ਸੀ ਜਦੋਂ ਉਸਨੇ ਡੇਲਾਨੋ ਤੋਂ ਸੈਕਰਾਮੈਂਟੋ ਤੱਕ ਯੂ.ਐਫ.ਡਬਲਯੂ. ਨਾਲ ਮਾਰਚ ਕੀਤਾ ਸੀ। ਉਨ੍ਹਾਂ ਅੱਗੇ ਕਿਹਾ, 'ਤੁਹਾਡੀ ਲੜਾਈ, ਸਾਡੀ ਤਰ੍ਹਾਂ, ਮਨੁੱਖੀ ਸਨਮਾਨ ਅਤੇ ਸਵੈ-ਨਿਰਣੇ ਦੇ ਪਵਿੱਤਰ ਅਧਿਕਾਰ ਦੀ ਲੜਾਈ ਹੈ। ਇਹ ਤਾਕਤ ਦੀਆਂ ਦਮਨਕਾਰੀ ਤਾਕਤਾਂ ਦੇ ਸਾਹਮਣੇ ਡਟ ਕੇ ਖੜੇ ਹੋਣ ਅਤੇ ਇਹ ਐਲਾਨ ਕਰਨ ਦੀ ਹਿੰਮਤ ਹੈ ਕਿ ਅਸੀਂ ਚੁੱਪ ਨਹੀਂ ਬੈਠਾਂਗੇ।' ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾ ਯੂ.ਐਫ.ਡਬਲਯੂ. ਮੈਂਬਰਾਂ ਨੇ ਖੇਤ ਮਜ਼ਦੂਰਾਂ ਦੇ ਅਨੁਕੂਲ ਵੱਖ-ਵੱਖ ਵਿਧਾਨਿਕ ਬਿੱਲਾਂ ਲਈ ਜਨਤਕ ਸਮਰਥਨ ਇਕੱਠਾ ਕਰਨ ਲਈ ਡੇਲਾਨੋ ਤੋਂ ਸੈਕਰਾਮੈਂਟੋ ਤੱਕ ਤਿੰਨ ਵਾਰ ਮਾਰਚ ਕੀਤਾ ਸੀ।

ਕੈਲੀਫ਼ੋਰਨੀਆ ਅਸੈਂਬਲੀ ਮੈਂਬਰ ਜਸਮੀਤ ਕੌਰ ਬੈਂਸ ਡੇਲਾਨੋ ਕੈਲੀਫ਼ੋਰਨੀਆ ਅਸੈਂਬਲੀ ਲਈ ਚੁਣੀ ਜਾਣ ਵਾਲੀ ਪਹਿਲੀ ਸਿੱਖ ਬੀਬੀ ਹੈ, ਜੋ ਕੇਰਨ ਕਾਉਂਟੀ ਦੇ 35ਵੇਂ ਜ਼ਿਲ੍ਹੇ ਦੀ ਨੁਮਾਇੰਦਗੀ ਕਰਦੀ ਹੈ। ਜਸਮੀਤ ਬੈਂਸ ਨੇ 1984 ਵਿੱਚ ਭਾਰਤ 'ਚ ਹਜ਼ਾਰਾਂ ਸਿੱਖਾਂ ਦੇ ਕਤਲੇਆਮ ਨੂੰ ਨਸਲਕੁਸ਼ੀ ਵਜੋਂ ਘੋਸ਼ਿਤ ਕਰਨ ਲਈ 2023 ਵਿੱਚ ਰਾਜ ਵਿਧਾਨ ਸਭਾ ਵਿੱਚ ਮਤਾ ਪਾਸ ਕਰਵਾਇਆ ਸੀ।ਜਸਮੀਤ ਕੌਰ ਨੇ ਇਸ ਸਾਲ ਦੇ ਸ਼ੁਰੂ ਵਿੱਚ ਇੱਕ ਬਿੱਲ ਪੇਸ਼ ਕੀਤਾ ਸੀ, ਜਿਸਦਾ ਉਦੇਸ਼ 'ਅੰਤਰਰਾਸ਼ਟਰੀ ਦਮਨ' ਦੀ ਪਛਾਣ ਅਤੇ ਇਸ ਨੂੰ ਹੱਲ ਕਰਨ ਤੇ ਕਾਨੂੰਨ ਲਾਗੂ ਕਰਨ ਲਈ ਇੱਕ ਸਿਖਲਾਈ ਪ੍ਰੋਗਰਾਮ ਸਥਾਪਤ ਕਰਨਾ ਸੀ। ਬਿੱਲ ਵਿੱਚ ਰੂਸ, ਚੀਨ, ਈਰਾਨ ਅਤੇ ਭਾਰਤ ਵਰਗੀਆਂ ਸਰਕਾਰਾਂ ਦੁਆਰਾ ਅੰਤਰ-ਰਾਸ਼ਟਰੀ ਦਮਨ ਬਾਰੇ ਚਿੰਤਾਵਾਂ ਨੂੰ ਉਜਾਗਰ ਕੀਤਾ, ਜੋ ਕਥਿਤ ਤੌਰ 'ਤੇ ਵਿਦੇਸ਼ਾਂ ਵਿੱਚ ਰਹਿ ਰਹੇ ਸਨ ਪਰ ਇਹ ਬਿੱਲ ਪਾਸ ਨਹੀਂ ਹੋ ਸਕਿਆ।

ਕੈਲੀਫ਼ੋਰਨੀਆ ਅਸੈਂਬਲੀ ਮੈਂਬਰ ਜਸਮੀਤ ਕੌਰ ਬੈਂਸ ਨੇ ਆਪਣੀ ਦਾਦੀ ਵੱਲੋਂ ਦਿੱਤੀ ਸਿੱਖ ਧਾਰਮਿਕ ਕਿਤਾਬ ਹੱਥ ਵਿੱਚ ਫੜ ਕੇ ਭਾਸ਼ਣ ਦਿੱਤਾ। ਉਸਨੇ ਕਿਹਾ ਕਿ ਇਹ ਮਤਾ ਪਾਸ ਕਰਵਾਉਣ ਤੋਂ ਬਾਅਦ ਉਸ ਦੀ ਜ਼ਿੰਦਗੀ ਬਦਲ ਗਈ ਹੈ, ਉਸ ਨੂੰ 100 ਤੋਂ ਵੱਧ ਧਮਕੀ ਭਰੇ ਟੈਕਸਟ ਸੁਨੇਹੇ ਮਿਲੇ ਹਨ। ਉਸਨੇ ਕਿਹਾ ਕਿ ਐਫ਼.ਬੀ.ਆਈ.

ਮਾਰਚ ਵਿੱਚ ਹਿੱਸਾ ਲੈਣ ਵਾਲੀ ਫ਼ਰੀਮਾਂਟ ਦੀ ਇੱਕ ਸਿੱਖ ਔਰਤ ਰਾਗਿਨੀ ਕੌਰ ਨੇ ਕਿਹਾ, "1984 ਦਾ ਕਤਲੇਆਮ ਕੁਝ ਅਜਿਹਾ ਹੈ ਜੋ ਪਹਿਲਾਂ ਨਹੀਂ ਹੋਇਆ ਸੀ"।

ਬੇਕਰਸਫ਼ੀਲਡ ਨਿਵਾਸੀ ਰਜਿੰਦਰ ਸਿੰਘ 31 ਅਕਤੂਬਰ 1984 ਨੂੰ 17 ਸਾਲ ਦੇ ਸਨ ਅਤੇ ਨਵੀਂ ਦਿੱਲੀ ਵਿੱਚ ਰਹਿ ਰਹੇ ਸਨ। ਉਨ੍ਹਾਂ ਕਿਹਾ, "ਮੈਂ ਉਸ ਦਿਨ ਸਕੂਲ ਵਿੱਚ ਸੀ। ਦੁਪਹਿਰ ਨੂੰ ਸਾਨੂੰ ਪਤਾ ਲੱਗਾ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਗੋਲੀ ਮਾਰ ਦਿੱਤੀ ਗਈ ਸੀ ਅਤੇ ਸਾਨੂੰ ਪਤਾ ਸੀ ਕਿ ਕੁਝ ਹੋਣ ਵਾਲਾ ਹੈ।"

ਇੰਦਰਾ ਗਾਂਧੀ ਨੂੰ ਉਸਦੇ ਦੋ ਸਿੱਖ ਅੰਗ ਰੱਖਿਅਕਾਂ ਦੁਆਰਾ ਕਤਲ ਕਰ ਦਿੱਤਾ ਗਿਆ ਸੀ। ਗਾਂਧੀ ਦੀ ਹੱਤਿਆ ਨੇ ਪੂਰੇ ਭਾਰਤ ਵਿੱਚ ਸਿੱਖਾਂ ਦੇ ਕਤਲੇਆਮ ਦੀ ਇੱਕ ਲਹਿਰ ਸ਼ੁਰੂ ਕਰ ਦਿੱਤੀ, ਭੜਕੀ ਭੀੜ ਨੇ ਸਿੱਖ ਔਰਤਾਂ ਨਾਲ ਸਮੂਹਿਕ ਬਲਾਤਕਾਰ ਕੀਤਾ, ਸਿੱਖ ਮਰਦਾਂ ਨੂੰ ਉਹਨਾਂ ਦੀਆਂ ਕਾਰਾਂ ਅਤੇ ਘਰਾਂ ਵਿੱਚੋਂ ਬਾਹਰ ਕੱਢਿਆ ਤੇ ਉਹਨਾਂ ਨੂੰ ਮਾਰਿਆ ਗਿਆ ਅਤੇ ਸਿੱਖਾਂ ਦੀਆਂ ਦੁਕਾਨਾਂ ਅਤੇ ਘਰਾਂ ਨੂੰ ਸਾੜ ਦਿੱਤਾ।

ਜ਼ਿਕਰਯੋਗ ਹੈ ਕਿ ਰਜਿੰਦਰ ਸਿੰਘ ਚੌਹਾਨ ਭਾਰਤ ਵਿੱਚ ਸਿੱਖਾਂ ਦੇ ਖ਼ਿਲਾਫ਼ 1984 ਦੇ ਨਸਲਕੁਸ਼ੀ ਹਮਲੇ ਵਿੱਚ ਬਚਿਆ ਹੋਇਆ ਹੈ। ਉਹ ਕਹਿੰਦਾ ਹੈ ਕਿ ਮੈਂ ਅਤੇ ਮੇਰਾ ਪਰਿਵਾਰ ਦੋ ਦਿਨਾਂ ਤੱਕ ਸਾਡੇ ਘਰ ਵਿੱਚ ਬੰਦ ਰਹੇ, ਇਸ ਡਰੋਂ ਕਿ ਕੋਈ ਆ ਕੇ ਸਾਨੂੰ ਮਾਰ ਸਕਦਾ ਹੈ। ਚੌਹਾਨ ਨੇ ਕਿਹਾ ਕਿ ਇੱਕ ਹਿੰਦੂ ਦੋਸਤ ਦੀ ਸਹਾਇਤਾ ਨਾਲ ਉਹ ਉਸ ਖੇਤਰ ਵਿੱਚ ਭੱਜਣ ਵਿੱਚ ਕਾਮਯਾਬ ਹੋ ਗਿਆ ਜਿੱਥੇ ਮੁੱਖ ਤੌਰ 'ਤੇ ਸਿੱਖ ਰਹਿੰਦੇ ਸਨ।

ਨੇ ਉਸਦੇ ਸੈਕਰਾਮੈਂਟੋ ਦਫ਼ਤਰ ਵਿੱਚ ਧਮਕੀਆਂ ਬਾਰੇ ਉਸ ਨੂੰ ਸੰਪਰਕ ਕੀਤਾ। ਬੈਂਸ ਨੇ ਕਿਹਾ ਕਿ ਐਫ਼.ਬੀ.ਆਈ. ਕੋਲ ਸਿੱਧੇ ਸਬੂਤ ਹਨ ਕਿ ਅਮਰੀਕੀ ਧਰਤੀ 'ਤੇ ਸਿੱਖ ਕਾਰਕੁਨ ਦੇ ਕਤਲ ਪਿੱਛੇ ਭਾਰਤ ਸਰਕਾਰ ਦਾ ਹੱਥ ਸੀ। ਬੈਂਸ ਦਾ ਦਾਅਵਾ ਹੈ ਕਿ ਐਫ਼.ਬੀ.ਆਈ. ਨੇ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਘੱਟੋ-ਘੱਟ ਤਿੰਨ ਹੋਰ ਹੱਤਿਆ ਦੇ ਯਤਨਾਂ ਨੂੰ ਨਾਕਾਮ ਕਰ ਦਿੱਤਾ ਹੈ। ਬੈਂਸ ਨੇ ਕਿਹਾ ਕਿ ਹਾਲਾਤਾਂ ਨੂੰ ਦੇਖਦੇ ਹੋਏ, ਜੋ ਕੁਝ ਹੋ ਰਿਹਾ ਹੈ ਅਤੇ ਭਾਰਤ ਸਰਕਾਰ ਦੁਆਰਾ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਇਹ ਜ਼ਰੂਰੀ ਹੈ ਕਿ ਨਾ ਸਿਰਫ਼ ਕੈਲੀਫ਼ੋਰਨੀਆ ਬਲਕਿ ਅਮਰੀਕਾ ਵੀ ਇਹ ਮੰਨੇ ਕਿ ਇਸ ਦੇਸ਼ ਦੇ ਲੋਕਾਂ ਨੂੰ ਅੱਤਿਆਚਾਰ ਤੋਂ ਬਚਣ ਦੀ ਜ਼ਰੂਰਤ ਹੈ। ਅਮਰੀਕਾ ਵਿੱਚ ਆਉਣ ਵਾਲੇ ਪ੍ਰਵਾਸੀਆਂ ਨੂੰ ਸੁਰੱਖਿਅਤ ਕੀਤਾ ਜਾਣਾ ਚਾਹੀਦਾ ਹੈ।

# ਅਮਰੀਕੀ ਪੰਜਾਬੀ ਕਵੀਆਂ ਵੱਲੋਂ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ



ਟਰੇਸੀ/ਕੈਲੀਫ਼ੋਰਨੀਆ/ਏ.ਟੀ.ਨਿਊਜ਼ਃ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਗੁਰਦੁਆਰਾ ਸਾਹਿਬ ਟਰੇਸੀ ਵਿਖੇ ਸਜਾਇਆ ਗਿਆ। ਇਸ ਮੌਕੇ ਮੰਚ ਸੰਭਾਲਦਿਆਂ ਪ੍ਰਵਾਨਾ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਅਧਿਆਤਮਕ ਸਿੱਖਿਆ ਸਮੁੱਚੀ ਮਾਨਵਤਾ ਦੇ ਅਧਿਆਤਮਕ ਜਨ ਕਲਿਆਣ ਵਾਸਤੇ ਹੈ। ਭਾਵਨਾ, ਚਿੰਤਨ ਅਤੇ ਦ੍ਰਿਸ਼ਟੀਕੋਣ ਵਿਸ਼ਵ ਵਿਆਪੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸਭ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ 'ਤੇ ਚੱਲਣ ਦਾ ਆਦੇਸ਼ ਦਿੱਤਾ। ਦੇਹਧਾਰੀ ਗੁਰੂ ਅਤੇ ਮੂਰਤੀ ਪੂਜਾ ਤੋਂ ਹਟਾ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ। ਗੁਰੂ ਗ੍ਰੰਥ ਸਾਹਿਬ ਜੀ ਸਿੱਖੀ ਦਾ ਧੁਰਾ ਹੈ। ਸਿੱਖ ਪੰਥ ਲਈ ਸ਼ਰਧਾ ਤੇ ਪ੍ਰੇਰਣਾ ਦਾ ਸ੍ਰੋਤ ਹੈ। ਇਸ ਦੀ ਅਗਵਾਈ ਹੇਠ ਹੀ ਸਿੱਖ ਕੌਮ ਦਾ ਗੌਰਵਮਈ ਵਿਰਸਾ ਤੇ




ਇਤਿਹਾਸ ਹੈ।

ਉਪਰੰਤ ਧਾਰਮਿਕ ਕਵੀ ਦਰਬਾਰ ਦੇ ਦੌਰ ਵਿੱਚ ਕਵੀ ਤ੍ਰਲੋਚਨ ਸਿੰਘ ਦੁਪਾਲਪੁਰੀ, ਤਰਸੇਮ ਸਿੰਘ ਸੁਮਨ, ਅਮਰਜੀਤ ਸਿੰਘ ਇਬਰਾਹਿਮਪੁਰੀ, ਪ੍ਰਮਿੰਦਰ ਸਿੰਘ ਪ੍ਰਵਾਨਾ, ਜਸਵੰਤ ਸਿੰਘ , ਜਸਪਾਲ ਸਿੰਘ ਸ਼ਾਮਲ ਹੋਏ, ਜਿਹਨਾਂ ਨੇ ਗੁਰਮਤਿ ਆਸ਼ੇ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਫਤ ਸਾਲਾਹਿ ਵਿੱਚ ਕਵਿਤਾਵਾਂ ਸੁਣਾਈਆਂ।

ਗੁਰਦੁਆਰਾ ਕਮੇਟੀ ਦੇ ਮੈਂਬਰ ਭਾਈ ਮਹਿੰਦਰ ਸਿੰਘ ਨੇ ਕਵੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਬੜੀ ਸ਼ਰਧਾ ਭਾਵਨਾ ਨਾਲ ਕਵੀਆਂ ਨੇ ਇਤਿਹਾਸ ਅਤੇ ਕਵਿਤਾਵਾਂ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਫ਼ਤਿ ਸਾਲਾਹਿ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਹੈ। ਆਉਂਦੇ ਸਮੇਂ ਖਾਸ ਪ੍ਰੋਗਰਾਮਾਂ ਵਿੱਚ ਕਵੀਆਂ ਨੂੰ ਸੱਦਾ ਦਿੱਤਾ ਜਾਵੇਗਾ। ਯਾਦਗਾਰੀ ਤਸਵੀਰਾਂ ਨਾਲ ਪ੍ਰੋਗਰਾਮ ਸੰਪੰਨ ਹੋਇਆ।

### ਅਮਰੀਕੀ ਰਾਸ਼ਟਰਪਤੀ ਚੋਣਾਂ

# ਟਰੰਪ ਅਤੇ ਹੈਰਿਸ ਵਿਚਾਲੇ ਸਖ਼ਤ ਮੁਕਾਬਲਾ

## ਤਾਜ਼ਾ ਓਪੀਨੀਅਨ ਪੋਲ 'ਚ ਟਰੰਪ ਨੇ ਕਮਲਾ ਹੈਰਿਸ ਨੂੰ ਪਿੱਛੇ ਛੱਡਿਆ

## ਪਿਛਲੇ ਸਰਵੇਖਣਾਂ ਵਿੱਚ ਕਮਲਾ ਹੈਰਿਸ ਨੇ ਬਣਾਈ ਸੀ ਬੜ੍ਹਤ

ਵਿਸ਼ਵ ਦੀ ਮਹਾਂਸ਼ਕਤੀ ਮੰਨੇ ਜਾਂਦੇ ਅਮਰੀਕਾ ਵਿੱਚ ਰਾਸ਼ਟਰਪਤੀ ਦੀ ਨਵੰਬਰ ਮਹੀਨੇ 'ਚ ਹੋਣ ਵਾਲੀ ਚੋਣ ਲਈ ਰਿਪਬਲਿਕਨ ਉਮੀਦਵਾਰ ਡੋਨਾਲਡ ਟਰੰਪ ਅਤੇ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਵਿਚਾਲੇ ਸਖ਼ਤ ਮੁਕਾਬਲਾ ਚੱਲ ਰਿਹਾ ਹੈ। ਰਾਸ਼ਟਰਪਤੀ ਚੋਣ ਸੰਬੰਧੀ ਕੀਤੇ ਗਏ ਵੱਖ- ਵੱਖ ਤਾਜ਼ਾ ਸਰਵੇਖਣਾਂ ਵਿੱਚ ਕਮਲਾ ਹੈਰਿਸ ਨੂੰ ਪਛਾੜਦਿਆਂ ਡੋਨਾਲਡ ਟਰੰਪ ਨੇ ਜਬਰਦਸਤ ਵਾਪਸੀ ਕੀਤੀ ਹੈ। ਇਹਨਾਂ ਸਰਵੇਖਣਾਂ ਅਨੁਸਾਰ ਕਮਲਾ ਹੈਰਿਸ ਦੀ ਥਾਂ ਟਰੰਪ ਇਸ ਸਮੇਂ ਰਾਸ਼ਟਰਪਤੀ ਚੋਣ ਦੀ ਦੌੜ ਵਿੱਚ ਅੱਗੇ ਚੱਲ ਰਹੇ ਹਨ। ਅਸਲ ਵਿੱਚ ਦੋਵੇਂ ਉਮੀਦਵਾਰਾਂ ਵੱਲੋਂ ਆਪੋ ਆਪਣੀ ਜਿੱਤ ਲਈ ਪੂਰੀ ਸ਼ਕਤੀ ਲਗਾ ਦਿੱਤੀ ਗਈ ਹੈ। ਦੋਵੇਂ ਧਿਰਾਂ ਨੇ ਹੀ ਇਸ ਚੋਣ ਨੂੰ ਆਪਣੇ ਵਕਾਰ, ਅਣਖ ਤੇ ਇੱਜ਼ਤ ਦਾ ਸਵਾਲ ਬਣਾ ਲਿਆ ਹੈ। ਅਮਰੀਕਾ ਦੇ ਵੱਡੀ ਗਿਣਤੀ ਨਾਗਰਿਕ ਇਸ ਸਮੇਂ ਟਰੰਪ ਅਤੇ ਕਮਲਾ ਹੈਰਿਸ ਦੇ ਦੋ ਵੱਖ- ਵੱਖ ਖੇਮਿਆਂ ਵਿੱਚ ਵੰਡੇ ਹੋਏ ਨਜ਼ਰ ਆ ਰਹੇ ਹਨ। ਇਸ ਤੋਂ ਇਲਾਵਾ ਦੋਵਾਂ ਹੀ ਉਮੀਦਵਾਰਾਂ ਦੇ ਸਮਰਥਕਾਂ ਦੀ ਗਿਣਤੀ ਵਿੱਚ ਵੀ ਦਿਨੋਂ ਦਿਨ ਵਾਧਾ ਹੁੰਦਾ ਜਾ ਰਿਹਾ ਹੈ। ਅਮਰੀਕਾ ਵਿੱਚ ਵੱਡੀ ਗਿਣਤੀ ਨਾਗਰਿਕ ਅਜਿਹੇ ਵੀ ਹਨ, ਜੋ ਕਿ ਅਜੇ ਖੁੱਲ੍ਹ ਕੇ ਕਿਸੇ ਵੀ ਉਮੀਦਵਾਰ ਦੀ ਹਮਾਇਤ ਵਿੱਚ ਨਹੀਂ ਆਏ, ਉਹਨਾਂ ਦੀਆਂ 'ਸਾਈਲੈਂਟ ਵੋਟਾਂ' ਵੀ ਕਿਸੇ ਵੀ ਉਮੀਦਵਾਰ ਦੀ ਜਿੱਤ ਹਾਰ ਦਾ ਫ਼ੈਸਲਾ ਕਰ ਸਕਦੀਆਂ ਹਨ। ਕਮਲਾ ਹੈਰਿਸ ਅਤੇ ਟਰੰਪ ਨੇ ਆਪਣੀ ਮੁਹਿੰਮ ਤੇਜ਼ ਕਰ ਦਿੱਤੀ ਹੈ। ਪਿਛਲੇ ਦਿਨੀਂ ਹੈਰਿਸ ਨੇ ਉੱਤਰੀ ਕੈਰੋਲੀਨਾ ਵਿੱਚ ਅਤੇ ਟਰੰਪ ਨੇ ਐਰੀਜ਼ੋਨਾ ਵਿੱਚ ਸਮਾਗਮ ਕੀਤੇ। ਜਿੱਥੇ ਹੈਰਿਸ ਆਪਣੀਆਂ ਮੁਹਿੰਮਾਂ ਵਿੱਚ ਟਰੰਪ ਨੂੰ ਲਗਾਤਾਰ ਨਿਸ਼ਾਨਾ ਬਣਾ ਰਹੇ ਹਨ, ਉੱਥੇ ਹੀ ਟਰੰਪ ਕਈ ਵਾਅਦੇ ਵੀ ਕਰ ਰਹੇ ਹਨ। ਟਰੰਪ ਨੇ ਚੋਣ ਪ੍ਰਚਾਰ ਦੌਰਾਨ ਵੋਟਰਾਂ ਨਾਲ ਕਈ ਵੱਡੇ ਵਾਅਦੇ ਕੀਤੇ ਹਨ। ਪੂਰੇ ਵਿਸ਼ਵ ਦੀਆਂ ਨਜ਼ਰਾਂ ਇਸ ਚੋਣ ਵੱਲ ਲੱਗੀਆਂ ਹੋਈਆਂ ਹਨ ਕਿਉਂਕਿ ਅਮਰੀਕੀ ਰਾਸ਼ਟਰਪਤੀ ਦੀ ਚੋਣ ਵਿਸ਼ਵ ਦੀ ਰਾਜਨੀਤੀ ਨੂੰ ਵੀ ਕਾਫ਼ੀ ਹੱਦ ਤੱਕ ਪ੍ਰਭਾਵਿਤ ਕਰਦੀ ਹੈ। ਇਸ ਸਮੇਂ ਰੂਸ ਤੇ ਯੂਕ੍ਰੇਨ ਅਤੇ ਇਜ਼ਰਾਇਲ ਤੇ ਫ਼ਲਸਤੀਨ ਵਿਚਾਲੇ ਜੰਗਾਂ ਚੱਲ ਰਹੀਆਂ ਹਨ, ਜਦੋਂ ਕਿ ਹੁਣ ਇਸ ਜੰਗ ਵਿੱਚ ਈਰਾਨ ਵੀ ਸ਼ਾਮਲ ਹੋ ਗਿਆ ਹੈ, ਜਿਸ ਕਰਕੇ ਇਜ਼ਰਾਇਲ ਦੇ ਦੁਸ਼ਮਣਾਂ ਦੀ ਗਿਣਤੀ ਵੱਧ ਰਹੀ ਹੈ, ਪਰ ਇਜ਼ਰਾਇਲ ਨੂੰ ਆਪਣੀ ਸ਼ਕਤੀਸ਼ਾਲੀ ਫ਼ੌਜ ਅਤੇ ਬੇਹੱਦ ਸ਼ਕਤੀਸ਼ਾਲੀ ਖ਼ੁਫ਼ੀਆ ਏਜੰਸੀ 'ਤੇ ਪੂਰਾ ਭਰੋਸਾ ਹੈ। ਭਾਵੇਂ ਕਿ ਕੁਝ ਮੁਲਕਾਂ ਵੱਲੋਂ ਜੰਗ ਦੀ ਥਾਂ ਅਮਨ ਦਾ ਪੈਗਾਮ ਦਿੱਤਾ ਜਾ ਰਿਹਾ ਹੈ ਅਤੇ ਦੁਨੀਆਂ ਵਿੱਚ ਸ਼ਾਂਤੀ ਦੀ ਸਥਾਪਨਾ ਲਈ ਅੰਤਰਰਾਸ਼ਟਰੀ ਪੱਧਰ 'ਤੇ ਯਤਨ ਕੀਤੇ ਜਾ ਰਹੇ ਹਨ। ਤਾਜ਼ਾ ਰਿਪੋਰਟਾਂ ਅਨੁਸਾਰ ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਡੋਨਾਲਡ ਟਰੰਪ ਆਪਣੀ ਵਿਰੋਧੀ ਕਮਲਾ ਹੈਰਿਸ 'ਤੇ ਬੜ੍ਹਤ ਲੈਂਦੇ ਨਜ਼ਰ ਆ ਰਹੇ ਹਨ। ਇਸ ਹਫ਼ਤੇ ਹੋਏ ਨਵੇਂ ਸਰਵੇਖਣ ਮੁਤਾਬਕ ਕਮਲਾ ਹੈਰਿਸ ਡੋਨਾਲਡ ਟਰੰਪ ਤੋਂ ਪਿੱਛੇ ਹੈ। ਇਹ ਸਰਵੇਖਣ ਅਜਿਹੇ ਸਮੇਂ 'ਚ ਹੋਏ ਹਨ ਜਦੋਂ ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਇੱਕ ਮਹੀਨੇ ਤੋਂ ਵੀ ਘੱਟ ਸਮਾਂ ਬਚਿਆ ਹੈ। (**ਬਾਕੀ ਸਫ਼ਾ 30 'ਤੇ**)




## ਦੋਵੇਂ ਪਾਰਟੀਆਂ ਦੀਆਂ ਨੀਤੀਆਂ ਵਿੱਚ ਹੋਏ ਵੱਡੇ ਉਲਟਫ਼ੇਰ



ਅਮਰੀਕਾ ਦੇ ਵੱਖ- ਵੱਖ ਵਿਦਵਾਨਾਂ ਅਤੇ ਚੋਣ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਅਮਰੀਕਾ ਦੀਆਂ ਦੋਵੇਂ ਹੀ ਸਿਆਸੀ ਪਾਰਟੀਆਂ ਦੀਆਂ ਨੀਤੀਆਂ ਵਿੱਚ ਵੱਡੇ ਉਲਟਫ਼ੇਰ ਹੋਏ ਹਨ। ਇਹਨਾਂ ਮਾਹਿਰਾਂ ਅਨੁਸਾਰ ਰਿਪਬਲਿਕਨ ਪਾਰਟੀ ਅਮਰੀਕਾ ਦੇ ਉੱਤਰੀ ਇਲਾਕੇ ਦੀ ਪਾਰਟੀ ਸੀ ਅਤੇ ਡੈਮੋਕਰੈਟਿਕ ਦੱਖਣੀ ਇਲਾਕੇ ਦੀ ਪਰ ਹੁਣ ਡੈਮੋਕਰੈਟਿਕ ਉੱਤਰੀ ਇਲਾਕੇ ਵਿੱਚ ਅਤੇ ਰਿਪਬਲਿਕਨ ਦੱਖਣੀ ਇਲਾਕੇ ਵਿੱਚ ਰਾਜ ਕਰਦੇ ਹਨ। ਲਿੰਕਨ ਦੀ ਅਗਵਾਈ ਵਿੱਚ ਦਾਸ ਪ੍ਰਥਾ ਖ਼ਤਮ ਕਰਨ ਵਾਲੀ ਪਾਰਟੀ ਦੀ ਅਗਵਾਈ ਹੁਣ 'ਨਸਲਵਾਦੀ' ਟਰੰਪ ਕਰ ਰਹੇ ਹਨ। ਇਸ ਕਰਕੇ ਅਮਰੀਕਾ ਰਾਸ਼ਟਰਪਤੀ ਚੋਣਾਂ ਦੇ ਕੁਝ ਮਾਹਿਰਾਂ ਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਦੋਵਾਂ ਪਾਰਟੀਆਂ ਨੇ ਆਪਸ ਵਿੱਚ ਆਪਣੀਆਂ ਨੀਤੀਆਂ ਹੀ ਬਦਲ ਲਈਆਂ ਹੋਣ। ਇਸ ਕਰਕੇ ਇਹਨਾਂ ਪਾਰਟੀਆਂ ਦੇ ਵੱਡੀ ਗਿਣਤੀ ਸਮਰਥਕਾਂ ਵਿੱਚ ਵੀ ਭੰਬਲਭੂਸਾ ਪਾਇਆ ਜਾ ਰਿਹਾ ਹੈ। ਰਾਸ਼ਟਰਪਤੀ ਜੋਅ ਬਾਇਡੇਨ ਅਤੇ ਕਮਲਾ ਹੈਰਿਸ ਨੂੰ ਪਰਵਾਸੀਆਂ ਸਬੰਧੀ ਉਦਾਰ ਸਮਝਿਆ ਜਾਂਦਾ ਹੈ, ਜਦੋਂ ਕਿ ਟਰੰਪ ਖੁੱਲ੍ਹ ਕੇ ਪਰਵਾਸੀ ਅਤੇ ਸ਼ਰਨਾਰਥੀ ਲੋਕਾਂ ਦਾ ਵਿਰੋਧ ਕਰ ਰਹੇ ਹਨ। ਰਿਪਬਲਿਕਨ ਪਾਰਟੀ ਮੂਲ ਰੂਪ ਵਿੱਚ ਛੋਟੇ ਵੱਡੇ ਵਪਾਰੀਆਂ ਦੀ ਪਾਰਟੀ ਰਹੀ ਹੈ, ਇਸ ਨੇ ਮੁਕਤ ਵਪਾਰ ਅਤੇ ਉਦਾਰ ਇੰਮੀਗ੍ਰੇਸ਼ਨ ਨੀਤੀਆਂ ਦਾ ਸਮਰਥਨ ਕੀਤਾ ਹੈ ਪਰ ਟਰੰਪ ਦੀ ਅਗਵਾਈ ਵਿੱਚ ਇਸ ਪਾਰਟੀ ਨੂੰ ਮੁਕਤ ਵਪਾਰ ਜਾਂ ਇੰਮੀਗ੍ਰੇਸ਼ਨ ਵਿੱਚ ਕੋਈ ਖਾਸ ਫ਼ਾਇਦਾ ਨਹੀਂ ਦਿਖਾਈ ਦਿੰਦਾ। ਉਥੇ ਡੈਮੋਕਰੈਟਿਕ ਪਾਰਟੀ ਮੂਲ ਰੂਪ ਵਿੱਚ ਗਰੀਬ ਸਮਰਥਕ ਪਾਰਟੀ ਸੀ, ਪਰ ਹੁਣ ਕਈ ਲੋਕਾਂ ਦਾ ਮੰਨਣਾ ਹੈ ਕਿ ਹੁਣ ਇਸ ਪਾਰਟੀ 'ਤੇ ਅਰਬਪਤੀਆਂ ਦਾ ਕਬਜ਼ਾ ਹੈ। ਕਮਲਾ ਹੈਰਿਸ ਨੇ ਰਾਸ਼ਟਰਪਤੀ ਅਹੁਦੇ ਦੀ ਦੌੜ ਵਿੱਚ ਆਉਣ ਤੋਂ ਬਾਅਦ ਤਿੰਨ ਮਹੀਨਿਆਂ ਤੋਂ ਵੀ ਘੱਟ ਸਮੇਂ ਵਿੱਚ ਇੱਕ ਅਰਬ ਡਾਲਰ ਇਕੱਠੇ ਕਰ ਲਏ , ਜੋ ਟਰੰਪ ਵੱਲੋਂ ਇਕ ਸਾਲ ਵਿੱਚ ਇਕੱਠੀ ਕੀਤੀ ਗਈ ਰਾਸ਼ੀ ਤੋਂ ਵੀ ਵੱਧ ਹੈ।

# ਕੀ ਅਮਰੀਕਾ ਦੀਆਂ ਚੋਣਾਂ ਵਿੱਚ ਇੱਕਪਾਸੜ ਵੋਟ ਪਾਉਣਗੇ ਮੁਸਲਮਾਨ ?

## ਕਮਲਾ ਹੈਰਿਸ ਦੀਆਂ ਗੁਪਤ ਮੀਟਿੰਗਾਂ ਜਾਰੀ

## ਧਰਮ ਨਿਰਪੱਖ ਯੋਜਨਾਵਾਂ ਘੜਨ ਲੱਗੀ ਕਮਲਾ ਹੈਰਿਸ

ਗਾਜ਼ਾ ਅਤੇ ਲੇਬਨਾਨ ਦੀਆਂ ਜੰਗਾਂ ਦੌਰਾਨ ਇਜ਼ਰਾਇਲ ਲਈ ਆਪਣੇ ਅਟੁੱਟ ਸਮਰਥਨ ਦਾ ਦਾਅਵਾ ਕਰਨ ਦੇ ਬਾਵਜੂਦ, ਡੈਮੋਕਰੇਟਿਕ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਕਮਲਾ ਹੈਰਿਸ ਅਗਲੇ ਮਹੀਨੇ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ ਅਮਰੀਕਾ ਵਿੱਚ ਅਰਬ ਅਤੇ ਮੁਸਲਿਮ ਭਾਈਚਾਰਿਆਂ ਵਿੱਚ ਸਮਰਥਨ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਮੰਨਿਆ ਜਾ ਰਿਹਾ ਹੈ ਕਿ ਮੁਸਲਮਾਨਾਂ ਲਈ ਕਮਲਾ ਹੈਰਿਸ ਹੀ ਇੱਕੋ ਇੱਕ ਬਦਲ ਹੈ, ਕਿਉਂਕਿ ਦੂਜੇ ਪਾਸੇ ਡੋਨਾਲਡ ਟਰੰਪ ਹੈ। ਟਰੰਪ ਦੀ ਨੀਤੀ ਮੁਸਲਮਾਨਾਂ ਵਿਰੁੱਧ ਹੈ।

ਹਾਲ ਹੀ ਦੇ ਹਫ਼ਤਿਆਂ ਵਿੱਚ, ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਅਤੇ ਉਸ ਦੀ ਟੀਮ ਨੇ ਅਰਬ ਅਤੇ ਮੁਸਲਿਮ ਕਮਿਊਨਿਟੀ ਲੀਡਰਾਂ ਨਾਲ ਮੀਟਿੰਗਾਂ ਕੀਤੀਆਂ ਹਨ ਅਤੇ ਡੈਮੋਕਰੇਟਿਕ ਪਾਰਟੀ ਨਾਲ ਜੁੜੇ ਮੁਸਲਿਮ ਵਿਅਕਤੀਆਂ ਅਤੇ ਸਮੂਹਾਂ ਤੋਂ ਸਮਰਥਨ ਪ੍ਰਾਪਤ ਕੀਤਾ ਹੈ। ਹਾਲਾਂਕਿ, ਬਹੁਤ ਸਾਰੇ ਮਾਹਿਰਾਂ ਦੀ ਦਲੀਲ ਹੈ ਕਿ, ਜਦੋਂ ਤੱਕ ਕਮਲਾ ਹੈਰਿਸ ਇਜ਼ਰਾਇਲ ਨੂੰ ਹਥਿਆਰ ਦੇਣ ਦੇ ਆਪਣੇ ਵਾਅਦੇ 'ਤੇ ਕਾਇਮ ਰਹਿੰਦੀ ਹੈ ਅਤੇ ਰਾਸ਼ਟਰਪਤੀ ਜੋਅ ਬਾਇਡੇਨ ਦੇ ਇਜ਼ਰਾਇਲ ਲਈ ਬਿਨਾਂ ਸ਼ਰਤ ਸਮਰਥਨ ਤੋਂ ਆਪਣੇ ਆਪ ਨੂੰ ਦੂਰ ਕਰਨ ਤੋਂ ਇਨਕਾਰ ਨਹੀਂ ਕਰਦੀ, ਉਦੋਂ ਤੱਕ ਉਸ ਨੂੰ ਅਰਬ ਅਤੇ ਮੁਸਲਮਾਨਾਂ ਦਾ ਸਮਰਥਨ ਨਹੀਂ ਮਿਲੇਗਾ। ਪਰ, ਬਹੁਤ ਸਾਰੇ ਮਾਹਿਰਾਂ ਦਾ ਕਹਿਣਾ ਹੈ, ਜੇਕਰ ਦੂਜੇ ਪਾਸੇ ਡੋਨਾਲਡ ਟਰੰਪ ਹੈ, ਤਾਂ ਕੀ ਮੁਸਲਮਾਨ ਵੋਟਰ ਟਰੰਪ ਨੂੰ ਚੁਣਨਗੇ ?

**ਮੁਸਲਮਾਨਾਂ ਨੂੰ ਭਰਮਾਉਣ ਦੀ ਕੋਸ਼ਿਸ਼**

ਅਰਬ ਅਤੇ ਮੁਸਲਿਮ ਵੋਟਰਾਂ ਤੱਕ ਪਹੁੰਚਣ ਲਈ ਕਮਲਾ ਹੈਰਿਸ ਦੀਆਂ ਕੋਸ਼ਿਸ਼ਾਂ 5 ਨਵੰਬਰ ਦੀਆਂ ਚੋਣਾਂ ਤੋਂ ਕੁਝ ਹਫ਼ਤੇ ਪਹਿਲਾਂ, ਗਾਜ਼ਾ ਅਤੇ ਲੇਬਨਾਨ 'ਤੇ ਇਜ਼ਰਾਇਲ ਦੇ ਫ਼ੌਜੀ ਹਮਲੇ ਵਧਣ ਨਾਲ, ਇਹਨਾਂ ਭਾਈਚਾਰਿਆਂ ਵਿੱਚ ਗੁੱਸਾ ਅਤੇ ਚਿੰਤਾ ਵਧ ਗਈ ਹੈ। ਕਈ ਮਹੀਨਿਆਂ ਤੋਂ, ਮੁਸਲਿਮ ਭਾਈਚਾਰੇ ਦੇ ਮੈਂਬਰਾਂ ਨੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਗਾਜ਼ਾ ਪੱਟੀ 'ਤੇ ਇਜ਼ਰਾਇਲੀ ਹਮਲਿਆਂ ਨੂੰ ਖਤਮ ਕਰਨ ਲਈ ਇਜ਼ਰਾਇਲ ਨੂੰ ਅਮਰੀਕੀ ਹਥਿਆਰਾਂ ਦੀ ਸਪਲਾਈ ਰੋਕਣ ਲਈ ਬੁਲਾਇਆ ਸੀ, ਪਰ ਕਮਲਾ ਹੈਰਿਸ ਨੇ ਉਨ੍ਹਾਂ ਸੱਦਿਆਂ ਨੂੰ ਰੱਦ ਕਰ ਦਿੱਤਾ ਹੈ।

ਅਗਸਤ ਵਿੱਚ, ਉਸਦੀ ਚੋਣ ਮੁਹਿੰਮ ਦੇ ਆਗੂਆਂ ਨੇ ਸ਼ਿਕਾਗੋ ਵਿੱਚ ਡੈਮੋਕਰੇਟਿਕ ਨੈਸ਼ਨਲ ਕਨਵੈਨਸ਼ਨ ਵਿੱਚ ਇੱਕ ਫਲਸਤੀਨੀ ਅਮਰੀਕੀ ਸਪੀਕਰ ਨੂੰ ਬੋਲਣ ਦੀ ਇਜਾਜ਼ਤ ਨਹੀਂ ਦਿਤੀ ਸੀ। ਇਸ ਹਫਤੇ, ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਸੱਦੇ 'ਤੇ ਹੈਰਿਸ ਬਾਈਡੇਨ ਨਾਲ ਬੈਠਕ ਵਿੱਚ ਸ਼ਾਮਲ ਹੋਈ ਸੀ। ਕਮਲਾ ਹੈਰਿਸ ਨੇ ਇਜ਼ਰਾਇਲ ਲਈ ਮਜ਼ਬੂਤ ਸਮਰਥਨ ਦਾ ਵਾਅਦਾ ਕੀਤਾ ਸੀ।



ਕਮਲਾ ਹੈਰਿਸ ਨੇ ਬੀਤੇ ਐਤਵਾਰ ਨੂੰ ਮਿਸ਼ੀਗਨ ਦੇ ਡੇਟ੍ਰੋਇਟ ਦੇ ਉੱਤਰ ਦੇ ਫਲਿੰਟ ਵਿੱਚ ਅਰਬ ਅਤੇ ਮੁਸਲਿਮ ਵਕੀਲਾਂ ਨਾਲ ਮੁਲਾਕਾਤ ਕੀਤੀ। ਇਹ ਵੱਡੇ ਅਰਬ ਭਾਈਚਾਰਿਆਂ ਵਾਲਾ ਇੱਕ ਪ੍ਰਮੁੱਖ ਸਵਿੰਗ ਰਾਜ ਹੈ।

**ਅਮਰੀਕੀ ਮੁਸਲਮਾਨ ਗਾਜ਼ਾ ਲਈ ਇੱਕਜੁੱਟ**

ਫਲਿੰਟ ਵਿੱਚ ਕਮਲਾ ਹੈਰਿਸ ਨਾਲ ਮੀਟਿੰਗ ਵਿੱਚ ਸ਼ਾਮਲ ਹੋਣ ਵਾਲਾ ਇੱਕ ਸਮੂਹ ਐਮਗੇਜ ਹੈ, ਜੋ ਇੱਕ ਮੁਸਲਿਮ ਅਮਰੀਕੀ ਰਾਜਨੀਤੀ ਦੀ ਵਕਾਲਤ ਕਰਦਾ ਹੈ। ਐਮਗੇਜ ਨੇ ਕਿਹਾ, 'ਐਮਗੇਜ ਐਕਸ਼ਨ ਨੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਕਿਹਾ ਕਿ ਜੇਕਰ ਉਹ ਜਿੱਤ ਜਾਂਦੀ ਹੈ ਤਾਂ ਕੀ ਉਹ ਜੰਗ ਨੂੰ ਖਤਮ ਕਰਨ ਅਤੇ ਖੇਤਰ ਵਿੱਚ ਅਮਰੀਕੀ ਨੀਤੀ ਨੂੰ ਮੁੜ ਸਥਾਪਿਤ ਕਰਨ ਲਈ ਕੁਝ ਕਰੇਗੀ।'

ਲੇਬਨਾਨ ਵਿੱਚ ਇਜ਼ਰਾਇਲ ਦੀ 2006 ਦੀ ਜੰਗ ਦੌਰਾਨ ਪਰਿਵਾਰਕ ਮੈਂਬਰਾਂ ਨੂੰ ਗੁਆ ਦੇਣ ਵਾਲੇ ਵੇਨ ਕਾਉਂਟੀ ਦੇ ਡਿਪਟੀ ਐਗਜ਼ੀਕਿਊਟਿਵ ਅਸਦ ਟਰਫ ਵੀ ਮੀਟਿੰਗ ਵਿੱਚ ਸ਼ਾਮਲ ਹੋਏ। ਉਸਨੇ ਕਿਹਾ, 'ਮੈਂ ਉਪ ਰਾਸ਼ਟਰਪਤੀ ਹੈਰਿਸ ਨਾਲ ਮੁਲਾਕਾਤ ਕੀਤੀ ਅਤੇ ਇਸ ਡੂੰਘੇ ਨਿੱਜੀ ਨੁਕਸਾਨ ਨੂੰ ਸਾਂਝਾ ਕੀਤਾ। ਮੈਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਜ਼ਰਾਇਲੀ ਹਿੰਸਾ ਨੂੰ ਖਤਮ ਕਰਨ ਵਿੱਚ ਸਾਨੂੰ ਹੁਣ ਹੈਰਿਸ ਦੇ ਸਹਿਯੋਗ ਦੀ ਲੋੜ ਹੈ।'

**ਕੀ ਕਮਲਾ ਹੈਰਿਸ ਦੀ ਹਮਾਇਤ ਕਰਨਗੇ ਮੁਸਲਮਾਨ ?**

ਐਮਗੇਜ ਨੇ ਪਿਛਲੇ ਮਹੀਨੇ ਦੇ ਅਖੀਰ ਵਿੱਚ ਬਹੁਤ ਸਾਰੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਜਦੋਂ ਉਸਨੇ ਐਲਾਨ ਕੀਤਾ ਕਿ ਉਹ ਵਾਈਟ ਹਾਊਸ ਲਈ ਕਮਲਾ ਹੈਰਿਸ ਦੀ ਦਾਅਵੇਦਾਰੀ ਦਾ ਸਮਰਥਨ ਕਰ ਰਿਹਾ ਹੈ। ਇਹ ਐਲਾਨ ਲੇਬਨਾਨ ਵਿੱਚ ਇਜ਼ਰਾਈਲ ਦੀ ਵਿਨਾਸ਼ਕਾਰੀ ਬੰਬਾਰੀ ਮੁਹਿੰਮ ਦੇ ਕੁਝ ਦਿਨ ਬਾਅਦ ਆਇਆ ਹੈ, ਜਿਸ ਨੇ ਪਹਿਲਾਂ ਹੀ ਗਾਜਾ ਦੇ ਵੱਡੇ ਹਿੱਸੇ ਨੂੰ ਤਬਾਹ ਕਰ ਦਿੱਤਾ ਸੀ।

ਸਮੂਹ ਐਮਗੇਜ, ਜੋ ਡੈਮੋਕਰੇਟਿਕ ਪਾਰਟੀ ਦਾ ਸਮਰਥਨ ਕਰਦਾ ਹੈ ਅਤੇ ਉਨ੍ਹਾਂ ਲੋਕਾਂ ਦੀ ਅਗਵਾਈ ਕਰਦਾ ਹੈ ਜਿਨ੍ਹਾਂ ਨੇ ਡੈਮੋਕਰੇਟਿਕ ਪ੍ਰਸ਼ਾਸਨ ਵਿੱਚ ਸੇਵਾ ਕੀਤੀ ਹੈ, ਨੇ ਦਲੀਲ ਦਿੱਤੀ ਹੈ ਕਿ ਸਮਰਥਨ ਰਿਪਬਲਿਕਨ ਉਮੀਦਵਾਰ, ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਜਿੱਤਣ ਤੋਂ ਰੋਕਣ ਲਈ ਤਿਆਰ ਕੀਤਾ ਗਿਆ ਹੈ।

ਪਰ ਜਿਵੇਂ ਕਿ ਗਾਜ਼ਾ ਵਿੱਚ ਜੰਗ ਜਾਰੀ ਹੈ ਅਤੇ ਬਾਇਡੇਨ-ਕਮਲਾ ਹੈਰਿਸ ਪ੍ਰਸ਼ਾਸਨ ਦੁਆਰਾ ਸਮਰਥਤ ਇਜ਼ਰਾਇਲੀ ਬੰਬਾਰੀ ਦੇ ਵਿਚਕਾਰ ਲੋਕ ਦੱਖਣੀ ਲੇਬਨਾਨ ਤੋਂ ਭੱਜ ਰਹੇ ਹਨ, ਕੁਝ ਮੁਸਲਮਾਨਾਂ ਨੂੰ ਉਪ ਰਾਸ਼ਟਰਪਤੀ ਦੀ ਹਮਾਇਤ ਨਾ ਸਿਰਫ ਗੁੰਮਰਾਹਕੁੰਨ ਬਲਕਿ ਅਪਮਾਨਜਨਕ ਲੱਗਦੀ ਹੈ।

ਮਿਸ਼ੀਗਨ ਵਿੱਚ ਇੱਕ ਕਮਿਊਨਿਟੀ ਐਡਵੋਕੇਟ, ਸੁਹੇਲਾ ਆਮੀਨ ਨੇ ਐਮਗੇਜ ਨੂੰ ਇੱਕ ਤਿੱਖਾ ਸੰਦੇਸ਼ ਦਿੰਦੇ ਹੋਏ ਕਿਹਾ, 'ਮੈਂ ਇਸ ਤੱਥ ਤੋਂ ਘਿਰਨਾ ਕਰਦੀ ਹਾਂ ਕਿ ਤੁਹਾਡੇ ਵਿੱਚੋਂ ਕੋਈ ਵੀ ਕੌਮੀ ਅਣਖ ਨਹੀਂ ਰਖਦਾ। ਕੀ ਵਿਸ਼ਵ ਪੱਧਰ 'ਤੇ ਮੁਸਲਮਾਨਾਂ ਦੀ ਸਮੂਹਿਕ ਨਸਲਕੁਸ਼ੀ ਤੁਹਾਡੇ ਲਈ ਕਾਫੀ ਨਹੀਂ ਹੈ। ਮੁਸਲਮਾਨਾਂ ਦੇ ਮਨੁੱਖੀ ਅਧਿਕਾਰਾਂ ਲਈ ਬੋਲੋ।'

ਮਿਸ਼ੀਗਨ ਵਿੱਚ ਵੱਡੀ ਗਿਣਤੀ ਵਿੱਚ ਲੇਬਨਾਨੀ ਅਮਰੀਕਨ ਰਹਿੰਦੇ ਹਨ, ਜਿਨ੍ਹਾਂ ਵਿੱਚੋਂ ਹਜ਼ਾਰਾਂ ਲੋਕ ਦੱਖਣੀ ਲੇਬਨਾਨ ਦੇ ਪਿੰਡਾਂ ਅਤੇ ਕਸਬਿਆਂ ਤੋਂ ਆਉਂਦੇ ਹਨ, ਜੋ ਕਿ ਇਜ਼ਰਾਇਲੀ ਹਮਲੇ ਦੁਆਰਾ ਵੱਡੇ ਪੱਧਰ 'ਤੇ ਉਜੜ ਗਏ (**ਬਾਕੀ ਸਫ਼ਾ 30 'ਤੇ**)

# ਅੰਤਰਰਾਸ਼ਟਰੀ ਪੱਧਰ ਦੀਆਂ ਸਿੱਖ ਜਥੇਬੰਦੀਆਂ ਵੱਲੋਂ ਸਿੱਖ ਫ਼ੈਡਰੇਸ਼ਨ ਦੇ ਗਠਨ ਦਾ ਐਲਾਨ

ਲੰਡਨ (ਯੂ.ਕੇ.)/ਏ.ਟੀ.ਨਿਊਜ਼ : ਸਿੱਖ ਜਥੇਬੰਦੀਆਂ ਵੱਲੋਂ ਸਿੱਖ ਕੌਮ ਦੀ ਸਮੂਹਿਕ ਅਗਵਾਈ ਤੇ ਸਿੱਖ ਸੰਘਰਸ਼ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਵਿਕਸਤ ਕਰਨ ਲਈ ਸਿੱਖ ਫ਼ੈਡਰੇਸ਼ਨ ਦੇ ਗਠਨ ਦਾ ਐਲਾਨ ਕੀਤਾ ਹੈ। ਜਥੇਬੰਦੀ ਵੱਲੋਂ ਇੱਕ ਪ੍ਰੈਸ ਨੋਟ ਜਾਰੀ ਕੀਤਾ ਗਿਆ। ਜਿਸ 'ਚ ਕਿਹਾ ਗਿਆ ਕਿ ਮੌਜੂਦਾ ਵਿਸ਼ਵ ਵਿਵਸਥਾ ਵਿੱਚ ਸਿੱਖ ਪ੍ਰਭੂਸੱਤਾ ਨੂੰ ਬਹਾਲ ਕਰਨ ਦੇ ਉਦੇਸ਼ ਨਾਲ ਅੱਜ ਦੁਨੀਆਂ ਭਰ ਦੀਆਂ ਸਿੱਖ ਜਥੇਬੰਦੀਆਂ ਨੇ ਸਿੱਖ ਫ਼ੈਡਰੇਸ਼ਨ ਇੰਟਰਨੈਸ਼ਨਲ ਦੇ ਗਠਨ ਦਾ ਐਲਾਨ ਕੀਤਾ। ਸਿੱਖ ਫ਼ੈਡਰੇਸ਼ਨ ਇੰਟਰਨੈਸ਼ਨਲ ਇੱਕ ਸੁਤੰਤਰ, ਪ੍ਰਭੂਸੱਤਾ ਸੰਪੰਨ ਖ਼ਾਲਿਸਤਾਨ ਦੀ ਸਥਾਪਨਾ ਦਾ ਸਮਰਥਨ ਕਰਨ ਲਈ ਵਿਸ਼ਵ ਭਰ ਵਿੱਚ ਕੂਟਨੀਤੀ ਅਤੇ ਵਕਾਲਤ ਵਿੱਚ ਸ਼ਾਮਲ ਹੋਵੇਗਾ।




ਫ਼ੈਡਰੇਸ਼ਨ ਦੇ ਉਦੇਸ਼ ਸਪੱਸ਼ਟ ਤੌਰ 'ਤੇ ਅੰਦਰੂਨੀ ਪੰਥਕ ਸਮਰੱਥਾ ਨੂੰ ਵਿਕਸਤ ਕਰਨ ਦੇ ਨਾਲ-ਨਾਲ ਵਿਸ਼ਵ ਵਕਾਲਤ ਦੇ ਪ੍ਰਭਾਵੀ ਤੰਤਰ ਦੀ ਸਥਾਪਨਾ ਲਈ ਇੱਕ ਸੰਪੂਰਨ ਦ੍ਰਿਸ਼ਟੀਕੋਣ ਕਾਇਮ ਕਰਨਾ ਹੈ। ਪੰਥ ਦੀ ਅੰਦਰੂਨੀ ਸਮਰੱਥਾ ਨੂੰ ਮਜ਼ਬੂਤ ਕਰਨ ਲਈ, ਫ਼ੈਡਰੇਸ਼ਨ ਸਿੱਖ ਸੰਗਤ ਨਾਲ ਜੁੜਨ, ਸਿੱਖ ਸੰਘਰਸ਼ ਦੀ ਵਿਰਾਸਤ ਨੂੰ ਮਨਾਉਣ, ਅਤੇ ਹੋਰ ਪੰਥਕ ਸਮੂਹਾਂ ਨਾਲ ਅੰਦਰੂਨੀ ਸੰਵਾਦ ਸ਼ੁਰੂ ਕਰਨ ਲਈ ਵਚਨਬੱਧ ਹੈ ਤਾਂ ਜੋ ਖ਼ਾਲਿਸਤਾਨ ਦੀ ਵਿਸ਼ਵ ਵਕਾਲਤ ਨੂੰ ਸਮੂਹਿਕ ਤੌਰ 'ਤੇ ਮਜ਼ਬੂਤ ਕੀਤਾ ਜਾ ਸਕੇ।

ਅੰਦੋਲਨਾਂ 'ਚ ਸ਼ਾਮਲ ਤੇ ਦੱਬੇ-ਕੁਚਲੇ ਲੋਕਾਂ ਨਾਲ ਏਕਤਾ ਅਤੇ ਸਹਿਯੋਗ ਵਿਕਸਿਤ ਕਰਨ ਦੇ ਨਾਲ-ਨਾਲ, ਸਿੱਖ ਫ਼ੈਡਰੇਸ਼ਨ ਇੰਟਰਨੈਸ਼ਨਲ ਵਿਸ਼ਵ ਪੱਧਰ 'ਤੇ ਨਿਆਂ ਅਤੇ ਜਵਾਬਦੇਹੀ ਦੀ ਵਕਾਲਤ ਕਰਨ ਲਈ ਭਾਰਤ ਦੇ ਚੱਲ ਰਹੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਅੰਤਰ-ਰਾਸ਼ਟਰੀ ਦਮਨ ਅਤੇ ਰਾਜਨੀਤਿਕ ਦਖਲਅੰਦਾਜ਼ੀ ਦੀਆਂ ਕਾਰਵਾਈਆਂ ਨੂੰ ਵੀ ਦਸਤਾਵੇਜ਼ੀ ਰੂਪ ਦੇਵੇਗਾ।

ਸਭ ਤੋਂ ਮਹੱਤਵਪੂਰਨ, ਫ਼ੈਡਰੇਸ਼ਨ ਦੱਖਣੀ ਏਸ਼ੀਆ ਵਿੱਚ ਸਿੱਖ ਪ੍ਰਭੂਸੱਤਾ ਦੇ ਵਿਲੱਖਣ ਦ੍ਰਿਸ਼ਟੀਕੋਣ ਅਤੇ ਮੌਜੂਦਾ ਗਲੋਬਲ ਲੈਂਡਸਕੇਪ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕਰਨ ਲਈ ਖ਼ਾਲਿਸਤਾਨ ਵਿੱਚ ਕਲਪਿਤ ਪ੍ਰਸਤਾਵਿਤ ਸ਼ਾਸਨ ਅਤੇ ਪ੍ਰਸ਼ਾਸਨਿਕ ਢਾਂਚੇ ਦੇ ਆਲੇ-ਦੁਆਲੇ ਸਹਿਮਤੀ ਬਣਾਉਣ ਦਾ ਇਰਾਦਾ ਰੱਖਦੀ ਹੈ। ਇਸ ਮੁੱਢਲੀ ਰੇਖਾ ਨੂੰ ਸਥਾਪਿਤ ਕਰਕੇ, ਫ਼ੈਡਰੇਸ਼ਨ ਇੱਕ ਸੁਤੰਤਰ, ਪ੍ਰਭੂਸੱਤਾ ਸੰਪੰਨ ਖ਼ਾਲਿਸਤਾਨ ਦੀ ਸਥਾਪਨਾ ਲਈ ਅੰਤਰਰਾਸ਼ਟਰੀ ਸਮਰਥਨ ਜੁਟਾਉਣ ਦਾ ਇਰਾਦਾ ਰੱਖਦਾ ਹੈ।

ਸਿੱਖ ਫ਼ੈਡਰੇਸ਼ਨ ਇੰਟਰਨੈਸ਼ਨਲ ਦੀ ਅਗਵਾਈ ਯੂ. ਕੇ., ਯੂਰਪ, ਕੈਨੇਡਾ, ਅਮਰੀਕਾ ਅਤੇ ਆਸਟ੍ਰੇਲੀਆ ਦੀਆਂ ਸਬੰਧਿਤ ਰਾਸ਼ਟਰੀ ਫ਼ੈਡਰੇਸ਼ਨਾਂ ਦੁਆਰਾ ਨਿਯੁਕਤ ਸਿੱਖ ਲੀਡਰਾਂ ਦੀ ਇੱਕ ਅੰਤਰਰਾਸ਼ਟਰੀ ਕੌਂਸਲ ਦੁਆਰਾ ਕੀਤੀ ਜਾਵੇਗੀ। ਅੰਤਰਰਾਸ਼ਟਰੀ ਕੌਂਸਲ ਦੁਨੀਆਂ ਭਰ ਦੀ ਮਾਨਤਾ ਪ੍ਰਾਪਤ ਖ਼ਾਲਿਸਤਾਨੀ ਲੀਡਰਸ਼ਿਪ ਦੀ ਬਣੀ ਹੋਵੇਗੀ। ਇਹ ਉਹ ਸ਼ਖਸੀਅਤਾਂ ਹਨ ਜੋ 1984 ਤੋਂ ਸਿੱਖ ਸੰਘਰਸ਼ ਲਈ ਆਪਣੀ ਸਿੱਧੀ ਸ਼ਮੂਲੀਅਤ, ਅਗਵਾਈ ਅਤੇ ਚੱਲ ਰਹੇ ਸਮਰਥਨ ਕਾਰਨ ਆਪਣੇ ਵਤਨ ਤੋਂ ਜਲਾਵਤਨ ਕਰ ਦਿੱਤੇ ਗਏ ਹਨ। ਕੌਂਸਲ ਦਾ ਕੰਮ ਇੱਕ ਸਕੱਤਰੇਤ ਦੁਆਰਾ ਲਾਗੂ ਕੀਤਾ ਜਾਵੇਗਾ ਅਤੇ ਸਮਰਥਨ ਕੀਤਾ ਜਾਵੇਗਾ ਜੋ ਉਨ੍ਹਾਂ ਦੀਆਂ ਸਥਾਨਕ ਇਕਾਈਆਂ ਦੇ ਤਾਲਮੇਲ ਲਈ ਜ਼ਿੰਮੇਵਾਰ ਹੋਵੇਗਾ।

ਪੰਜਾਬ, ਦੱਖਣੀ ਏਸ਼ੀਆ ਅਤੇ ਵਿਆਪਕ ਆਲਮੀ ਪ੍ਰਣਾਲੀ ਦੇ ਅੰਦਰ ਵੱਧ ਰਹੀ ਸਿਆਸੀ ਗੜਬੜ ਅਤੇ ਅਸਥਿਰਤਾ ਦੇ ਮੱਦੇਨਜ਼ਰ, ਇਹ ਲਾਜ਼ਮੀ ਹੈ ਕਿ ਵਿਸ਼ਵ ਭਰ ਵਿੱਚ ਵਸਦੇ ਸਿੱਖਾਂ ਨੂੰ ਸਮੂਹਿਕ ਅਗਵਾਈ ਢਾਂਚੇ ਨੂੰ ਵਿਕਸਤ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ। ਮੌਜੂਦਾ ਸਮੇਂ 'ਚ ਹੋ ਰਹੀਆਂ ਤਬਦੀਲੀਆਂ ਸਪੱਸ਼ਟ ਕਰਦੀਆਂ ਹਨ ਕਿ ਦੱਖਣੀ ਏਸ਼ੀਆ ਵਿੱਚ ਭੂ-ਰਾਜਨੀਤਿਕ ਮੁਕਾਬਲੇ ਅਤੇ ਸੰਘਰਸ਼ ਦੇ ਖ਼ਤਰੇ ਤੇਜ਼ੀ ਨਾਲ ਵੱਧ ਰਹੇ ਹਨ ਕਿਉਂਕਿ ਇਹ ਖੇਤਰ ਆਰਥਿਕ, ਫ਼ੌਜੀ, ਸਮਾਜਿਕ ਅਤੇ ਰਾਜਨੀਤਿਕ ਪੱਖੋਂ ਵੱਧਦਾ ਜਾ ਰਿਹਾ ਹੈ, ਗੁਰੂ ਖ਼ਾਲਸਾ ਪੰਥ ਨੂੰ ਸਰਗਰਮੀ ਨਾਲ ਹਿੱਸਾ ਲੈਣ ਲਈ ਇੱਕ ਗਲੋਬਲ ਹਿੱਸੇਦਾਰ ਵਜੋਂ ਸੰਗਠਿਤ ਹੋਣਾ ਚਾਹੀਦਾ ਹੈ। ਸਿੱਖ ਫ਼ੈਡਰੇਸ਼ਨ ਇੰਟਰਨੈਸ਼ਨਲ ਦਾ ਰਾਜਨੀਤਿਕ ਉਦੇਸ਼ ਇੱਕ ਸੁਤੰਤਰ, ਪ੍ਰਭੂਸੱਤਾ ਸੰਪੰਨ ਖ਼ਾਲਿਸਤਾਨ ਅਤੇ ਸਿੱਖ ਆਦਰਸ਼ਾਂ 'ਤੇ ਅਧਾਰਤ ਇੱਕ ਅੰਤਰਰਾਸ਼ਟਰੀ ਵਿਵਸਥਾ ਹੈ, ਜੋ ਕਿ ਖ਼ਾਲਸੇ (ਪਾਤਸ਼ਾਹੀ) ਦੀ ਅਨਿੱਖੜਵੀਂ ਪ੍ਰਭੂਸੱਤਾ ਦਾ ਸਤਿਕਾਰ ਕਰਦਾ ਹੈ ਅਤੇ ਸਰਬੱਤ ਦਾ ਭਲੇ ਲਈ ਵਚਨਬੱਧ ਰਹਿੰਦਾ ਹੈ। ਜਰਵਾਣੇ ਦੀ ਭਾਖੀਆ (ਕਮਜ਼ੋਰਾਂ ਦੀ ਸੁਰੱਖਿਆ, ਜ਼ਾਲਮਾਂ ਦਾ ਵਿਨਾਸ਼) ਜਿਵੇਂ ਕਿ ਭਾਰਤ ਦਾ ਅਸਥਿਰ ਵਿਵਹਾਰ ਇਹ ਦਰਸਾਉਂਦਾ ਹੈ ਕਿ ਇਹ ਇੱਕ ਅਵਿਸ਼ਵਾਸਯੋਗ ਗਲੋਬਲ ਐਕਟਰ ਹੈ ਅਤੇ ਖੇਤਰ ਵਿੱਚ ਸਥਿਰਤਾ ਲਈ ਇੱਕ ਗੰਭੀਰ ਖਤਰਾ ਹੈ, ਇੱਕ ਸੁਤੰਤਰ, ਪ੍ਰਭੂਸੱਤਾ ਸੰਪੰਨ ਖ਼ਾਲਿਸਤਾਨ ਦੀ ਸਥਾਪਨਾ ਹੈ। ਪੰਜਾਬ ਅਤੇ ਇਸ ਤੋਂ ਬਾਹਰ ਸ਼ਾਂਤੀ, ਨਿਆਂ ਅਤੇ ਖ਼ੁਸ਼ਹਾਲੀ ਨੂੰ ਯਕੀਨੀ ਬਣਾਉਣ ਲਈ ਇੱਕ ਜ਼ਰੂਰੀ ਪਹਿਲਕਦਮੀ ਹੈ।

# ਜੋ ਵੀ ਪ੍ਰਵਾਸੀ ਕਿਸੇ ਅਮਰੀਕੀ ਦੀ ਹੱਤਿਆ ਕਰੇਗਾ, ਉਸ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ: ਟਰੰਪ

## ਇੱਕ ਵਾਰ ਫ਼ਿਰ ਰਿਪਬਲੀਕਨ ਉਮੀਦਵਾਰ ਨੇ ਪ੍ਰਵਾਸੀਆਂ ਵਿਰੁੱਧ ਕੱਢੀ ਭੜਾਸ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਸਾਬਕਾ ਰਾਸ਼ਟਰਪਤੀ ਤੇ ਰਾਸ਼ਟਰਪਤੀ ਦੇ ਅਹੁਦੇ ਲਈ ਰਿਪਬਲੀਕਨ ਉਮੀਦਵਾਰ ਡੋਨਾਲਡ ਟਰੰਪ ਨੇ ਪ੍ਰਵਾਸੀਆਂ ਵਿਰੋਧੀ ਪ੍ਰਚਾਰ ਨੂੰ ਜਾਰੀ ਰਖਦਿਆਂ ਔਰੋਰਾ, ਕੋਲੋਰਾਡੋ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਦਿਆਂ ਦਾਅਵਾ ਕੀਤਾ ਕਿ ਇਹ ਸ਼ਹਿਰ ਵੈਨੇਜ਼ੂਏਲੀਅਨ ਲੋਕਾਂ ਦੇ ਗਿਰੋਹ ਕਾਰਨ ਵਾਰ ਜ਼ੋਨ ਬਣ ਚੁੱਕਾ ਹੈ। ਉਨ੍ਹਾਂ ਐਲਾਨ ਕੀਤਾ ਕਿ ਜੋ ਵੀ ਪ੍ਰਵਾਸੀ ਕਿਸੇ ਅਮਰੀਕੀ ਜਾਂ ਪੁਲਿਸ ਅਫ਼ਸਰ ਦੀ ਹੱਤਿਆ ਕਰੇਗਾ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ। ਬਹੁਤ ਹੀ ਐਸ਼ੋ ਆਰਾਮ ਵਾਲੇ ਗੇਲਾਰਡ ਰੌਕੀਜ ਰਿਜ਼ਾਰਟ ਐਂਡ ਕਨਵੈਨਸ਼ਨ ਸੈਂਟਰ, ਜਿਥੇ ਇੱਕ ਕਮਰੇ ਦਾ ਕਿਰਾਇਆ ਪ੍ਰਤੀ ਰਾਤ 400 ਡਾਲਰ ਹੈ, ਵਿਖੇ ਬੋਲਦਿਆਂ ਟਰੰਪ ਨੇ ਕਿਹਾ ਕਿ ਔਰੋਰਾ ਵਿਚਲਾ ਵੈਨੇਜ਼ੂਏਲੀਅਨ ਭਾਈਚਾਰਾ ਅਪਰਾਧੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀਆਂ ਇਮੀਗ੍ਰੇਸ਼ਨ ਨੀਤੀਆਂ ਕਾਰਨ ਇਹ ਸਮੱਸਿਆ ਪੈਦਾ ਹੋਈ ਹੈ। ਟਰੰਪ ਨੇ ਦੋਸ਼ ਲਾਇਆ ਕਿ ਹੈਰਿਸ ਨੇ ਤੀਸਰੀ ਦੁਨੀਆਂ ਦੀ ਕਾਲ ਕੋਠੜੀ ਵਿਚੋਂ ਬਿਨਾਂ ਦਸਤਾਵੇਜ਼ ਪ੍ਰਵਾਸੀ ਲਿਆਂਦੇ ਹਨ। ਟਰੰਪ ਨੇ ਜੁੜੀ ਭੀੜ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੈ ਔਰੋਰਾ ਤੇ ਹਰ ਕਸਬੇ ਨੂੰ ਸੁਰੱਖਿਅਤ ਕਰਾਂਗਾ। ਉਨ੍ਹਾਂ ਕਿਹਾ ਕਿ ਅਸੀਂ ਇਨਾਂ ਖਤਰਨਾਕ ਤੇ ਖ਼ੂਨ ਦੇ ਪਿਆਸੇ ਅਪਰਾਧੀਆਂ ਨੂੰ ਜੇਲ੍ਹਾਂ ਵਿੱਚ ਬੰਦ ਕਰਾਂਗੇ ਜਾਂ ਦੇਸ਼ ਵਿਚੋਂ ਹੀ ਕੱਢ ਦੇਵਾਂਗੇ। ਟਰੰਪ ਨੇ ਆਪਣੀ ਨਵੀਂ ਯੋਜਨਾ ਦਾ ਐਲਾਨ ਕਰਦਿਆਂ ਕਿਹਾ ਕਿ ਉਹ ਆਪਰੇਸ਼ਨ ਔਰੋਰਾ ਕਰਨਗੇ ਤੇ ਵਿਦੇਸ਼ੀ ਦੁਸ਼ਮਣ ਐਕਟ 1978 ਦੀ ਵਰਤੋਂ ਕਰਕੇ ਗਿਰੋਹ ਨਾਲ ਸਬੰਧਿਤ ਗ਼ੈਰਦਸਤਾਵੇਜੀ ਪ੍ਰਵਾਸੀਆਂ ਨੂੰ ਬਾਹਰ ਦਾ ਰਸਤਾ ਵਿਖਾਉਣਗੇ। ਉਨ੍ਹਾਂ ਕਿਹਾ ਕਿ ਅਸੀਂ ਯੂ. ਐਸ. ਇਮੀਗ੍ਰੇਸ਼ਨ ਐਂਡ ਕਸਟਮਜ ਇਨਫ਼ੋਰਸਮੈਂਟ, ਸਰਹੱਦੀ ਗਸ਼ਤੀ ਦਲ ਤੇ ਸੰਘੀ ਲਾਅ ਇਨਫ਼ੋਰਸਮੈਂਟ ਅਫ਼ਸਰਾਂ ਨੂੰ ਗੈਰ ਕਾਨੂੰਨੀ ਵਿਦੇਸ਼ੀ ਗਿਰੋਹ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਨੂੰ ਦੇਸ਼ ਵਿਚੋਂ ਬਾਹਰ ਕੱਢਣ ਲਈ ਭੇਜਾਂਗੇ ਤੇ ਇਹ ਮੁਹਿੰਮ ਓਦੋਂ ਤਕ ਜਾਰੀ ਰਹੇਗੀ ਜਦੋਂ ਤਕ ਹਰ ਗ਼ੈਰ ਕਾਨੂੰਨੀ ਵਿਦੇਸ਼ੀ ਬਾਹਰ ਨਹੀਂ ਕੱਢ ਦਿੱਤਾ ਜਾਂਦਾ। ਇਥੇ ਜ਼ਿਕਰਯੋਗ ਹੈ ਕਿ ਟਰੰਪ ਨੇ ਇਸ ਤੋਂ ਪਹਿਲਾਂ ਦੋਸ਼ ਲਾਇਆ ਸੀ ਕਿ ਸਪਰਿੰਗਫ਼ੀਲਡੀ, ਓਹੀਓ ਵਿੱਚ ਹੈਤੀਅਨ ਲੋਕ ਸਥਾਨਕ ਲੋਕਾਂ ਦੇ ਪਾਲਤੂ ਜਾਨਵਰ ਚੋਰੀ ਕਰਕੇ ਖਾਂਦੇ ਹਨ। ਟਰੰਪ ਦੇ ਇਨ੍ਹਾਂ ਦੋਸ਼ਾਂ ਨੂੰ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਰਿਪਬਲੀਕਨ ਉਮੀਦਵਾਰ ਜੇ ਡੀ ਵੈਂਸ ਨੇ ਵੀ ਵਾਰ ਵਾਰ ਦੁਹਰਾਇਆ ਸੀ। ਜਦ ਕਿ ਸਥਾਨਕ ਪੁਲਿਸ ਨੇ ਇਨ੍ਹਾਂ ਦੋਸ਼ਾਂ ਨੂੰ ਮੂਲੋਂ ਹੀ ਰੱਦ ਕਰ ਦਿੱਤਾ ਸੀ। ਔਰੋਰਾ ਵਿੱਚ ਵੀ ਪੁਲਿਸ ਤੇ ਰਿਪਬਲੀਕਨ ਮੇਅਰ ਮਾਈਕ ਕੌਫ਼ਮੈਨ ਨੇ ਟਰੰਪ ਦੇ ਦਾਅਵਿਆਂ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਸ਼ਹਿਰ ਵਿੱਚ ਕਿਸੇ ਗਿਰੋਹ ਜਾਂ ਹੋਰ ਪ੍ਰਵਾਸੀਆਂ ਵੱਲੋਂ ਵੱਡੀ ਪੱਧਰ 'ਤੇ ਅਪਰਾਧਾਂ ਵਿੱਚ ਸ਼ਾਮਿਲ ਹੋਣ ਵਰਗੀ ਕੋਈ ਗੱਲ ਨਹੀਂ ਹੈ।




# ਸਿੱਖਸ ਆਫ਼ ਅਮਰੀਕਾ ਨੇ ਫ਼ਲੋਰੀਡਾ ਦੇ ਤੂਫ਼ਾਨ ਤੇ ਹੜ੍ਹ ਪੀੜਤ ਲੋਕਾਂ ਦੀ ਕੀਤੀ ਮਦਦ



ਵਾਸ਼ਿੰਗਟਨ/ਏ.ਟੀ.ਨਿਊਜ਼: ਸਿੱਖਸ ਆਫ਼ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ ਵਿੱਚ ਸਿੱਖਸ ਆਫ਼ ਅਮਰੀਕਾ ਵੱਲੋਂ ਫ਼ਲੋਰੀਡਾ ਰਾਜ ਦੇ ਲੇਕਲੈਂਡ ਅਤੇ ਟੈਂਪਾ ਨਾਂ ਦੇ ਸ਼ਹਿਰਾਂ 'ਚ ਤੂਫ਼ਾਨ ਹਰੀਕੇਨ ਮਿਲਟਨ ਦੇ ਝੰਬੇ ਤੇ ਹੜ 'ਚ ਫ਼ਸੇ ਲੋਕਾਂ ਦੀ ਮਦਦ ਲਈ ਇੱਕ ਵੱਡਾ ਉਪਰਾਲਾ ਕੀਤਾ ਗਿਆ। ਚੇਅਰਮੈਨ ਜੱਸੀ' ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਸਿੱਖਸ ਆਫ਼ ਅਮਰੀਕਾ ਦੀ ਟੀਮ ਵਲੋਂ ਰਾਹਤ ਸਮੱਗਰੀ ਦਾ ਟਰੱਕ ਲੇਕਲੈਂਡ ਅਤੇ ਟੈਂਪਾ ਸ਼ਹਿਰਾਂ ਵਿੱਚ ਭੇਜਿਆ ਗਿਆ। ਸਿੱਖਸ ਆਫ਼ ਅਮਰੀਕਾ ਦੇ ਡਾਇਰੈਕਟਰ ਤੇ ਕੰਟਰੀ ਕੋਆਰਡੀਨੇਟਰ ਵਰਿੰਦਰ ਸਿੰਘ ਦੀ ਅਗਵਾਈ 'ਚ ਜ਼ਿਆਦਾਤਰ ਲੋਕ ਆਪਣੀਆਂ ਗੱਡੀਆਂ ਵਿੱਚ ਰਾਸ਼ਨ ਵਗੈਰਾ ਲੈ ਕੇ ਜਾਂਦੇ ਰਹੇ ਪਰ ਕੁਝ ਘਰਾਂ ਵਿੱਚ ਪੁਲਿਸ ਨੇ ਛੋਟੀਆਂ ਕਿਸ਼ਤੀਆਂ ਰਾਹੀਂ ਇਹ ਸਮੱਗਰੀ ਪੁੱਜਦੀ ਕੀਤੀ। ਵੱਡੀ ਗਿਣਤੀ 'ਚ ਹੜ੍ਹ ਪ੍ਰਭਾਵਿਤ ਲੋਕਾਂ ਨੇ ਰਾਹਤ ਸਮੱਗਰੀ ਹਾਸਲ ਕੀਤੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਮੂਰਖ ਗਣਤ ਗਣਾਇ ਝਗੜਾ ਪਾਇਆ

# ਬਾਦਲਕੇ ਵਿਰਸਾ ਸਿੰਘ ਵਲਟੋਹਾ ਰਾਹੀਂ ਸਿੰਘ ਸਾਹਿਬਾਨ ਨੂੰ ਬਲੈਕਮੇਲ ਕਰਨ ਲੱਗੇ

## ਸਿੰਘ ਸਾਹਿਬਾਨ ਦੇ ਭਾਜਪਾ ਨਾਲ ਸਬੰਧ ਬਾਰੇ ਸਬੂਤ ਰਿਲੀਜ਼ ਕਰਾਂਗਾ : ਵਲਟੋਹਾ

## ਸਿੰਘ ਸਾਹਿਬਾਨ ਪੰਥਕ ਸੰਕਟ ਲਈ ਬੁਲਾਉਣਗੇ ਪੰਥਕ ਇਕੱਠ





ਪ੍ਰੋਫ਼ੈਸਰ ਬਲਵਿੰਦਰ ਪਾਲ ਸਿੰਘ
9815700916

ਗੁਰਬਾਣੀ ਦਾ ਫ਼ੁਰਮਾਨ ਹੈ ਕਿ ਮੂਰਖ ਵਿਅਕਤੀ ਚੌਧਰ ਦੇ ਹੰਕਾਰ ਵਿੱਚ ਕਿਸੇ ਨੂੰ ਯੋਗ ਨਹੀਂ ਸਮਝਦਾ। ਝਗੜਾ ਪਾਉਣਾ ਉਸਦਾ ਮਨੋਰਥ ਹੈ। ਪਰ ਆਖਰ ਉਸ ਨੂੰ ਪ੍ਰਾਪਤੀ ਨਹੀਂ ਹੁੰਦੀ। ਝੋਲੀ ਵਿੱਚ ਹਾਰ ਪੈਂਦੀ ਹੈ। ਗੁਰੂ ਸਾਹਿਬ ਦਾ ਇਹ ਕਥਨ ਵਿਰਸਾ ਸਿੰਘ ਵਲਟੋਹਾ ਉੱਪਰ ਪੂਰਾ ਢੁਕਦਾ ਹੈ। ਅਸਲ ਵਿੱਚ ਕਿਸੇ ਨੂੰ ਸ਼ੱਕ ਹੋਵੇ ਕਿ ਸਿੰਘ ਸਾਹਿਬਾਨ ਉੱਪਰ ਸੰਘ ਪਰਿਵਾਰ ਤੇ ਭਾਜਪਾ ਨਾਲ ਮਿਲੇ ਹੋਣ ਦਾ ਦੋਸ਼ ਲਗਾਉਣ ਵਾਲਾ ਇਕੱਲਾ ਵਿਰਸਾ ਸਿੰਘ ਵਲਟੋਹਾ ਹੈ ਤਾਂ ਤੁਸੀਂ ਗਲਤ ਸੋਚਦੇ ਹੋ। ਬਾਦਲ ਪਰਿਵਾਰ ਤੇ ਉਸ ਦੀ ਟੀਮ ਵਲਟੋਹਾ ਦੀ ਇਸ ਨੀਤੀ ਪਿੱਛੇ ਹੈ ਕਿ ਸਿੰਘ ਸਾਹਿਬਾਨ ਉੱਪਰ ਘਟੀਆ ਦੋਸ਼ ਲਗਾ ਕੇ ਸਿੰਘ ਸਾਹਿਬਾਨ ਨੂੰ ਬਦਲ ਦਿੱਤਾ ਜਾਵੇ,ਉਨ੍ਹਾਂ ਦੀ ਥਾਂ ਆਪਣੇ ਗੁਲਾਮ ਜਥੇਦਾਰ ਸਥਾਪਤ ਕੀਤੇ ਜਾਣ। ਇਸੇ ਕਾਰਨ ਬਾਦਲ ਦਲ ਵਲੋਂ ਵਲਟੋਹੇ ਦੇ ਬਿਆਨ ਦਾ ਵਿਰੋਧ ਨਹੀਂ ਹੋਇਆ।

ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਦਮਦਮਾ ਸਾਹਿਬ ਬਾਦਲਕਿਆਂ ਦੀਆਂ ਅੱਖਾਂ ਵਿੱਚ ਰੜਕ ਰਹੇ ਹਨ। ਪਹਿਲਾਂ ਬਾਦਲਕਿਆਂ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਅਕਾਲ ਤਖਤ ਦੀ ਜਥੇਦਾਰੀ ਤੋਂ ਬਦਲਕੇ ਦਮਦਮਾ ਸਾਹਿਬ ਤਬਦੀਲ ਕਰ ਦਿੱਤਾ ਸੀ। ਹੁਣ ਸਿੰਘ ਸਾਹਿਬ ਨੂੰ ਲਾਹੁਣ ਦੀਆਂ ਤਿਆਰੀਆਂ ਚਲ ਰਹੀਆਂ ਸਨ।

ਸੁਆਲ ਇਹ ਹੈ ਕਿ ਕੀ ਸਿੰਘ ਸਾਹਿਬਾਨ ਬਾਦਲਕਿਆਂ ਦੇ ਆਦੇਸ਼ ਮੁਤਾਬਕ ਰਹਿਤ ਮਰਿਯਾਦਾ ਘੜ ਸਕਦੇ ਹਨ। ਸੁਖਬੀਰ ਸਿੰਘ ਬਾਦਲ ਦਾ ਕਸੂਰ ਸਿਆਸੀ ਹੈ ,ਕਿਉਂਕਿ ਉਹ ਆਪਣੇ ਰਾਜ ਦੌਰਾਨ ਬੇਅਦਬੀ ਦੇ ਦੋਸ਼ੀ ਹਨ ਤੇ ਆਪਣੀ ਸੱਤਾ ਦੌਰਾਨ ਸੰਗਤਾਂ ਉੱਪਰ ਸਿਰਫ਼ ਗੋਲੀ ਚਲਵਾਉਣ ਦੇ ਦੋਸ਼ੀ ਹੀ ਨਹੀਂ, ਸਗੋਂ ਪੰਥਕ ਜਮਾਤ ਅਕਾਲੀ ਦਲ ਨੂੰ ਖਤਮ ਕਰਨ ਦੇ ਵੀ ਦੋਸ਼ੀ ਹਨ।

ਜਦੋਂ ਸਿੰਘ ਸਾਹਿਬਾਨ ਨੇ ਵਲਟੋਹੇ ਨੂੰ ਤਲਬ ਕੀਤਾ ਤਾਂ ਉਹ ਸਿੰਘ ਸਾਹਿਬਾਨ ਉੱਪਰ ਦੋਸ਼ ਸਿੱਧ ਨਾ ਕਰ ਸਕਿਆ। ਸਿੰਘ ਸਾਹਿਬਾਨ ਨੇ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੂੰ ਹੁਕਮ ਦਿੱਤਾ ਕਿ ਵਿਰਸਾ ਸਿੰਘ ਵਲਟੋਹਾ ਨੂੰ ਅਕਾਲੀ ਦਲ ਵਿਚੋਂ 10 ਸਾਲ ਲਈ ਬਾਹਰ ਕੱਢਿਆ ਜਾਵੇ। ਇਹ ਵੀ ਕਿਹਾ ਕਿ ਜੇ ਫਿਰ ਵੀ ਇਹ ਆਗੂ ਬਾਜ਼ ਨਾ ਆਇਆ ਤਾਂ ਇਸ ਖ਼ਿਲਾਫ਼ ਹੋਰ ਸਖ਼ਤ ਕਾਰਵਾਈ ਕੀਤੀ ਜਾਵੇਗੀ। ਸਿੰਘ ਸਾਹਿਬਾਨ ਨੇ ਸੁਖਬੀਰ ਸਿੰਘ ਬਾਦਲ ਤੇ ਅਕਾਲੀ ਦਲ ਮਾਮਲੇ ਬਾਰੇ ਵੀ ਇੰਕਸ਼ਾਫ਼ ਕੀਤਾ ਕਿ ਇਸ ਮਾਮਲੇ ਸੰਬੰਧੀ ਜਲਦੀ ਹੀ ਪੰਥਕ ਵਿਦਵਾਨਾਂ ਤੇ ਸਿੱਖ ਜਥੇਬੰਦੀਆਂ ਤੇ ਸੰਪਰਦਾਵਾਂ ਦੀਆਂ ਇਕੱਤਰਤਾਵਾਂ ਬੁਲਾ ਕੇ ਰਾਇ ਲਈ ਜਾਵੇਗੀ ।

ਇਸ ਤੋਂ ਪਹਿਲਾਂ ਜਥੇਦਾਰ ਸ੍ਰੀ ਅਕਾਲ ਤਖ਼ਤ ਦੇ ਆਦੇਸ਼ ’ਤੇ ਸ. ਵਲਟੋਹਾ ਬੀਤੇ ਦਿਨੀਂ ਸਵੇਰੇ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋ ਕੇ ਆਪਣਾ ਲਿਖਤੀ ਤੇ ਜ਼ੁਬਾਨੀ ਸਪੱਸ਼ਟੀਕਰਨ ਦੇ ਕੇ ਚਲੇ ਗਏ ਸਨ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਵਲਟੋਹਾ ’ਤੇ ਸਾਬਤ ਹੋਏ ਦੋਸ਼ਾਂ ਵਿੱਚ ਸੁਖਬੀਰ ਸਿੰਘ ਬਾਦਲ ਦੇ ਮਾਮਲਿਆਂ ’ਤੇ ਸਖ਼ਤ ਫ਼ੈਸਲਾ ਕਰਨ ਲਈ ਭਾਜਪਾ/ ਆਰ. ਐੱਸ. ਐੱਸ. ਵਲੋਂ ਜਥੇਦਾਰ ਸਾਹਿਬਾਨ ’ਤੇ ਦਬਾਅ ਦੇ ਦੋਸ਼ਾਂ ਬਾਰੇ ਉਸ ਵੱਲੋਂ ਕੋਈ ਠੋਸ ਸਬੂਤ ਪੇਸ਼ ਨਾ ਕਰ ਸਕਣਾ, ਮੇਰੇ ਘਰ ਆ ਕੇ ਸੁਖਬੀਰ ਸਿੰਘ ਬਾਦਲ ਦੇ ਚਲਦੇ ਮਸਲੇ ’ਤੇ ਰਾਜਨੀਤਕ ਫ਼ੈਸਲਾ ਨਾ ਕਰਨ ਲਈ ਧਮਕੀ ਦੇਣਾ ਤੇ ਮੇਰੇ ਨਾਲ ਹੋਈ ਗੱਲਬਾਤ ਦੀ ਬਿਨਾਂ ਦੱਸੇ ਰਿਕਾਰਡਿੰਗ ਕਰਕੇ ਵਿਸ਼ਵਾਸਘਾਤ ਕਰਨਾ, ਸੁਣੀਆਂ-ਸੁਣਾਈਆਂ ਗੱਲਾਂ ਦੇ ਆਧਾਰ ’ਤੇ ਮੀਡੀਆ ਵਿੱਚ ਜਥੇਦਾਰ ਸਾਹਿਬਾਨ ਦੀ ਕਿਰਦਾਰਕੁਸ਼ੀ ਕਰਨਾ, ਜਥੇਦਾਰ ਸਾਹਿਬਾਨ ਦੀਆਂ ਵਿਦੇਸ਼ ਵਿੱਚ ਜਾਇਦਾਦਾਂ ਸੰਬੰਧੀ ਦਿੱਤੇ ਝੂਠੇ ਬਿਆਨ ਸੰਬੰਧੀ ਕੋਈ ਪੁਖਤਾ ਸਬੂਤ ਪੇਸ਼ ਕਰਨ ਦੀ ਬਜਾਏ ਝੂਠੀਆਂ ਤੇ ਬੇਬੁਨਿਆਦ ਗੱਲਾਂ ਕਰਕੇ ਸਿੰਘ ਸਾਹਿਬਾਨ ਦੀ ਕਿਰਦਾਰਕੁਸ਼ੀ ਕਰਨਾ, ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ’ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਭਾਜਪਾ/ ਆਰ. ਐੱਸ. ਐੱਸ. ਵਲੋਂ ਦਬਾਅ ਪਾ ਕੇ ਸੁਖਬੀਰ ਨੂੰ ਅਹੁਦੇ ਤੋਂ ਹਟਾਉਣ ਸੰਬੰਧੀ ਵਾਰਤਾਲਾਪ ਦੇ ਝੂਠੇ ਦਾਅਵੇ ਕਰਨਾ ਅਤੇ ਬਤੌਰ ਬੁਲਾਰਾ ਅਕਾਲੀ ਦਲ, ਮੀਡੀਆ ਵਿੱਚ ਬਦਜ਼ਬਾਨੀ ਕਰਕੇ ਪੰਥਕ ਜਮਾਤ ਸ਼੍ਰੋਮਣੀ ਅਕਾਲੀ ਦਲ ਦਾ ਭਾਰੀ ਨੁਕਸਾਨ ਕਰਨ ਦੇ ਦੋਸ਼ ਸਾਬਤ ਹੁੰਦੇ ਹਨ ।ਜਥੇਦਾਰ ਨੇ ਕਿਹਾ ਕਿ 10 ਕੁ ਦਿਨ ਪਹਿਲਾਂ ਵਲਟੋਹਾ ਨੇ ਮੇਰੀ ਖ਼ਬਰ ਲੈਣ ਦੇ ਬਹਾਨੇ ਗੱਲਾਂ ਬਾਤਾਂ ਦੌਰਾਨ ਧਮਕੀ ਦਿੱਤੀ ਕਿ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਕੋਈ ਰਾਜਨੀਤਿਕ ਸਖ਼ਤ ਫ਼ੈਸਲਾ ਨਾ ਲਿਆ ਜਾਵੇ। ਨਹੀਂ ਤਾਂ ਖੰਡਾ ਖੜਕਾਵਾਂਗਾ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਵਲਟੋਹਾ ਨੇ ਬਿਨਾਂ ਦੱਸੇ ਮੇਰੀ ਰਿਕਾਰਡਿੰਗ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਵਿਰਸਾ ਸਿੰਘ ਵਲਟੋਹਾ ਨਾਲ ਸਵਾਲ ਜਵਾਬ ਦੀ ਵੀਡੀਓ ਗਰਾਫ਼ੀ ਕੀਤੀ ਗਈ। ਸਿੰਘ ਸਾਹਿਬਾਨ ਨੇ ਕਿਹਾ ਕਿ ਭਾਵੇਂ ਵਿਰਸਾ ਸਿੰਘ ਵਲਟੋਹਾ ਨੇ ਲਿਖਤੀ ਆਪਣੀਆਂ ਗਲਤੀਆਂ ਦੀ ਮੁਆਫ਼ੀ ਮੰਗੀ ਹੈ, ਪਰ ਇਸ ਦੀ ਮੀਡੀਆ ਵਿੱਚ ਕੀਤੀ ਬਿਆਨਬਾਜ਼ੀ ਨਾਲ ਤਖ਼ਤ ਸਾਹਿਬਾਨ ਦੀ ਮਾਣ-ਮਰਿਆਦਾ ਨੂੰ ਢਾਹ ਲੱਗੀ ਹੈ ।

ਹੁਣ ਸਿੰਘ ਸਾਹਿਬਾਨ ਨੇ ਸਾਫ਼ ਲਫ਼ਜ਼ਾਂ ਵਿੱਚ ਕਿਹਾ ਕਿ ਜੇਕਰ ਉਨ੍ਹਾਂ ਉੱਪਰ ਦਬਾਅ ਪਾਇਆ ਗਿਆ ਉਹ ਅਸਤੀਫ਼ਾ ਦੇ ਦੇਣਗੇ। ਇਸ ਦਾ ਸਾਫ਼ ਅਰਥ ਹੈ ਕਿ ਸੁਖਬੀਰ ਬਾਦਲ ਆਪਣੇ ਪਿਤਾ ਪ੍ਰਕਾਸ਼ ਸਿੰਘ ਬਾਦਲ ਵਾਂਗ ਅਕਾਲ ਤਖਤ ਦੇ ਜਥੇਦਾਰਾਂ ਨੂੰ ਗੁਲਾਮ ਬਣਾਉਣਾ ਚਾਹੁੰਦੇ ਹਨ ਤੇ ਆਪਣੀ ਮਨ ਮਰਜ਼ੀ ਨਾਲ ਫ਼ੈਸਲੇ ਅਕਾਲ ਤਖਤ ਸਾਹਿਬ ਤੋਂ ਕਰਾਉਣਾ ਚਾਹੁੰਦੇ ਹਨ।

ਪਰ ਇਹ ਵਕਤ ਬਾਦਲਕਿਆਂ ਦਾ ਨਹੀਂ ਰਿਹਾ। ਸਮੁੱਚਾ ਸਿੱਖ ਪੰਥ ਉਨ੍ਹਾਂ ਦੇ ਖ਼ਿਲਾਫ਼ ਹੈ।

ਇਸ ਇਕੱਤਰਤਾ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜ ਪਿਆਰੇ ਭਾਈ ਸੁਖਦੇਵ ਸਿੰਘ ਵੀ ਸ਼ਾਮਿਲ ਸਨ।

## ਵਿਰਸਾ ਸਿੰਘ ਵਲਟੋਹਾ ਨੇ ਜਥੇਦਾਰਾਂ ਖ਼ਿਲਾਫ਼ ਮੁੜ ਤੋਂ ਕੱਢੀ ਭੜਾਸ



ਸ੍ਰੀ ਅਕਾਲ ਤਖਤ ਵੱਲੋਂ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਵਿਰਸਾ ਸਿੰਘ ਵਲਟੋਹਾ ਨੇ ਆਪ ਹੀ ਅਕਾਲੀ ਦਲ ਤੋਂ ਅਸਤੀਫ਼ਾ ਦੇ ਦਿੱਤਾ ਹੈ ਪਰ ਇਸ ਦੌਰਾਨ ਉਨ੍ਹਾਂ ਨੇ ਇੱਕ ਵਾਰ ਮੁੜ ਤੋਂ ਤਲਖ਼ ਤੇਵਰ ਵਿਖਾਉਂਦੇ ਹੋਏ ਨਾ ਸਿਰਫ਼ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਖੁੱਲ੍ਹ ਕੇ ਬਿਆਨਬਾਜ਼ੀ ਕੀਤੀ ਬਲਕਿ ਆਪਣੀ ਪੇਸ਼ੀ ਦੌਰਾਨ ਹੋਈ ਸੁਣਵਾਈ ਦੀ ਪੂਰੀ ਵੀਡੀਓਗਰਾਫ਼ੀ ਵੀ ਜਨਤਕ ਕਰਨ ਦੀ ਚੁਣੌਤੀ ਦਿੱਤੀ ਹੈ। ਵਿਰਸਾ ਸਿੰਘ ਵਲਟੋਹਾ ਨੇ ਆਪਣੇ ਸੋਸ਼ਲ ਮੀਡੀਆ ’ਤੇ ਵੀਡੀਓ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਸ਼੍ਰੀ ਅਕਾਲ ਤਖ਼ਤ ਸਾਹਿਬ ’ਤੇ ਸਿੰਘ ਸਾਹਿਬਾਨ ਸਾਹਮਣੇ ਹੋਈ ਮੇਰੀ ਪੇਸ਼ੀ ਤੋਂ ਬਾਅਦ ਉਸ ਦੇ ਬਾਰੇ ਜੋ ਆਦੇਸ਼ ਜਾਰੀ ਕੀਤਾ ਗਿਆ ਹੈ ਉਸ ਨੂੰ ਸਿਰ ਝੁਕਾਕੇ ਪ੍ਰਵਾਨ ਕਰਦਾ ਹਾਂ। ਇਸ ਆਦੇਸ਼ ਨੂੰ ਲਾਗੂ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਕਿਸੇ ਵੀ ਸੰਕਟ ਵਿਚ ਪਾਏ ਬਿਨਾਂ ਮੈਂ ਖੁਦ ਹੀ ਅਕਾਲੀ ਦਲ ਦੀ ਮੁੱਢਲੀ ਮੈਂਬਰਸ਼ਿਪ ਨੂੰ ਛੱਡਦਾ ਹਾਂ। ਮੈਨੂੰ ਪਤਾ ਹੈ ਕਿ ਅਕਾਲੀ ਦਲ ਦੀ ਲੀਡਰਸ਼ਿਪ ਮੈਨੂੰ ਬਹੁਤ ਪਿਆਰ ਕਰਦੀ ਹੈ ਤੇ ਉਹ ਮੈਨੂੰ ਹਮੇਸ਼ਾਂ ਹੀ ਪੰਥਕ ਸੋਚ ਵਾਲੇ ਟਕਸਾਲੀ ਅਕਾਲੀ ਦਾ ਦਰਜਾ ਦੇਂਦੀ ਹੈ।

## ਕੀ ਰਾਹ ਹੈ ਸੁਖਬੀਰ ਸਿੰਘ ਬਾਦਲ ਕੋਲ ?



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੋਲ ਇਕੋ ਰਾਹ ਹੈ ਕਿ ਅਕਾਲ ਤਖਤ ਸਾਹਿਬ ਰਾਹੀਂ ਖ਼ਾਲਸਾ ਪੰਥ ਅੱਗੇ ਆਤਮ ਸਮਰਪਣ ਕਰੇ ਕਿ ਜਥੇਦਾਰ ਅਕਾਲੀ ਦਲ ਦੀ ਪੁਨਰ ਸਿਰਜਣਾ ਕਰਨ। ਮੈਂ ਇੱਕ ਵਰਕਰ ਵਾਂਗ ਸਿੱਖ ਪੰਥ ਤੇ ਅਕਾਲੀ ਦਲ ਦਾ ਹਿੱਸਾ ਬਣਾਂਗਾ। ਜੇਕਰ ਅਜਿਹਾ ਨਹੀਂ ਕਰਦੇ ਤਾਂ ਤਨਖ਼ਾਹੀਆ ਸ਼ਬਦ ਉਨ੍ਹਾਂ ਨਾਲ ਚੰਬੜਿਆ ਰਹੇਗਾ ਤੇ ਸਿੱਖ ਕਦੇ ਉਸ ਨੂੰ ਸਵੀਕਾਰ ਨਹੀਂ ਕਰਨਗੇ।

ਸਿੱਖ ਚਿੰਤਕ ਭਾਈ ਹਰਸਿਮਰਨ ਸਿੰਘ ਨੇ ਕਿਹਾ ਕਿ ਸੁਖਬੀਰ ਬਾਦਲ ਸਿੱਖ ਪੰਥ ਦੀ ਸਿਆਸਤ ਵਿੱਚ ਸੁਪਰ ਤਾਕਤ ਵਜੋਂ ਹੁਣ ਨਹੀਂ ਚਮਕ ਸਕੇਗਾ। ਇਹ ਵਿਚਾਰ ਉਸ ਨੂੰ ਆਪਣੇ ਮਨ ਵਿੱਚ ਵਸਾ ਲੈਣਾ ਚਾਹੀਦਾ ਕਿ ਬਾਦਲਕਿਆਂ ਦਾ ਯੁਗ ਬੀਤ ਗਿਆ। ਸਿੰਘ ਸਾਹਿਬਾਨ ਨੂੰ ਇਸ ਮਸਲੇ ਦਾ ਹਲ਼ ਕਰਨ ਲਈ ਪੰਥਕ ਨੁਮਾਇੰਦਾ ਇਕੱਠ ਬੁਲਾਉਣਾ ਚਾਹੀਦਾ ਹੈ ਤੇ ਅਕਾਲੀ ਦਲ ਦੀ ਪੁਨਰ ਸਥਾਪਨਾ ਲਈ ਇਤਿਹਾਸਕ ਰੋਲ ਅਦਾ ਕਰਨਾ ਚਾਹੀਦਾ ਹੈ।

## ਪੰਥਕ ਸੰਕਟ, ਅਕਾਲ ਤਖਤ ਸਾਹਿਬ ਨੂੰ ਚੁਣੌਤੀ ਦੇਣ ਦਾ ਜ਼ਿੰਮੇਵਾਰ ਬਾਦਲ ਦਲ ਤੇ ਬਾਦਲ ਪਰਿਵਾਰ

1 ਜੁਲਾਈ ਨੂੰ ਅਕਾਲ ਤਖਤ ਸਾਹਿਬ ’ਤੇ ਪਹੁੰਚਿਆ ਸ਼੍ਰੋਮਣੀ ਅਕਾਲੀ ਦਲ ਦਾ ਸੰਕਟ ਸਪੱਸ਼ਟ ਤੌਰ ’ਤੇ ਸਿੱਖ ਪੰਥ ਲਈ ਤਿਲਕਣ ਵਾਲਾ ਮੈਦਾਨ ਬਣਿਆ ਹੋਇਆ ਹੈ ਅਤੇ ਇਸ ਨੇ ਸਿੰਘ ਸਾਹਿਬਾਨਾਂ ਦੀ ਭਰੋਸੇਯੋਗਤਾ ਨੂੰ ਕਈ ਚੁਣੌਤੀਆਂ ਖੜ੍ਹੀਆਂ ਕਰ ਦਿੱਤੀਆਂ ਹਨ, ਜਿਸ ਦਾ ਪ੍ਰਗਟਾਵਾ ਅਕਾਲੀ ਦਲ ਦੇ ਸੀਨੀਅਰ ਆਗੂ ਵਿਰਸਾ ਸਿੰਘ ਵਲਟੋਹਾ ਨੇ ਕੀਤਾ ਸੀ। ਵਲਟੋਹਾ ਨੇ ਉਨ੍ਹਾਂ ’ਤੇ ਆਰ.ਐਸ.ਐਸ.-ਭਾਜਪਾ ਦੇ ਦਬਾਅ ਦਾ ਦੋਸ਼ ਲਗਾਇਆ ਸੀ ।

ਇਸ ਤਾਜ਼ਾ ਚੁਣੌਤੀ ਨੇ ਸਿੰਘ ਸਾਹਿਬਾਨਾਂ ਨੂੰ ਦਰਪੇਸ਼ ਸਥਿਤੀ ਦੀ ਗੁੰਝਲਦਾਰਤਾ ਨੂੰ ਹੋਰ ਵੀ ਵਧਾ ਦਿੱਤਾ ਹੈ, ਕਿਉਂਕਿ ਉਨ੍ਹਾਂ ਨੇ ਸਿੱਖ ਪੰਥ ਦੀਆਂ ਚਿੰਤਾਵਾਂ ਨੂੰ ਵੀ ਹੱਲ ਕਰਨਾ ਹੈ ਅਤੇ ਅਕਾਲੀ ਦਲ ਨੂੰ ਵੀ ਬਚਾਉਣਾ ਹੈ।

ਮੌਜੂਦਾ ਉਥਲ-ਪੁਥਲ ਵਿੱਚ, ਜਥੇਦਾਰਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ‘ਤਨਖ਼ਾਹੀਆ’ ਕਰਾਰ ਦਿੱਤੇ ਜਾਣ ਤੋਂ ਬਾਅਦ ‘ਤਨਖਾਹ’ (ਧਾਰਮਿਕ ਸਜ਼ਾ) ਬਾਰੇ ਫ਼ੈਸਲਾ ਸੁਣਾਉਣ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ - ਇਸ ਮਾਮਲੇ ਵਿੱਚ, ਉਹ ਘੋਰ ਪੰਥਕ ਸਿਆਸੀ ਦੁਰਵਿਹਾਰ ਜਥੇਦਾਰਾਂ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਸੁਖਬੀਰ ਦੇ ਖ਼ਿਲਾਫ਼ ਉਨ੍ਹਾਂ ਦਾ ਫ਼ੈਸਲਾ ਸਿੱਖ ਪੰਥ ਨੂੰ ਪ੍ਰਵਾਨ ਹੋਵੇ। ਇਸ ਨਵੇਂ ਵਿਵਾਦ ਨੇ ਉਨ੍ਹਾਂ ਦੀ ਚੁਣੌਤੀ ਨੂੰ ਗੁੰਝਲਦਾਰ ਬਣਾ ਦਿੱਤਾ ਹੈ,ਜਿਥੇ ਹੁਣ ਸਿੰਘ ਸਾਹਿਬਾਨ ਦੀ ਪਰਖ ਹੋਣੀ ਹੈ। ਇਹ ਮੌਜੂਦਾ ਸਥਿਤੀਆਂ ਦੀ ਗੁੰਝਲਤਾ ਹੀ ਨਹੀਂ ਹੈ ਜੋ ਉਨ੍ਹਾਂ ਦੇ ਕੰਮ ਨੂੰ ਔਖਾ ਬਣਾ ਰਹੀ ਹੈ, ਸਗੋਂ ਉਨ੍ਹਾਂ ਨੂੰ ਅਕਾਲ ਤਖ਼ਤ ਦੇ ਅਧਿਕਾਰ ਅਤੇ ਭਰੋਸੇਯੋਗਤਾ ਨੂੰ ਬਹਾਲ ਕਰਨ ਦੀ ਚੁਣੌਤੀ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਕਿ ਗਿਆਨੀ ਗੁਰਬਚਨ ਸਿੰਘ ਦੇ ਕਾਰਜਕਾਲ ਦੌਰਾਨ ਵਿਵਾਦਪੂਰਨ ਫ਼ੈਸਲਿਆਂ ਕਾਰਨ ਤਬਾਹ ਹੋ ਗਿਆ ਹੈ। ਤਖ਼ਤ ਦੇ ਜਥੇਦਾਰ ਗੁਰਬਚਨ ਸਿੰਘ, ਜਿਨ੍ਹਾਂ ਨੇ ਸਤੰਬਰ 2015 ਵਿੱਚ ਸਿਰਸਾ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਇੱਕਤਰਫ਼ਾ ਮੁਆਫ਼ੀ ਦਾ ਐਲਾਨ ਕਰਨ ਵਿੱਚ ਸਿੰਘ ਸਾਹਿਬਾਨਾਂ ਦੀ ਅਗਵਾਈ ਕੀਤੀ ਸੀ।

ਇਸ ਦੇ ਨਾਲ ਹੀ ਸੁਖਬੀਰ ਦੇ ਖੇਮੇ ਦੀ ਸਭ ਤੋਂ ਵੱਡੀ ਚਿੰਤਾ ਇਹ ਹੈ ਕਿ ਉਨ੍ਹਾਂ ਸਿਆਸੀ ਭਵਿੱਖ ਖ਼ਤਰੇ ਵਿੱਚ ਹੈ। ਇਸ ਦੇ ਲਈ ਕਿਤੇ ਅਕਾਲ ਤਖ਼ਤ ਸਾਹਿਬ ਤੋਂ ਸਖ਼ਤ ਸਜ਼ਾ ਨਾ ਲਗ ਜਾਵੇ ਕਿਉਂਕਿ ਭਾਈਚਾਰੇ ਦੇ ਕਈ ਲੋਕ ਇਹ ਵਕਾਲਤ ਕਰ ਰਹੇ ਹਨ ਕਿ ਸੁਖਬੀਰ ਨੂੰ ਆਮ ਧਾਰਮਿਕ ਸਜ਼ਾ ਤੋਂ ਇਲਾਵਾ ਸਿਆਸੀ ਕੀਮਤ ਚੁਕਾਉਣੀ ਪਵੇਗੀ।

# ਪੰਜਾਬੀਆਂ ਦੀ ਖਿੱਚ ਦਾ ਕੇਂਦਰ ਬਣਿਆ ਨਿਊਜ਼ੀਲੈਂਡ

## ਨਿਊਜ਼ੀਲੈਂਡ 'ਚ ਪੰਜਾਬੀ ਭਾਸ਼ਾ ਪਹਿਲੀਆਂ 10 ਜ਼ਿਆਦਾ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚ ਸ਼ਾਮਲ



## ਨਿਊਜ਼ੀਲੈਂਡ ਦਾ ਵਾਤਾਵਰਣ ਅਤੇ ਸੁਹਾਵਣਾ ਮੌਸਮ ਪੂਰੀ ਦੁਨੀਆਂ ਦੇ ਸੈਲਾਨੀਆਂ ਨੂੰ ਕਰਦਾ ਹੈ ਆਕ੍ਰਸ਼ਿਤ

ਨਿਊਜ਼ੀਲੈਂਡ ਪ੍ਰਸ਼ਾਂਤ ਮਹਾਸਾਗਰ ਵਿੱਚ ਆਸਟ੍ਰੇਲੀਆ ਦੇ ਨੇੜੇ ਸਥਿਤ ਇੱਕ ਕੁਦਰਤੀ ਸੁੰਦਰਤਾ ਨਾਲ ਭਰਪੂਰ ਦੇਸ਼ ਹੈ। ਇਹ ਦੋ ਵੱਡੇ ਟਾਪੂਆਂ ਅਤੇ ਕਈ ਛੋਟੇ ਟਾਪੂਆਂ ਦਾ ਬਣਿਆ ਹੋਇਆ ਹੈ। ਨਿਊਜ਼ੀਲੈਂਡ ਦੇ ਚਾਰ ਮਿਲੀਅਨ ਲੋਕਾਂ ਵਿੱਚੋਂ, ਲਗਭਗ ਤਿੰਨ ਮਿਲੀਅਨ ਉੱਤਰੀ ਟਾਪੂ ਵਿੱਚ ਰਹਿੰਦੇ ਹਨ ਅਤੇ ਇੱਕ ਮਿਲੀਅਨ ਲੋਕ ਦੱਖਣੀ ਟਾਪੂ ਵਿੱਚ ਰਹਿੰਦੇ ਹਨ। ਇਹ ਟਾਪੂ ਦੁਨੀਆਂ ਦੇ ਸਭ ਤੋਂ ਵੱਡੇ ਟਾਪੂਆਂ ਵਿੱਚ ਗਿਣੇ ਜਾਂਦੇ ਹਨ। ਦੂਜੇ ਟਾਪੂਆਂ ਵਿੱਚ ਬਹੁਤ ਘੱਟ ਲੋਕ ਰਹਿੰਦੇ ਹਨ ਅਤੇ ਇਹ ਟਾਪੂ ਬਹੁਤ ਛੋਟੇ ਹਨ। ਨਿਊਜ਼ੀਲੈਂਡ ਦੀ ਭੂਗੋਲਿਕ ਸਥਿਤੀ ਬਹੁਤ ਹੀ ਸ਼ਾਨਦਾਰ ਹੈ।

ਨਿਊਜ਼ੀਲੈਂਡ ਦੱਖਣੀ ਪ੍ਰਸ਼ਾਂਤ ਮਹਾਸਾਗਰ ਵਿੱਚ ਆਸਟ੍ਰੇਲੀਆ ਤੋਂ 2000 ਕਿਲੋਮੀਟਰ ਦੱਖਣ-ਪੂਰਬ ਵਿੱਚ ਸਥਿਤ ਹੈ ਅਤੇ ਇਸ ਦੇ ਦੱਖਣ ਵੱਲ ਨਿਊ ਕੈਲੇਡੋਨੀਆ, ਟੋਂਗਾ ਅਤੇ ਫਿਜੀ ਦੇ ਦੇਸ਼ ਸਥਿਤ ਹਨ। ਨਿਊਜ਼ੀਲੈਂਡ ਦਾ ਵਾਤਾਵਰਣ ਅਤੇ ਸੁਹਾਵਣਾ ਮੌਸਮ ਪੂਰੀ ਦੁਨੀਆਂ ਦੇ ਸੈਲਾਨੀਆਂ ਨੂੰ ਆਕਰਸ਼ਿਤ ਕਰਦਾ ਹੈ। ਇਸਦਾ ਕੁੱਲ ਖੇਤਰਫਲ 269,000 ਵਰਗ ਕਿਲੋਮੀਟਰ ਹੈ। ਖੇਤਰਫਲ ਅਤੇ ਆਕਾਰ ਦੇ ਲਿਹਾਜ਼ ਨਾਲ ਨਿਊਜ਼ੀਲੈਂਡ ਜਾਪਾਨ ਨਾਲੋਂ ਥੋੜ੍ਹਾ ਛੋਟਾ ਅਤੇ ਬਰਤਾਨੀਆ ਨਾਲੋਂ ਥੋੜ੍ਹਾ ਵੱਡਾ ਕਿਹਾ ਜਾ ਸਕਦਾ ਹੈ। ਨਿਊਜ਼ੀਲੈਂਡ ਦੀ ਰਾਜਧਾਨੀ ਵੈਲਿੰਗਟਨ ਹੈ ਅਤੇ ਸਭ ਤੋਂ ਵੱਡਾ ਸ਼ਹਿਰ ਆਕਲੈਂਡ ਹੈ। ਆਕਲੈਂਡ ਨੂੰ ਨਿਊਜ਼ੀਲੈਂਡ ਦੀ ਵਪਾਰਕ ਰਾਜਧਾਨੀ ਵੀ ਕਿਹਾ ਜਾ ਸਕਦਾ ਹੈ। ਨਿਊਜ਼ੀਲੈਂਡ ਦੀ ਆਬਾਦੀ ਲਗਭਗ 4.5 ਮਿਲੀਅਨ (4.5 ਮਿਲੀਅਨ) ਹੈ, ਜਿਸ ਵਿੱਚ 80 ਪ੍ਰਤੀਸ਼ਤ ਯੂਰਪੀਅਨ ਭਾਈਚਾਰਾ, ਸੱਤ ਵਿੱਚੋਂ ਇੱਕ ਮਾਓਰੀ (ਟਾਂਗਾਟਾ ਫੈਨੁਆ, ਮੂਲ ਜਾਂ ਆਦਿਵਾਸੀ ਲੋਕ), 15 ਵਿੱਚੋਂ ਇੱਕ ਏਸ਼ੀਆਈ ਅਤੇ 16 ਪੈਸੀਫਿਕ ਆਈਲੈਂਡਰਜ਼ ਵਿੱਚੋਂ ਇੱਕ ਹੈ। ਨਿਊਜ਼ੀਲੈਂਡ ਤੇਜ਼ੀ ਨਾਲ ਬਹੁ-ਸੱਭਿਆਚਾਰਕ ਸਮਾਜ ਵਿੱਚ ਬਦਲ ਰਿਹਾ ਹੈ।

ਨਿਊਜ਼ੀਲੈਂਡ ਵਿੱਚ ਅੰਗਰੇਜ਼ੀ ਅਤੇ ਮਾਓਰੀ ਅਧਿਕਾਰਤ ਭਾਸ਼ਾਵਾਂ ਹਨ, ਹਾਲਾਂਕਿ ਅੰਗਰੇਜ਼ੀ ਵਧੇਰੇ ਬੋਲੀ ਜਾਂਦੀ ਹੈ। ਨਿਊਜ਼ੀਲੈਂਡ ਡਾਲਰ ਇੱਥੇ ਦੀ ਮੁਦਰਾ ਹੈ। ਨਿਊਜ਼ੀਲੈਂਡ ਦੇ ਨਾਗਰਿਕਾਂ ਨੂੰ ਨਿਊਜ਼ੀਲੈਂਡ ਜਾਂ ਕੀਵੀ ਕਿਹਾ ਜਾਂਦਾ ਹੈ, ਹਾਲਾਂਕਿ ਕੀਵੀ ਇੱਕ ਪੰਛੀ ਹੈ ਜੋ ਇੱਥੋਂ ਦਾ ਰਾਸ਼ਟਰੀ ਪੰਛੀ ਹੈ। ਨਿਊਜ਼ੀਲੈਂਡ ਕੌਮਨਵੈਲਥ ਆਫ਼ ਨੇਸ਼ਨਜ਼ ਦਾ ਮੈਂਬਰ ਹੈ। ਨਿਊਜ਼ੀਲੈਂਡ ਦੇ ਮੂਲ ਜੱਦੀ ਲੋਕ ਜਾਂ ਕੀਵੀ ਬਹੁਤ ਸ਼ਾਂਤੀ ਪਸੰਦ ਅਤੇ ਕੁਦਰਤ ਪ੍ਰੇਮੀ ਹਨ।




ਬ੍ਰਿਟੇਨ, ਕੈਨੇਡਾ ਤੋਂ ਬਾਅਦ ਨਿਊਜ਼ੀਲੈਂਡ ਪੰਜਾਬੀਆਂ ਦਾ ਗੜ੍ਹ ਬਣਦਾ ਜਾ ਰਿਹਾ ਹੈ। ਮਰਦਮਸ਼ੁਮਾਰੀ ਦੇ ਤਾਜ਼ਾ ਅੰਕੜਿਆਂ ਨੇ ਇਸ 'ਤੇ ਮੋਹਰ ਲਾ ਦਿੱਤੀ ਹੈ। ਪਹਿਲੇ ਦੌਰ ਦੇ ਆਏ ਅੰਕੜਿਆਂ ਨਾਲ ਪੰਜਾਬੀ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਹੈ। ਨਿਊਜ਼ੀਲੈਂਡ ਵਿੱਚ ਵਸਦੇ ਭਾਰਤੀ ਹੁਣ ਤੀਜੇ ਨੰਬਰ 'ਤੇ ਪਹੁੰਚ ਗਏ ਹਨ। ਇੰਨਾਂ ਦੀ ਗਿਣਤੀ 5.8 ਫੀਸਦੀ ਯਾਨੀ 2,92,092 ਹੈ। ਜਦਕਿ ਪਹਿਲੀ ਥਾਂ 'ਤੇ ਯੂਰਪੀਅਨ ਲੋਕ 62.1 ਫੀਸਦੀ ਜਿਨ੍ਹਾਂ ਦੀ ਗਿਣਤੀ 30,99,858 ਹੈ। ਦੂਜੇ ਨੰਬਰ 'ਤੇ ਮੂਲ ਨਿਵਾਸੀ ਮਾਓਰੀ ਲੋਕ 17.8 ਫ਼ੀਸਦੀ ਹਨ, ਇਨ੍ਹਾਂ ਦੀ 8,87,493 ਅਬਾਦੀ ਹੈ।



ਨਿਊਜ਼ੀਲੈਂਡ ਵਿੱਚ ਪੰਜਾਬੀ ਭਾਸ਼ਾ ਪਹਿਲੀਆਂ 10 ਜ਼ਿਆਦਾ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚ ਆ ਗਈ ਹੈ। ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਵਿੱਚ 45.1 ਫ਼ੀਸਦੀ ਦਾ ਵਾਧਾ ਹੋਇਆ ਹੈ ਅਤੇ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 9ਵੇਂ ਨੰਬਰ ਉੱਤੇ ਹੈ। ਉਧਰ ਦੂਜੇ ਪਾਸੇ ਹਿੰਦੀ ਬੋਲਣ ਵਾਲਿਆਂ ਦੀ ਗਿਣਤੀ 5ਵੇਂ ਨੰਬਰ ਉੱਤੇ ਹੈ।

ਨਿਊਜ਼ੀਲੈਂਡ ਵਿੱਚ 2023 ਦੀ ਹੋਈ ਮਰਦਮਸ਼ੁਮਾਰੀ ਦੇ ਅੰਕੜੇ ਆਉਣੇ ਸ਼ੁਰੂ ਹੋ ਗਏ ਹਨ। ਪਹਿਲੇ ਦੌਰ ਦੇ ਆਏ ਅੰਕੜਿਆਂ ਨਾਲ ਜਿੱਥੇ ਭਾਰਤੀ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਹੈ ਉੱਥੇ ਹੀ ਨਿਊਜ਼ੀਲੈਂਡ ਵਸਦੇ ਪੰਜਾਬੀ ਬੋਲਦੇ ਭਾਈਚਾਰੇ ਵਿੱਚ ਵੀ ਖੁਸ਼ੀ ਪਾਈ ਜਾ ਰਹੀ ਹੈ ਕਿਉਂਕਿ ਨਿਊਜ਼ੀਲੈਂਡ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਦਿਨੋਂ ਦਿਨ ਵਧ ਰਹੀ ਹੈ।

ਨਿਊਜ਼ੀਲੈਂਡ ਵਿੱਚ ਇਸ ਸਮੇਂ 71.0 ਫ਼ੀਸਦੀ ਇੱਥੋਂ ਦੇ ਜਨਮੇ ਅਤੇ 28.8 ਫ਼ੀਸਦੀ ਲੋਕ ਦੁਨੀਆਂ ਦੇ ਹੋਰਨਾਂ ਦੇਸ਼ਾਂ ਵਿੱਚ ਜਨਮੇ ਹੋਏ ਹਨ। ਜੇਕਰ ਗੱਲ ਪੰਜਾਬੀ ਦੀ ਕਰੀਏ ਤਾਂ ਨਿਊਜ਼ੀਲੈਂਡ ਵਿੱਚ ਪੰਜਾਬੀ ਭਾਸ਼ਾ ਪਹਿਲੀਆਂ 10 ਜ਼ਿਆਦਾ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚ ਸ਼ਾਮਲ ਹੋ ਗਈ ਹੈ। ਇੱਥੇ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਵਿੱਚ 45.1 ਫ਼ੀਸਦੀ ਦਾ ਵਾਧਾ ਹੋਇਆ ਹੈ ਅਤੇ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 9ਵੇਂ ਨੰਬਰ 'ਤੇ ਹੈ। ਇਸੇ ਤਰ੍ਹਾਂ ਹਿੰਦੀ ਬੋਲਣ ਵਾਲਿਆਂ ਦੀ ਗਿਣਤੀ 5ਵੇਂ ਨੰਬਰ 'ਤੇ ਹੈ। ਹੋਰ ਤੇਜ਼ੀ ਨਾਲ ਵਧ ਰਹੀਆਂ ਭਾਸ਼ਾਵਾਂ ਵਿੱਚ ਫਿਲੀਪੀਨਜ਼ ਵਿੱਚ ਬੋਲੀ ਜਾਣ ਵਾਲੀ ਤਾਗਾਲੋਗ ਸ਼ਾਮਲ ਹੈ, ਜਿਸ ਵਿੱਚ 37.5 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ ਅਤੇ ਅਫ਼ਰੀਕੀ ਭਾਸ਼ਾ ਵਿੱਚ 32.7 ਪ੍ਰਤੀਸ਼ਤ ਦਾ ਵਾਧਾ ਸ਼ਾਮਲ ਹੈ।

ਅੰਕੜਿਆਂ ਅਨੁਸਾਰ ਨਿਊਜ਼ੀਲੈਂਡ ਵਸਦੇ ਭਾਰਤੀ ਹੁਣ ਤੀਜੇ ਨੰਬਰ 'ਤੇ ਆ ਗਏ ਹਨ ਤੇ ਇਨ੍ਹਾਂ ਦੀ ਗਿਣਤੀ 5.8 ਫੀਸਦੀ (292,092) ਹੈ ਜਦੋਂਕਿ ਪਹਿਲੇ ਨੰਬਰ 'ਤੇ ਯੂਰਪੀਅਨ ਲੋਕ ਹਨ ਤੇ ਇਨ੍ਹਾਂ ਦੀ ਆਬਾਦੀ 62.1 ਫ਼ੀਸਦੀ (30,99,858) ਹੈ। ਦੂਜੇ ਨੰਬਰ 'ਤੇ 17.8 ਫ਼ੀਸਦੀ (8,87,493) ਨਾਲ ਮੂਲ ਨਿਵਾਸੀ ਮਾਓਰੀ ਲੋਕ ਹਨ। ਤੀਜੇ ਨੰਬਰ 'ਤੇ ਭਾਰਤੀ ਹਨ ਅਤੇ 5.6 ਫ਼ੀਸਦੀ (2,79,039) ਨਾਲ ਚੌਥੇ ਨੰਬਰ 'ਤੇ ਚਾਈਨੀਜ਼ ਹਨ। ਪੰਜਵੇਂ ਨੰਬਰ 'ਤੇ ਮਾਸੋਅਨ 4.3 ਫ਼ੀਸਦੀ (2,13,069) ਲੋਕ ਨਿਊਜ਼ੀਲੈਂਡ ਵਿੱਚ ਹਨ। ਆਕਲੈਂਡ ਸਭ ਤੋਂ ਵੱਧ ਨਸਲੀ ਵਿਭਿੰਨਤਾ ਦਾ ਖੇਤਰ ਬਣਿਆ ਹੋਇਆ ਹੈ, ਦੇਸ਼ ਦਾ ਸਭ ਤੋਂ ਵੱਡਾ ਸ਼ਹਿਰ 1.66 ਮਿਲੀਅਨ ਵਸਨੀਕਾਂ ਦੀ ਆਬਾਦੀ ਦਾ ਦਾਅਵਾ ਕਰਦਾ ਹੈ।



ਤਕਰੀਬਨ 48 ਲੱਖ ਦੀ ਅਬਾਦੀ ਵਾਲੇ ਇਸ ਮੁਲਕ ਵਿੱਚ ਦੁਨੀਆਂ ਦਾ ਹਰ ਰੰਗ ਆਪਣੀ ਝਾਤ ਪਵਾਉਂਦਾ ਨਜ਼ਰ ਆ ਰਿਹਾ ਹੈ। ਇਸ ਸਮੇਂ ਹਰ ਪਾਸੇ ਨਿਊਜ਼ੀਲੈਂਡ ਦੀ ਬਹੁ-ਭਾਈਚਾਰਕ ਦਿੱਖ ਝਲਕਾਰੇ ਮਾਰਦੀ ਨਜ਼ਰ ਆਉਂਦੀ ਹੈ। 180 ਕੌਮੀਅਤਾਂ ਜਾਂ ਕੌਮਾਂ ਇਸ ਮੁਲਕ ਵਿੱਚ ਵੱਸਦੀਆਂ ਹਨ ਜਿਨ੍ਹਾਂ ਵਿੱਚ ਯੂਰਪੀਨ ਮੂਲ ਦੇ ਲੋਕ 3,025,587 ਅਬਾਦੀ ਨਾਲ ਸਭ ਤੋਂ ਪਹਿਲੇ ਨੰਬਰ 'ਤੇ ਹਨ। ਤਾਜ਼ਾ ਅੰਕੜਿਆਂ ਅਨੁਸਾਰ 48.59 ਫ਼ੀਸਦੀ ਲੋਕ ਕਿਸੇ ਵੀ ਧਰਮ ਵਿੱਚ ਆਸਥਾ ਨਹੀਂ ਰੱਖਦੇ, ਭਾਵ ਕਿ ਨਾਸਤਿਕ ਹਨ। ਇਹ ਗ੍ਰਾਫ 2013 ਦੀ ਜਨਗਣਨਾ ਤੋਂ ਕਾਫ਼ੀ ਤੇਜ਼ੀ ਨਾਲ ਵਧਿਆ ਹੈ। ਪਿਛਲੀ ਵਾਰ 41.92 ਫੀਸਦੀ ਲੋਕਾਂ ਨੇ ਆਪਣੇ ਆਪ ਨੂੰ ਨਾਸਤਿਕ ਦਰਸਾਇਆ ਸੀ। ਸਭ ਤੋਂ ਜਿਆਦਾ ਨਾਸਤਿਕ ਲੋਕਾਂ ਦੀ ਗਿਣਤੀ ਇਸਾਈ ਧਰਮ ਵਿਚੋਂ ਆਉਣ ਵਾਲਿਆਂ ਦੀ ਹੈ ਕਿਉਂਕਿ 2013 ਦੇ ਤਕਰੀਬਨ 47 ਫੀਸਦੀ ਇਸਾਈ 2018 ਦੀ ਜਨਗਣਨਾ 'ਚ 10 ਫ਼ੀਸਦੀ ਦੀ ਖੜੋਤ ਨਾਲ ਹੁਣ 37 ਫੀਸਦੀ 'ਤੇ ਆਣ ਖੜ੍ਹੇ ਸਨ ਹੁਣ ਇਹਨਾਂ ਦੀ ਗਿਣਤੀ ਵਿੱਚ ਹੋਰ ਵੀ ਵਾਧਾ ਹੋ ਗਿਆ ਹੈ। ਨਿਊਜ਼ੀਲੈਂਡ ਵਿੱਚ ਵਸਦੇ ਸਿੱਖ ਭਾਈਚਾਰੇ ਦੀ ਗਿਣਤੀ 2013 ਦੀ ਜਨਗਣਨਾ ਵਿੱਚ 19,191 ਸੀ ਜੋ ਕਿ 2018 ਦੀ ਜਨਗਣਨਾ 'ਚ 40,908 ਭਾਵ ਕਿ ਦੁੱਗਣੀ ਹੋ ਗਈ ਸੀ। ਹੁਣ ਨਿਊਜ਼ੀਲੈਂਡ ਵਿੱਚ ਰਹਿੰਦੇ ਸਿੱਖਾਂ ਦੀ ਗਿਣਤੀ ਵਿੱਚ ਕਾਫ਼ੀ ਵਾਧਾ ਹੋ ਗਿਆ ਹੈ।

**ਬਰਤਾਨੀਆ, ਕੈਨੇਡਾ, ਅਮਰੀਕਾ ਅਤੇ ਆਸਟ੍ਰੇਲੀਆ ਤੋਂ ਬਾਅਦ ਨਿਊਜ਼ੀਲੈਂਡ ਪੰਜਾਬੀਆਂ ਦੀ ਪਹਿਲੀ ਪਸੰਦ ਬਣਦਾ ਜਾ ਰਿਹਾ ਹੈ। ਅਸਲ ਵਿੱਚ ਜਦੋਂ ਤੋਂ ਕੈਨੇਡਾ, ਅਮਰੀਕਾ ਤੇ ਆਸਟ੍ਰੇਲੀਆ ਨੇ ਪਰਵਾਸੀ ਲੋਕਾਂ ਲਈ ਆਪਣੇ ਨਿਯਮ ਤੇ ਕਾਨੂੰਨ ਸਖ਼ਤ ਕੀਤੇ ਹਨ, ਉਦੋਂ ਤੋਂ ਭਾਰਤ ਤੋਂ ਨਿਊਜ਼ੀਲੈਂਡ ਜਾਣ ਵਾਲੇ ਪਰਵਾਸੀ ਲੋਕਾਂ ਦੀ ਗਿਣਤੀ ਵਿੱਚ ਵਾਧਾ ਹੋਣਾ ਸ਼ੁਰੂ ਹੋਇਆ ਹੈ, ਜਿਨ੍ਹਾਂ ਵਿੱਚ ਵੱਡੀ ਗਿਣਤੀ ਪੰਜਾਬੀ ਵੀ ਸ਼ਾਮਲ ਹਨ। ਭਾਂਵੇਂ ਨਿਊਜ਼ੀਲੈਂਡ ਨੇ ਵੀ ਆਪਣੇ ਵੀਜ਼ਾ ਨਿਯਮਾਂ 'ਚ ਬਦਲਾਓ ਕਰ ਦਿੱਤਾ ਹੈ ਪਰ ਵਿਦੇਸ਼ਾਂ ਦੇ ਸਖ਼ਤ ਕਾਨੂੰਨ ਵੀ ਪੰਜਾਬੀਆਂ ਦੇ ਪਰਵਾਸ ਨੂੰ ਰੋਕਣ ਵਿੱਚ ਅਸਮਰਥ ਹਨ। ਨਿਊਜ਼ੀਲੈਂਡ ਕੁਦਰਤੀ ਸੁੰਦਰਤਾ ਨਾਲ ਭਰਪੂਰ ਦੇਸ਼ ਹੈ, ਜਿਥੋਂ ਦਾ ਮਨਮੋਹਣਾ ਵਾਤਾਵਰਣ ਅਤੇ ਸੁਹਾਵਣਾ ਮੌਸਮ ਸੈਲਾਨੀਆਂ ਅਤੇ ਪਰਵਾਸੀਆਂ ਨੂੰ ਵਿਸ਼ੇਸ਼ ਤੌਰ 'ਤੇ ਆਕ੍ਰਸ਼ਿਤ ਕਰਦਾ ਹੈ। ਇਥੇ ਹਰ ਪਾਸੇ ਫੈਲੀ ਹਰਿਆਲੀ ਅਤੇ ਕੁਦਰਤੀ ਸੁੰਦਰਤਾ ਵੇਖ ਕੇ ਘੁੰਮਣ ਆਏ ਲੋਕ ਵੀ ਇਥੋਂ ਦੇ ਵਸਨੀਕ ਬਣਨ ਦੇ ਰਾਹ ਪੈ ਜਾਂਦੇ ਹਨ।**

## ਨਿਊਜ਼ੀਲੈਂਡ ਨੇ ਵੀਜ਼ਾ ਨਿਯਮਾਂ ਨੂੰ ਕੀਤਾ ਸਖ਼ਤ

ਨਿਊਜ਼ੀਲੈਂਡ ਸਰਕਾਰ ਨੇ 7 ਅਪ੍ਰੈਲ 2024 ਨੂੰ ਦੇਸ਼ ਵਿੱਚ ਵਿਦੇਸ਼ੀ ਕਾਮਿਆਂ ਦੀ ਗਿਣਤੀ ਘਟਾਉਣ ਲਈ ਵੀਜ਼ਾ ਨਿਯਮਾਂ ਵਿੱਚ ਵੱਡਾ ਬਦਲਾਅ ਕੀਤਾ ਹੈ। ਨਿਊਜ਼ੀਲੈਂਡ ਦੇ ਵੀਜ਼ਾ ਨਿਯਮਾਂ ਵਿੱਚ ਬਦਲਾਅ ਭਾਰਤੀ ਕਾਮਿਆਂ ਲਈ ਵੱਡਾ ਝਟਕਾ ਹੈ। ਸਪੁਟਨਿਕ ਦੀ ਰਿਪੋਰਟ ਅਨੁਸਾਰ ਇਕੱਲੇ ਸਾਲ 2023 ਵਿੱਚ 173,000 ਪ੍ਰਵਾਸੀ ਮਜ਼ਦੂਰ ਨਿਊਜ਼ੀਲੈਂਡ ਪਹੁੰਚੇ, ਜਿਨ੍ਹਾਂ ਵਿੱਚੋਂ 35 ਫੀਸਦੀ ਭਾਰਤੀ ਸਨ। ਜਾਰੀ ਕੀਤੇ ਗਏ ਬਦਲਾਅ ਤੋਂ ਬਾਅਦ ਇਹ ਸਪੱਸ਼ਟ ਹੋ ਗਿਆ ਹੈ ਕਿ ਨਿਊਜ਼ੀਲੈਂਡ ਦੀ ਤਰਜੀਹ ਸਥਾਨਕ ਲੋਕਾਂ ਨੂੰ ਰੁਜ਼ਗਾਰ ਦੇ ਵੱਧ ਮੌਕੇ ਪ੍ਰਦਾਨ ਕਰਨਾ ਹੈ।

**ਕੀ ਹਨ ਨਵੀਆਂ ਤਬਦੀਲੀਆਂ ?**

ਨਵੀਂ ਤਬਦੀਲੀ ਦੇ ਤਹਿਤ, ਪੱਧਰ 4 ਅਤੇ 5 'ਤੇ ਕੰਮ ਕਰਨ ਵਾਲੇ ਕਰਮਚਾਰੀਆਂ ਲਈ ਘੱਟੋ ਘੱਟ ਅੰਗਰੇਜ਼ੀ ਭਾਸ਼ਾ ਦੀ ਯੋਗਤਾ ਨਿਰਧਾਰਤ ਕੀਤੀ ਗਈ ਹੈ। ਘੱਟ ਹੁਨਰ ਵਾਲੇ ਅਹੁਦਿਆਂ ਦੇ ਵੀਜ਼ੇ ਕੱਟੇ ਗਏ ਹਨ। ਵੀਜ਼ਾ ਪ੍ਰਾਪਤ ਕਰਨ ਵਾਲਿਆਂ ਲਈ ਹੁਣ ਜ਼ਿਆਦਾਤਰ ਨੌਕਰੀਆਂ ਲਈ ਘੱਟੋ-ਘੱਟ ਹੁਨਰ ਅਤੇ ਕੰਮ ਦਾ ਤਜਰਬਾ ਹੋਣਾ ਜ਼ਰੂਰੀ ਹੋਵੇਗਾ। ਇਸ ਨੇ ਸਥਾਨਕ ਮਾਲਕਾਂ ਨੂੰ ਸਲਾਹ ਦਿੱਤੀ ਕਿ ਘੱਟ ਹੁਨਰ ਵਾਲੀਆਂ ਨੌਕਰੀਆਂ ਪਹਿਲਾਂ ਸਥਾਨਕ ਲੋਕਾਂ ਦੁਆਰਾ ਭਰੀਆਂ ਜਾਣੀਆਂ ਚਾਹੀਦੀਆਂ ਹਨ। ਇਸ ਨਾਲ ਵੀਜ਼ਾ ਦੀ ਮਿਆਦ 5 ਤੋਂ ਘਟਾ ਕੇ 3 ਸਾਲ ਕਰ ਦਿੱਤੀ ਗਈ ਹੈ। ਫਰੈਂਚਾਇਜ਼ੀ ਮਾਨਤਾ ਸ਼੍ਰੇਣੀ ਨੂੰ ਵੀ ਖਤਮ ਕਰ ਦਿੱਤਾ ਜਾਵੇਗਾ। ਕੰਪਨੀਆਂ ਨੂੰ ਵਿਦੇਸ਼ੀ ਕਰਮਚਾਰੀਆਂ ਨੂੰ ਨੌਕਰੀ 'ਤੇ ਰੱਖਣ ਲਈ ਮਿਆਰੀ, ਉੱਚ-ਆਵਾਜ਼, ਜਾਂ ਟ੍ਰਾਈਡ ਰੁਜ਼ਗਾਰ ਮਾਨਤਾ ਪ੍ਰਕਿਰਿਆਵਾਂ ਦੀ ਪਾਲਣਾ ਕਰਨੀ ਚਾਹੀਦੀ ਹੈ।





# ਭਗਵੇਂਵਾਦੀਆਂ ਵੱਲੋਂ ਲੰਕੇਸ਼ ਦੇ ਕਥਿਤ ਕਾਤਲਾਂ ਦਾ ਹਾਰ ਪਾ ਕੇ ਸਵਾਗਤ

## ਗੌਰੀ ਲੰਕੇਸ਼ ਦੀ 2017 ਨੂੰ ਬੇਂਗਲੁਰੂ ਵਿਖੇ ਗੋਲੀ ਮਾਰ ਕੇ ਕੀਤੀ ਗਈ ਸੀ ਹੱਤਿਆ

### ਫ਼ਿਰਕੂ ਦਹਿਸ਼ਤਗਰਦੀ ਤੇ ਹਿੰਦੂਤਵ ਵਿਰੋਧੀ ਸੀ ਗੌਰੀ ਲੰਕੇਸ਼

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਪਿਛਲੇ ਦਿਨੀਂ ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਵੱਲੋਂ ਦਿੱਤੇ ਗਏ ਇੱਕ ਬਿਆਨ ਦੇ ਜਵਾਬ ਵਿੱਚ ਕਿਹਾ ਸੀ ਕਿ ਭਾਰਤੀ ਜਨਤਾ ਪਾਰਟੀ ਇੱਕ ਦਹਿਸ਼ਤਗਰਦ ਪਾਰਟੀ ਹੈ। ਕੁਝ ਲੋਕ ਖੜਗੇ ਦੇ ਬਿਆਨ ਨੂੰ ਲੋੜੋਂ ਵੱਧ ਤਿੱਖਾ ਕਹਿ ਕੇ ਇਸ ਦੀ ਨਿੰਦਾ ਕਰ ਰਹੇ ਹਨ, ਪਰ ਹੈ ਇਹ ਬਿਲਕੁਲ ਹਕੀਕਤ।

ਖੜਗੇ ਦੇ ਬਿਆਨ ਤੋਂ ਅਗਲੇ ਦਿਨ ਹੀ ਇੱਕ ਘਟਨਾ ਨੇ ਉਸ ਦੇ ਕਹੇ ਨੂੰ ਸੱਚ ਸਾਬਤ ਕਰ ਦਿੱਤਾ। ਪੱਤਰਕਾਰ ਗੌਰੀ ਲੰਕੇਸ਼ ਦੀ ਹੱਤਿਆ ਦੇ ਦੋ ਮੁੱਖ ਮੁਲਜ਼ਮਾਂ ਨੂੰ 9 ਅਕਤੂਬਰ ਨੂੰ ਜ਼ਮਾਨਤ ਦੇ ਦਿੱਤੀ ਗਈ ਤੇ 11 ਅਕਤੂਬਰ ਨੂੰ ਉਹ ਜੇਲ੍ਹ ਤੋਂ ਬਾਹਰ ਆ ਗਏ। ਪਰਸੂਰਾਮ ਬਾਘਮੋਰੇ ਤੇ ਮਨੋਹਰ ਯਾਦਵ ਨਾਂਅ ਦੇ ਇਨ੍ਹਾਂ ਮੁਲਜ਼ਮਾਂ ਦੇ ਜੇਲ੍ਹ ਤੋਂ ਬਾਹਰ ਆਉਣ 'ਤੇ ਉਨ੍ਹਾਂ ਦਾ ਹਿੰਦੂਤਵੀ ਸਮੂਹਾਂ ਵੱਲੋਂ ਮਾਲਾ ਪਹਿਨਾ ਕੇ ਸਵਾਗਤ ਕੀਤਾ ਗਿਆ। ਰਾਮ ਸੈਨਾ ਦੇ ਜ਼ਿਲ੍ਹਾ ਪ੍ਰਧਾਨ ਨੀਲਕੰਤ ਕੰਡਗਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਹਿੰਦੂ ਕਾਰਕੁਨ ਹਨ। ਉਹ ਜ਼ਮਾਨਤ 'ਤੇ ਰਿਹਾਅ ਹੋਏ ਸੀ, ਇਸ ਲਈ ਅਸੀਂ ਫ਼ੁੱਲਾਂ ਦੇ ਹਾਰਾਂ ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਅਸੀਂ ਕਾਲਿਕਾ ਮੰਦਰ ਵਿੱਚ ਪੂਜਾ ਕੀਤੀ ਅਤੇ ਅਰਦਾਸ ਕੀਤੀ ਕਿ ਉਹ ਅਦਾਲਤ ਤੋਂ ਬਰੀ ਹੋ ਜਾਣ।

ਮੰਦਰ ਪਹੁੰਚਣ ਤੋਂ ਪਹਿਲਾਂ ਪਰਸ਼ੂਰਾਮ ਵਾਗਮੋਰ ਅਤੇ ਮਨੋਹਰ ਯਾਦਵੇ ਨੇ ਵਿਜੇਪੁਰਾ ਸ਼ਹਿਰ ਦੇ ਸ਼ਿਵਾਜੀ ਸਰਕਲ 'ਤੇ ਸ਼ਿਵਾਜੀ ਮਹਾਰਾਜ ਦੀ ਮੂਰਤੀ 'ਤੇ ਹਾਰ ਚੜਾਏ।

ਦੋਵਾਂ ਨੂੰ ਨੀਲਕੰਤ ਕੰਡਗਲ ਅਤੇ ਹੋਰਨਾਂ ਵੱਲੋਂ ਮੰਦਰ ਦੇ ਅੰਦਰ ਸਮਰਥਕਾਂ ਦੀ ਹਾਜ਼ਰੀ ਵਿੱਚ ਸਨਮਾਨਿਤ ਕੀਤਾ ਗਿਆ। ਇਸ ਦੀ ਨਾ ਤਾਂ ਮੀਡੀਆ ਨੂੰ ਜਾਣਕਾਰੀ ਦਿੱਤੀ ਅਤੇ ਨਾ ਹੀ ਮੰਦਰ ਅੰਦਰ ਜਾਣ ਦੀ ਇਜਾਜ਼ਤ ਸੀ। ਉਕਤ ਦੋਹਾਂ ਦੇ ਨਾਲ ਬਾਕੀ 8 ਮੁਲਜ਼ਮਾਂ ਨੂੰ ਵੀ ਜ਼ਮਾਨਤ ਦੇ ਦਿੱਤੀ ਗਈ ਸੀ।





ਦੂਜੇ ਪਾਸੇ ਗੌਰੀ ਲੰਕੇਸ਼ ਦੀ ਭੈਣ ਅਤੇ ਮਾਮਲੇ ਦੀ ਸ਼ਿਕਾਇਤਕਰਤਾ ਕਵਿਤਾ ਲੰਕੇਸ਼ ਨੇ ਦੱਸਿਆ, 'ਬਲਾਤਕਾਰੀਆਂ ਨੂੰ ਹਾਰ ਪਾਏ ਜਾ ਰਹੇ ਹਨ ਅਤੇ ਇਨ੍ਹਾਂ ਲੋਕਾਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ। ਸਾਡਾ ਸਮਾਜ ਕਿੱਥੇ ਪਹੁੰਚ ਗਿਆ ਹੈ?'

ਯਾਦ ਰਹੇ ਕਿ ਹਿੰਦੂਤਵੀ ਵਿਚਾਰਧਾਰਾ ਦੀ ਕੱਟੜ ਵਿਰੋਧੀ ਪੱਤਰਕਾਰ ਗੌਰੀ ਲੰਕੇਸ਼ ਦੀ 5 ਸਤੰਬਰ 2017 ਨੂੰ ਬੇਂਗਲੂਰੂ ਵਿਖੇ ਉਨ੍ਹਾਂ ਦੇ ਘਰ ਦੇ ਬਾਹਰ ਮੋਟਰਸਾਈਕਲ ਸਵਾਰ ਲੋਕਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਇਸ ਹੱਤਿਆ ਨੇ ਪੂਰੇ ਦੇਸ਼ ਨੂੰ ਸੁੰਨ ਕਰਕੇ ਰੱਖ ਦਿੱਤਾ ਸੀ। ਇਸ ਤੋਂ ਬਾਅਦ ਬੈਂਗਲੂਰੂ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਨੇ ਮਾਮਲੇ ਦੀ ਜਾਂਚ ਕੀਤੀ ਸੀ।

ਐੱਸ.ਆਈ.ਟੀ. ਦੀ ਜਾਂਚ ਵਿੱਚ ਸਾਹਮਣੇ ਆਇਆ ਸੀ ਕਿ ਗੌਰੀ ਲੰਕੇਸ਼ ਦੇ ਕਤਲ ਦਾ ਸਬੰਧ ਤਰਕਸ਼ੀਲ ਨਰਿੰਦਰ ਦਾਭੋਲਕਰ, ਸੀ.ਪੀ.ਆਈ. ਆਗੂ ਗੋਵਿੰਦ ਪੰਸਾਰੇ ਅਤੇ ਵਿਦਵਾਨ ਐੱਮ.ਐੱਮ. ਕਲਬੁਰਗੀ ਦੇ ਕਤਲ ਨਾਲ ਵੀ ਹੈ। ਇਹ ਸਾਰੇ ਵਿਦਵਾਨ ਸੰਘ ਪਰਿਵਾਰ ਤੇ ਹਿੰਦੂਤਵੀ ਹਿੰਸਾ ਤੇ ਫ਼ਿਰਕੂ ਵਾਦ ਵਿਰੁੱਧ ਸਨ।

ਗੋਰੀ ਲੰਕੇਸ਼ ਦੀ ਹੱਤਿਆ ਦੇ 14 ਮਹੀਨੇ ਬਾਅਦ ਪੁਲਿਸ ਨੇ 18 ਵਿਅਕਤੀਆਂ ਨੂੰ ਮੁਲਜ਼ਮ ਬਣਾਇਆ ਸੀ। ਪੇਸ਼ ਕੀਤੀ ਚਾਰਜਸ਼ੀਟ ਵਿੱਚ ਕਿਹਾ ਗਿਆ ਸੀ ਕਿ ਸਾਰੇ ਮੁਲਜ਼ਮ ਸਨਾਤਨ ਸੰਸਥਾ ਦੇ ਮੈਂਬਰ ਹਨ ਤੇ ਉਹ ਪੰਜ ਸਾਲ ਤੋਂ ਗੌਰੀ ਨੂੰ ਮਾਰਨ ਦੀ ਸਾਜਿਸ਼ ਬਣਾ ਰਹੇ ਸਨ। ਦਸੰਬਰ 2023 ਵਿੱਚ ਮੁੱਖ ਮੰਤਰੀ ਸਿਧਾਰਮੱਈਆ ਨੇ ਇਸ ਮਾਮਲੇ ਵਿੱਚ ਤੇਜ਼ੀ ਲਿਆਉਣ ਲਈ ਇੱਕ ਵਿਸ਼ੇਸ਼ ਅਦਾਲਤ ਦਾ ਗਠਨ ਕੀਤਾ ਸੀ।

ਪਿਛਲੇ ਹਫ਼ਤੇ ਬੇਂਗਲੁਰੂ ਦੀ ਸੈਸ਼ਨ ਅਦਾਲਤ ਨੇ ਇਨ੍ਹਾਂ ਮੁਲਜ਼ਮਾਂ ਅਮੋਲ ਕਾਲੇ, ਰਾਜੇਸ਼, ਵਾਸੂਦੇਵ, ਰੁਸ਼ੀਕੇਸ਼, ਪਰਸੂਰਾਮ ਬਾਘਮੋਰੇ, ਗਣੇਸ਼, ਅਮਿਤ ਤੇ ਮਨੋਹਰ ਯਾਦਵ ਨੂੰ ਜ਼ਮਾਨਤ ਦੇ ਦਿੱਤੀ ਸੀ। ਇਸ ਤੋਂ ਪਹਿਲਾਂ ਕਰਨਾਟਕ ਹਾਈਕੋਰਟ ਨੇ ਵੀ 4 ਮੁਲਜ਼ਮਾਂ ਭਰਤ, ਸ੍ਰੀਕਾਂਤ, ਸਜੀਤ ਤੇ ਸੁੰਧਵਾ ਨੂੰ ਜ਼ਮਾਨਤ ਦੇ ਦਿੱਤੀ ਸੀ।

ਇੰਡੀਆ ਟੂਡੇ ਦੀ ਇੱਕ ਰਿਪੋਰਟ ਮੁਤਾਬਕ ਇੱਕ ਪ੍ਰਮੁੱਖ ਹਿੰਦੂ ਨੇਤਾ ਨੇ ਕਿਹਾ ਕਿ 'ਅੱਜ ਵਿਜੇ ਦਸ਼ਮੀ ਦਾ ਦਿਨ ਸਾਡੇ ਲਈ ਮਹੱਤਵਪੂਰਨ ਹੈ। ਸਾਡੇ ਸਾਥੀਆਂ ਪਰਸੂਰਾਮ ਤੇ ਮਨੋਹਰ ਦਾ ਅਸੀਂ ਸਵਾਗਤ ਕਰ ਰਹੇ ਹਾਂ, ਜਿਨ੍ਹਾਂ ਨੂੰ ਗਲਤ ਤਰੀਕੇ ਨਾਲ ਗੌਰੀ ਲੰਕੇਸ਼ ਦੀ ਹੱਤਿਆ ਦੇ ਕੇਸ ਵਿੱਚ ਫ਼ਸਾਇਆ ਗਿਆ ਸੀ।' ਬੇਂਗਲੁਰੂ ਵਿੱਚ ਹੋਏ ਸਵਾਗਤ ਸਮਾਰੋਹ ਵਿੱਚ ਹਿੰਦੂਤਵੀ ਨੇਤਾ ਉਮੇਸ਼ ਬੰਸਲ ਵੱਲੋਂ ਦੋਹਾਂ ਮੁਲਜ਼ਮਾਂ ਨੂੰ ਸ਼ਾਲ ਤੇ ਫ਼ੁੱਲਮਾਲਾ ਪਾ ਕੇ ਸਨਮਾਨਿਤ ਕੀਤਾ ਗਿਆ। ਇਹ ਸਮਾਰੋਹ ਸੰਘ ਨਾਲ ਜੁੜੀ ਸ੍ਰੀਰਾਮ ਸੈਨਾ ਵੱਲੋਂ ਕਰਾਇਆ ਗਿਆ ਸੀ। ਇਹ ਪਹਿਲੀ ਵਾਰ ਨਹੀਂ ਹੈ, ਇਸ ਤੋਂ ਪਹਿਲਾਂ ਅਜਿਹੀ ਘਿਨੌਣੀ ਘਟਨਾ ਜਦੋਂ ਵੀ ਵਾਪਰੀ, ਹਿੰਦੂਤਵੀ ਦੋਸ਼ੀਆਂ ਦਾ ਇਸੇ ਤਰ੍ਹਾਂ ਮਹਿਮਾ ਮੰਡਨ ਕਰਦੇ ਆ ਰਹੇ ਹਨ।

ਨਿਰਪੱਖ ਧਿਰਾਂ ਦਾ ਮੰਨਣਾ ਹੈ ਕਿ ਗੌਰੀ ਦੇ ਮਾਮਲੇ ਵਿੱਚ ਇਹ ਉਸਦੇ ਕਤਲ ਦਾ ਜਸ਼ਨ ਮਨਾਉਣ ਵਰਗਾ ਹੈ। ਇਹ 5 ਸਤੰਬਰ, 2017 ਨੂੰ ਮੁੜ ਜ਼ਿੰਦਾ ਕਰਨ ਵਰਗਾ ਹੈ, ਜਿਸ ਦਿਨ ਉਸ ਦਾ ਕਤਲ ਹੋਇਆ ਸੀ। ਇਹ ਭਿਆਨਕ ਹੈ। ਸਮਾਜ ਨੂੰ ਇਹ ਸੰਦੇਸ਼ ਦੇਣਾ ਖਤਰਨਾਕ ਹੈ। ਪਰ ਸਰਕਾਰ ਇਸ ਦਹਿਸ਼ਤਗਰਦੀ ਬਾਰੇ ਕੋਈ ਕਦਮ ਨਹੀਂ ਚੁਕ ਰਹੀ,ਜਿਸ ਕਰਕੇ ਭਗਵੇਂਵਾਦੀ ਮੱਛਰੇ ਹੋਏ ਹਨ।

ਜ਼ਮਾਨਤ ਕਿਉਂ ਹੋਈ ਦੋਸ਼ੀਆਂ ਦੀ?

ਇਸ ਕੇਸ ਵਿੱਚ 18 ਵਿੱਚੋਂ 16 ਮੁਲਜ਼ਮਾਂ ਨੂੰ ਜ਼ਮਾਨਤ ਮਿਲਣ ਦਾ ਮੁੱਖ ਕਾਰਨ ਮੁਕੱਦਮੇ ਵਿੱਚ ਦੇਰੀ ਹੋਣਾ ਸੀ। ਚਾਰਜਸ਼ੀਟ ਵਿੱਚ ਦਰਜ 527 ਗਵਾਹਾਂ ਵਿੱਚੋਂ ਹੁਣ ਤੱਕ 140 ਦੇ ਕਰੀਬ ਗਵਾਹਾਂ ਤੋਂ ਪੁੱਛਗਿੱਛ ਕੀਤੀ ਜਾ ਚੁੱਕੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਸੁਣਵਾਈ ਮੁਕੰਮਲ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ। ਕਰਨਾਟਕ ਹਾਈ ਕੋਰਟ ਨੇ ਮੋਹਨ ਨਾਇਕ ਉਰਫ਼ ਸੰਪੰਜੇ ਨੂੰ ਜ਼ਮਾਨਤ ਦੇ ਦਿੱਤੀ ਸੀ ਪਰ ਇਸ ਫ਼ੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ ਅਤੇ ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਫ਼ੈਸਲੇ ਨੂੰ ਬਰਕਰਾਰ ਰੱਖਿਆ ਸੀ। ਇਸ ਤੋਂ ਬਾਅਦ ਕੇਟੀ ਨਵੀਨ ਕੁਮਾਰ, ਅਮਿਤ ਦਿਗਵੇਕਰ ਅਤੇ ਸੁਰੇਸ਼ ਐੱਚਐੱਲ ਨੂੰ ਵੀ ਜੁਲਾਈ 2024 ਵਿੱਚ ਹਾਈ ਕੋਰਟ ਤੋਂ ਜ਼ਮਾਨਤ ਮਿਲ ਗਈ ਸੀ।

ਫ਼ਿਰ ਭਰਤ ਕੁਮਾਰ, ਸ਼੍ਰੀਕਾਂਤ ਪਾਂਗਰਕਰ, ਸੁਜੀਤ ਕੁਮਾਰ ਅਤੇ ਸੁਧਾਨਾ ਗੋਂਧਕਰ ਨੂੰ ਸਤੰਬਰ 2024 ਵਿੱਚ ਜ਼ਮਾਨਤ ਮਿਲ ਗਈ ਸੀ।

(ਬਾਕੀ ਸਫ਼ਾ 30 'ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**









ਭਾਰਤ 'ਚ ਭੁੱਖਮਰੀ ਦੇ ਗੰਭੀਰ ਹਾਲਾਤ

# ਆਲਮੀ ਭੁੱਖ ਸੂਚਕ ਅੰਕ 2024 'ਚ 127 ਦੇਸ਼ਾਂ 'ਚੋਂ ਭਾਰਤ 105ਵੇਂ ਸਥਾਨ 'ਤੇ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਨੂੰ ਆਲਮੀ ਭੁੱਖ ਸੂਚਕ ਅੰਕ (ਜੀ.ਐਚ.ਆਈ.) ਦੇ 127 ਦੇਸ਼ਾਂ ਦੀ ਸੂਚੀ ਵਿੱਚ 105ਵੇਂ ਸਥਾਨ ਨਾਲ 'ਗੰਭੀਰ' ਸ਼੍ਰੇਣੀ ਵਿੱਚ ਰਖਿਆ ਗਿਆ ਹੈ। ਅੰਤਰਰਾਸ਼ਟਰੀ ਮਨੁੱਖਤਾਵਾਦੀ ਏਜੰਸੀਆਂ ਭੁੱਖ ਦੇ ਪੱਧਰ ਨੂੰ ਮਾਪਣ ਲਈ ਕੁਪੋਸ਼ਣ ਅਤੇ ਬਾਲ ਮੌਤ ਦਰ ਸੂਚਕਾਂ ਦੇ ਆਧਾਰ 'ਤੇ ਜੀ.ਐਚ.ਆਈ. (ਗਲੋਬਲ ਹੰਗਰ ਇੰਡੈਕਸ) ਸਕੋਰ ਪ੍ਰਦਾਨ ਕਰਦੀਆਂ ਹਨ ਜਿਸ ਦੇ ਆਧਾਰ 'ਤੇ ਸੂਚੀ ਤਿਆਰ ਕੀਤੀ ਜਾਂਦੀ ਹੈ।

ਆਇਰਿਸ਼ ਮਨੁੱਖਤਾਵਾਦੀ ਸੰਗਠਨ ਕਨਸਰਨ ਵਰਲਡ ਵਾਈਡ ਅਤੇ ਜਰਮਨ ਸਹਾਇਤਾ ਏਜੰਸੀ 'ਵੈਲਥ ਹੰਗਰ ਹਿਲ਼ਫ' ਦੁਆਰਾ ਇਸ ਹਫ਼ਤੇ ਪ੍ਰਕਾਸ਼ਤ ਕੀਤੀ ਗਈ ਸਾਲ 2024 ਦੀ ਰਿਪੋਰਟ, ਇਸ ਗੱਲ ਨੂੰ ਉਜਾਗਰ ਕਰਦੀ ਹੈ ਕਿ ਭੁੱਖ ਨਾਲ ਨਜਿੱਠਣ ਵਿੱਚ ਪ੍ਰਗਤੀ ਦੀ ਘਾਟ ਨੇ ਦੁਨੀਆਂ ਦੇ



ਬਹੁਤ ਸਾਰੇ ਗ਼ਰੀਬ ਦੇਸ਼ਾਂ ਵਿੱਚ ਭੁੱਖਮਰੀ ਦਾ ਪੱਧਰ ਦਹਾਕਿਆਂ ਤਕ ਉੱਚਾ ਰਹੇਗਾ। ਭਾਰਤ ਉਨ੍ਹਾਂ 42 ਦੇਸ਼ਾਂ ਵਿੱਚ ਸ਼ਾਮਲ ਹੈ ਜਿਨ੍ਹਾਂ ਨੂੰ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਨਾਲ ਗੰਭੀਰ ਸ਼੍ਰੇਣੀ ਵਿੱਚ ਰਖਿਆ ਗਿਆ ਹੈ ਜਦੋਂ ਕਿ ਬੰਗਲਾਦੇਸ਼, ਨੇਪਾਲ ਅਤੇ ਸ਼੍ਰੀਲੰਕਾ ਵਰਗੇ ਦੱਖਣੀ ਏਸ਼ੀਆਈ ਗੁਆਂਢੀ ਦੇਸ਼ ਬਿਹਤਰ ਗਲੋਬਲ ਇੰਡੈਕਸ ਸਕੋਰ ਨਾਲ ਮੱਧ ਸ਼੍ਰੇਣੀ ਵਿੱਚ ਹਨ। ਇੰਡੈਕਸ ਐਂਟਰੀ ਵਿੱਚ ਕਿਹਾ ਗਿਆ ਹੈ ਕਿ 2024 ਦੇ ਗਲੋਬਲ ਹੰਗਰ ਇੰਡੈਕਸ ਵਿੱਚ 27.3 ਦੇ ਸਕੋਰ ਨਾਲ ਭਾਰਤ ਵਿੱਚ ਭੁੱਖਮਰੀ ਦਾ ਪੱਧਰ ਗੰਭੀਰ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਦਾ ਜੀ.ਐਚ.ਆਈ. ਸਕੋਰ ਚਾਰ ਕੰਪੋਨੈਂਟ ਸੂਚਕਾਂ ਦੇ ਮੁੱਲਾਂ 'ਤੇ ਅਧਾਰਤ ਹੈ: "ਆਬਾਦੀ ਦਾ 13.7 ਪ੍ਰਤੀਸ਼ਤ ਕੁਪੋਸ਼ਣ ਦਾ ਸ਼ਿਕਾਰ ਹੈ, ਪੰਜ ਸਾਲ ਤੋਂ ਘੱਟ ਉਮਰ ਦੇ 35.5 ਪ੍ਰਤੀਸ਼ਤ ਬੱਚੇ ਅਵਿਕਸਿਤ ਹਨ, ਜਿਨ੍ਹਾਂ ਵਿਚੋਂ 18.7 ਪ੍ਰਤੀਸ਼ਤ ਕਮਜ਼ੋਰ ਹਨ ਅਤੇ 2.9 ਪ੍ਰਤੀਸ਼ਤ ਬੱਚੇ ਪੈਦਾਇਸ਼ ਦੇ ਪੰਜ ਸਾਲ ਦੇ ਅੰਦਰ ਮਰ ਜਾਂਦੇ ਹਨ।

ਰਿਪੋਰਟ 'ਚ ਵਿਸ਼ਲੇਸ਼ਣ ਦੇ ਆਧਾਰ 'ਤੇ ਕਿਹਾ ਗਿਆ ਹੈ ਕਿ 2030 ਤਕ ਭੁੱਖਮਰੀ ਮੁਕਤ ਦੁਨੀਆਂ ਬਣਾਉਣ ਦੇ ਸੰਯੁਕਤ ਰਾਸ਼ਟਰ ਦੇ ਟਿਕਾਊ ਵਿਕਾਸ ਟੀਚੇ ਨੂੰ ਹਾਸਲ ਕਰਨ ਦੀ ਸੰਭਾਵਨਾ ਬਹੁਤ ਘੱਟ ਹੈ।

ਰਿਪੋਰਟ ਅਨੁਸਾਰ, ਅੰਤਰਰਾਸ਼ਟਰੀ ਭਾਈਚਾਰੇ ਦੁਆਰਾ ਢੁਕਵੇਂ ਭੋਜਨ ਦੇ ਅਧਿਕਾਰ ਦੀ ਮਹੱਤਤਾ 'ਤੇ ਵਾਰ-ਵਾਰ ਜ਼ੋਰ ਦੇਣ ਦੇ ਬਾਵਜੂਦ, ਸਥਾਪਤ ਮਾਪਦੰਡਾਂ ਅਤੇ ਇਸ ਹਕੀਕਤ ਵਿਚਕਾਰ ਚਿੰਤਾਜਨਕ ਅਸਮਾਨਤਾ ਬਣੀ ਹੋਈ ਹੈ। ਦੁਨੀਆਂ ਦੇ ਕਈ ਹਿੱਸਿਆਂ ਵਿੱਚ ਭੋਜਨ ਦੇ ਅਧਿਕਾਰ ਦੀ ਖੁਲ੍ਹੇਆਮ ਅਣਦੇਖੀ ਕੀਤੀ ਜਾ ਰਹੀ ਹੈ। ਵਿਸ਼ਵ ਪੱਧਰ 'ਤੇ, ਲਗਭਗ 73.3 ਕਰੋੜ ਲੋਕ ਹਰ ਦਿਨ ਢੁਕਵੀਂ ਮਾਤਰਾ ਵਿੱਚ ਭੋਜਨ ਦੀ ਘਾਟ ਕਾਰਨ ਭੁੱਖਮਰੀ ਦਾ ਸਾਹਮਣਾ ਕਰਦੇ ਹਨ, ਜਦੋਂ ਕਿ ਲਗਭਗ 2.8 ਅਰਬ ਲੋਕ ਇੱਕ ਸਿਹਤਮੰਦ ਖ਼ੁਰਾਕ ਦਾ ਖ਼ਰਚ ਨਹੀਂ ਚੁਕ ਸਕਦੇ।

## ਭਾਰਤ ਦੇ 100 ਸਭ ਤੋਂ ਵੱਧ ਅਮੀਰਾਂ ਦੀ ਸੰਪਤੀ ਇੱਕ ਖਰਬ ਡਾਲਰ ਤੋਂ ਪਾਰ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਦੇ 100 ਸਭ ਤੋਂ ਵੱਧ ਅਮੀਰਾਂ ਦੀ ਕੁੱਲ ਸੰਪਤੀ ਪਹਿਲੀ ਵਾਰ ਇਕ ਖਰਬ ਡਾਲਰ ਤੋਂ ਪਾਰ ਹੋ ਗਈ ਹੈ। ਫੋਰਬਸ ਵੱਲੋਂ ਜਾਰੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਦੇਸ਼ ਦੇ 80 ਫ਼ੀਸਦੀ ਤੋਂ ਵੱਧ ਸਭ ਤੋਂ ਜ਼ਿਆਦਾ ਅਮੀਰ ਵਿਅਕਤੀ ਹੁਣ ਇਕ ਸਾਲ ਪਹਿਲਾਂ ਦੇ ਮੁਕਾਬਲੇ 'ਚ ਵਧੇਰੇ ਅਮੀਰ ਹਨ। ਫੋਰਬਸ ਦੀ ਭਾਰਤ ਦੇ ਸਿਖਰਲੇ 100 ਅਰਬਪਤੀਆਂ ਦੀ ਸੂਚੀ ਮੁਤਾਬਕ ਰਿਕਾਰਡ ਤੋੜਨ ਵਾਲੇ ਇਕ ਸਾਲ 'ਚ ਭਾਰਤ ਦੇ ਸਭ ਤੋਂ ਅਮੀਰ ਵਿਅਕਤੀਆਂ ਦੀ ਸੰਪਤੀ ਹੁਣ 1.1 ਖਰਬ ਡਾਲਰ ਹੈ, ਜੋ 2019 ਦੇ ਮੁਕਾਬਲੇ 'ਚ ਦੁੱਗਣੀ ਤੋਂ ਵੀ ਵੱਧ ਹੈ। ਪਹਿਲੇ ਨੰਬਰ 'ਤੇ ਰਿਲਾਇੰਸ ਇੰਡਸਟਰੀਜ਼ ਦੇ ਮੁਕੇਸ਼ ਅੰਬਾਨੀ ਹਨ, ਜਿਨ੍ਹਾਂ ਦੀ ਕੁੱਲ ਸੰਪਤੀ 119.5 ਅਰਬ ਡਾਲਰ ਹੈ। ਰਿਪੋਰਟ ਅਨੁਸਾਰ 'ਸਭ



ਤੋਂ ਵਧ ਡਾਲਰ ਹਾਸਲ ਕਰਨ ਵਾਲੇ ਗੌਤਮ ਅਡਾਨੀ ਹਨ, ਜੋ ਪਿਛਲੇ ਸਾਲ ਲੱਗੇ ਦੋਸ਼ਾਂ ਮਗਰੋਂ ਮਜ਼ਬੂਤੀ ਨਾਲ ਅਗਾਂਹ ਵਧੇ ਹਨ।'

ਰਿਪੋਰਟ ਅਨੁਸਾਰ ਭਾਰਤ ਦੇ ਸਭ ਤੋਂ ਅਮੀਰ ਵਿਅਕਤੀਆਂ ਨੇ ਪਿਛਲੇ 12 ਮਹੀਨਿਆਂ 'ਚ 316 ਅਰਬ ਡਾਲਰ ਜਾਂ ਕਰੀਬ 40 ਫ਼ੀਸਦੀ ਸੰਪਤੀ ਜੋੜੀ ਹੈ।

**ਸਾਵਿਤਰੀ ਜਿੰਦਲ ਤੀਜੇ ਸਥਾਨ 'ਤੇ**

ਸਟੀਲ ਤੋਂ ਬਿਜਲੀ ਤੱਕ ਦਾ ਕਾਰੋਬਾਰ ਕਰਨ ਵਾਲੀ ਕੰਪਨੀ ਓ.ਪੀ. ਜਿੰਦਲ ਗਰੁੱਪ ਦੀ ਮੁਖੀ ਸਾਵਿਤਰੀ ਜਿੰਦਲ (43.7 ਅਰਬ ਡਾਲਰ) ਨੇ ਸੂਚੀ 'ਚ ਪਹਿਲੀ ਵਾਰ ਤੀਜਾ ਸਥਾਨ ਹਾਸਲ ਕੀਤਾ ਹੈ। ਉਹ ਸੂਚੀ 'ਚ ਸ਼ਾਮਲ ਨੌਂ ਮਹਿਲਾਵਾਂ 'ਚੋਂ ਇਕ ਹਨ ਜੋ ਸਾਲ ਪਹਿਲਾਂ ਅੱਠਵੇਂ ਨੰਬਰ 'ਤੇ ਸਨ।

ਫੋਰਬਸ ਦੀ ਸੂਚੀ 'ਚ ਬਾਇਓਲੌਜੀਕਲ ਈ ਦੀ ਵੈਕਸੀਨ ਨਿਰਮਾਤਾ ਮਹਿਮਾ ਦਤਲਾ ਚਾਰ ਨਵੇਂ ਅਮੀਰਾਂ 'ਚ ਸ਼ੁਮਾਰ ਹੈ। ਸੂਚੀ 'ਚ ਸ਼ਿਵ ਨਾਦਰ 40.2 ਅਰਬ ਡਾਲਰ ਨਾਲ ਚੌਥੇ ਅਤੇ ਸਨ ਫਾਰਮਾ ਦੇ ਬਾਨੀ ਦਿਲੀਪ ਸਾਂਘਵੀ 32.4 ਅਰਬ ਡਾਲਰ ਨਾਲ ਪੰਜਵੇਂ ਸਥਾਨ 'ਤੇ ਪੁੱਜ ਗਏ ਹਨ।

## ਹਰਿਆਣਾ: ਜਿੱਤ ਦੇ ਬਾਵਜੂਦ ਭਾਜਪਾ ਦੇ ਪੰਜ ਜ਼ਿਲ੍ਹਿਆਂ 'ਚ ਪੈਰ ਨਾ ਲੱਗੇ

ਚੰਡੀਗੜ੍ਹ/ਏ.ਟੀ.ਨਿਊਜ਼: ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੇ 48 ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ ਜਦਕਿ ਕਾਂਗਰਸ ਨੂੰ 37 ਤੇ ਇਨੈਲੋ ਨੂੰ ਦੋ ਸੀਟਾਂ 'ਤੇ ਹੀ ਸਬਰ ਕਰਨਾ ਪਿਆ ਹੈ। ਇਸ ਦੇ ਬਾਵਜੂਦ ਹਰਿਆਣਾ ਦੇ ਕੁਝ ਇਲਾਕੇ ਅਜਿਹੇ ਹਨ, ਜਿੱਥੇ ਅੱਜ ਵੀ ਕਾਂਗਰਸ ਭਾਰੂ ਹੈ। ਇਨ੍ਹਾਂ ਇਲਾਕਿਆਂ ਵਿੱਚ ਭਾਜਪਾ ਇੱਕ ਵੀ ਸੀਟ ਹਾਸਲ ਨਹੀਂ ਕਰ ਸਕੀ। ਹਰਿਆਣਾ ਦੇ 22 ਜ਼ਿਲ੍ਹਿਆਂ ਵਿੱਚੋਂ 5 ਜ਼ਿਲ੍ਹਿਆਂ ਵਿੱਚ ਭਾਜਪਾ ਆਪਣਾ ਖਾਤਾ ਵੀ ਨਾ ਖੋਲ੍ਹ ਸਕੀ। ਇਨ੍ਹਾਂ ਵਿੱਚ ਫ਼ਤਿਆਬਾਦ, ਸਿਰਸਾ, ਰੋਹਤਕ, ਝੱਜਰ ਅਤੇ ਨੂਹ ਸ਼ਾਮਲ ਹਨ।



ਹਰਿਆਣਾ ਦੇ ਇਨ੍ਹਾਂ ਪੰਜ ਜ਼ਿਲ੍ਹਿਆਂ ਵਿੱਚ 19 ਵਿਧਾਨ ਸਭਾ ਸੀਟਾਂ ਹਨ, ਜਿਸ ਵਿੱਚੋਂ 16 'ਤੇ ਕਾਂਗਰਸ, ਦੋ 'ਤੇ ਇਨੈਲੋ ਅਤੇ ਇੱਕ ਆਜ਼ਾਦ ਉਮੀਦਵਾਰ ਨੇ ਜਿੱਤ ਹਾਸਲ ਕੀਤੀ ਹੈ। ਇਸ ਵਿੱਚੋਂ ਤਿੰਨ ਵਿਧਾਨ ਸਭਾ ਹਲਕਿਆਂ 'ਤੇ ਭਾਜਪਾ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਹਨ। ਇਸ ਵਿੱਚ ਵਿਧਾਨ ਸਭਾ ਹਲਕਾ ਡੱਬਵਾਲੀ, ਮਹਿਮ ਤੇ ਪੁਨਹਾਨਾ ਸ਼ਾਮਲ ਹਨ। ਡੱਬਵਾਲੀ ਤੋਂ ਭਾਜਪਾ ਉਮੀਦਵਾਰ ਬਲਦੇਵ ਸਿੰਘ ਨੂੰ 7139, ਮਹਿਮ ਤੋਂ ਦੀਪਕ ਹੁੱਡਾ ਨੂੰ 8929 ਅਤੇ ਪੁਨਹਾਨਾ ਤੋਂ ਮੁਹੰਮਦ ਇਜਾਜ਼ ਖਾਨ ਨੂੰ 5072 ਵੋਟਾਂ ਪਈਆਂ ਹਨ। ਇਸ ਤੋਂ ਇਲਾਵਾ ਵਿਧਾਨ ਸਭਾ ਹਲਕਾ ਏਲਨਾਬਾਦ ਤੇ ਨੂਹ ਵਿੱਚ ਭਾਜਪਾ ਉਮੀਦਵਾਰ ਤੀਜੇ ਨੰਬਰ 'ਤੇ ਰਹੇ ਹਨ। ਵਿਧਾਨ ਸਭਾ ਹਲਕਾ ਬਹਾਦਰਗੜ੍ਹ ਤੋਂ ਆਜ਼ਾਦ ਉਮੀਦਵਾਰ ਰਾਜੇਸ਼ ਜੂਨ ਨੇ 41999 ਵੋਟਾਂ ਦੇ ਫ਼ਰਕ ਨਾਲ ਭਾਜਪਾ ਉਮੀਦਵਾਰ ਦਿਨੇਸ਼ ਕੌਸ਼ਿਕ ਤੋਂ ਹਰਾਇਆ ਹੈ। ਇੱਥੋਂ ਰਾਜੇਸ਼ ਜੂਨ ਨੂੰ 73191 ਅਤੇ ਭਾਜਪਾ ਉਮੀਦਵਾਰ ਦਿਨੇਸ਼ ਕੌਸ਼ਿਕ ਨੂੰ 31192 ਵੋਟਾਂ ਪਈਆਂ। ਹਾਲਾਂਕਿ ਆਜ਼ਾਦ ਉਮੀਦਵਾਰ ਵਜੋਂ ਚੋਣ ਜਿੱਤਣ ਵਾਲੇ ਰਾਜੇਸ਼ ਜੂਨ ਨੇ ਵੀ ਭਾਜਪਾ ਦੀ ਹਮਾਇਤ ਕਰਨ ਦਾ ਐਲਾਨ ਕਰ ਦਿੱਤਾ ਹੈ। ਵਿਧਾਨ ਸਭਾ ਹਲਕਾ ਰਾਣੀਆ ਤੋਂ ਇਨੈਲੋ ਦੇ ਅਰਜੁਨ ਚੌਟਾਲਾ ਨੇ 4191 ਵੋਟਾਂ ਦੇ ਫ਼ਰਕ ਨਾਲ ਜਿੱਤ ਹਾਸਲ ਕੀਤੀ ਹੈ (ਬਾਕੀ ਸਫ਼ਾ 31 'ਤੇ)

# ਯੂ.ਪੀ. ਦੇ ਬਹਿਰਾਇਚ 'ਚ ਭਗਵੇਂ ਵਾਦੀਆਂ ਨੇ ਕੀਤੀ ਹਿੰਸਾ

ਬਹਿਰਾਇਚ/ਏ.ਟੀ.ਨਿਊਜ਼: ਬੀਤੇ ਦਿਨ ਬਹਿਰਾਇਚ ਦੇ ਮਨਸੂਰ ਪਿੰਡ ਦੇ ਮੇਹਰਾਜਗੰਜ ਵਿੱਚ ਮੂਰਤੀ ਵਿਸਰਜਨ ਦੌਰਾਨ ਮੁਸਲਮਾਨ ਤੇ ਭਗਵੇਂ ਵਾਦੀ ਧਿਰਾਂ ਵਿੱਚ ਹੰਗਾਮਾ ਇੰਨਾ ਵਧ ਗਿਆ ਕਿ ਪੱਥਰਬਾਜ਼ੀ ਤੇ ਗੋਲੀਬਾਰੀ ਹੋਈ, ਜਿਸ ਵਿੱਚ ਇੱਕ ਨੌਜਵਾਨ ਦੀ ਮੌਤ ਤੋਂ ਬਾਅਦ ਇਸ ਘਟਨਾ ਨੇ ਹਿੰਸਾ ਦਾ ਰੂਪ ਧਾਰ ਲਿਆ ਹੈ।

ਭਗਵੀਂ ਹਿੰਸਕ ਭੀੜ ਲਾਠੀਆਂ ਤੇ ਲੋਹੇ ਦੀਆਂ ਰਾਡਾਂ ਨਾਲ ਲੈਸ, ਸੜਕਾਂ 'ਤੇ ਘੁੰਮਦੀ ਰਹੀ, ਜਿਨ੍ਹਾਂ ਨੇ ਮੁਸਲਮਾਨਾਂ ਦੀਆਂ ਦੁਕਾਨਾਂ ਤੇ ਕੁਝ ਵਾਹਨਾਂ ਨੂੰ ਅੱਗ ਲਗਾ ਦਿੱਤੀ। ਮੁਸਲਮਾਨਾਂ ਦੀ ਭੀੜ ਨੇ ਵੀ ਪੱਥਰਬਾਜੀ ਕੀਤੀ। ਇਹ ਤਣਾਅ ਉਦੋਂ ਛਿੜਿਆ ਜਦੋਂ ਮਸਜਿਦ ਉੱਪਰ ਭਗਵਾਂ ਝੰਡਾ ਲਹਿਰਾ ਦਿੱਤਾ।

ਇਸ ਹਿੰਸਾ ਸੰਬੰਧੀ ਪੁਲਿਸ ਨੇ ਇੱਕ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ ਤੇ ਲਗਭਗ 30 ਲੋਕਾਂ ਨੂੰ

### ਮਸਜਿਦ ਉੱਪਰ ਲਗਾਇਆ ਭਗਵਾਂ ਝੰਡਾ



### ਭੀੜ ਨੇ ਦੁਕਾਨਾਂ ਤੇ ਵਾਹਨਾਂ ਨੂੰ ਲਾਈ ਅੱਗ



ਹਿਰਾਸਤ ਵਿੱਚ ਲਿਆ ਹੈ। ਪਥਰਾਅ ਤੇ ਗੋਲੀਬਾਰੀ ਵਿੱਚ ਅੱਧੀ ਦਰਜਨ ਦੇ ਕਰੀਬ ਲੋਕਾਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਹੈ। ਕਈ ਥਾਵਾਂ 'ਤੇ ਪ੍ਰਦਰਸ਼ਨ ਹੋਏ ਤੇ ਪੁਲਿਸ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ। ਇਸ ਦੌਰਾਨ ਜ਼ਿਲ੍ਹੇ ਵਿੱਚ ਇੰਟਰਨੈੱਟ ਸੇਵਾਵਾਂ ਬੰਦ ਰਹੀਆਂ। ਬਹਿਰਾਇਚ ਦੇ ਐਸ.ਪੀ. ਵਰਿੰਦਾ ਸ਼ੁਕਲਾ ਨੇ ਦੱਸਿਆ ਕਿ ਸਥਿਤੀ ਨੂੰ ਕਾਬੂ ਵਿੱਚ ਲਿਆਂਦਾ ਜਾ ਰਿਹਾ ਹੈ। ਇਸ ਮਾਮਲੇ ਵਿੱਚ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਸਖ਼ਤੀ ਦਿਖਾਉਂਦੇ ਹੋਏ ਸਖ਼ਤ ਕਾਰਵਾਈ ਦੇ ਹੁਕਮ ਦਿੱਤੇ ਹਨ। ਇਸ ਘਟਨਾ 'ਤੇ ਦੁਖ ਜ਼ਾਹਿਰ ਕਰਦੇ ਹੋਏ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਕਿਹਾ ਕਿ ਮੇਰੀ ਸਭ ਨੂੰ ਅਪੀਲ ਹੈ ਕਿ ਕਾਨੂੰਨ ਵਿਵਸਥਾ ਬਣਾ ਕੇ ਰੱਖੀ ਜਾਵੇ। ਇਹ ਘਟਨਾ ਦੁਖਦਾਈ ਹੈ। ਸਰਕਾਰ ਨੂੰ ਇਨਸਾਫ਼ ਕਰਨਾ ਚਾਹੀਦਾ ਹੈ।

## ਦਰਪਣ ਝੂਠ ਨਹੀਂ ਬੋਲਦਾ

# ਆਨਲਾਈਨ ਗੁਟਕਾ ਸਾਹਿਬ ਦੀ ਵਿਕਰੀ ਨਾ ਰੋਕੇ ਸ਼੍ਰੋਮਣੀ ਕਮੇਟੀ

## ਸਿੱਖ ਚਿੰਤਕਾਂ ਦਾ ਇਕੱਠ ਬੁਲਾਕੇ, ਗੁਰਬਾਣੀ ਦੀ ਬੇਅਦਬੀ ਸੰਬੰਧੀ ਸਪੱਸ਼ਟ ਪਰਿਭਾਸ਼ਾ ਤੈਅ ਕਰੇ

### ਬਿਪਰਵਾਦੀ ਸਾਜ਼ਿਸ਼ ਤੋਂ ਸ਼੍ਰੋਮਣੀ ਕਮੇਟੀ ਸੁਚੇਤ ਰਹੇ: ਗਿਆਨੀ ਜਾਚਕ

### ਬੇਅਦਬੀਆਂ ਦੇ ਨਾਮ ਉੱਪਰ ਸਿੱਖੀ ਦਾ ਪ੍ਰਚਾਰ ਨਾ ਰੋਕੋ: ਬੀਬੀ ਕਿਰਨਜੋਤ ਕੌਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਸਮਿਆਂ ਦੌਰਾਨ ਕੁਝ ਸਿੱਖ ਧਿਰਾਂ ਕੁਝ ਜ਼ਿਆਦਾ ਹੀ ਸੰਵੇਦਨਸ਼ੀਲ ਹੋ ਗਈਆਂ ਹਨ ਤੇ ਉਹ ਆਮ ਵਰਤਾਰੇ ਨੂੰ ਵੀ ਬੇਅਦਬੀ ਸਮਝ ਰਹੀਆਂ ਹਨ। ਕੁਝ ਆਪੇ ਬਣੇ ਚੌਧਰੀ ਸਿੱਖਾਂ ਦੇ ਨਾਮ ਉੱਪਰ ਗੁਰਬਾਣੀ ਦੇ ਸਤਿਕਾਰ ਦੇ ਨਾਂਅ ਹੇਠ ਮਨਮਾਨੀਆਂ ਵੀ ਕਰਨ ਲੱਗ ਪਏ ਹਨ। ਸਿੱਖਾਂ ਦੇ ਘਰੋਂ ਗੁਰੂ ਗ੍ਰੰਥ ਸਾਹਿਬ, ਗੁਟਕੇ ਵੀ ਚੁੱਕਣ ਲਗ ਪਏ ਹਨ।

ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਸਤਿਕਾਰ ਕਮੇਟੀਆਂ ਦੀ ਇਸ ਕਰਕੇ ਆਲੋਚਨਾ ਕਰ ਚੁੱਕੇ ਹਨ ਕਿ ਮਰਿਯਾਦਾ ਦੇ ਨਾਂਅ 'ਤੇ ਪੰਜਾਬ ਹੀ ਨਹੀਂ, ਸਗੋਂ ਦਿੱਲੀ ਆਦਿ ਵਿੱਚ ਵੀ ਇਹ ਲੋਕ ਪੁਲਿਸ ਨੂੰ ਨਾਲ ਲੈ ਕੇ ਸਿੱਖਾਂ ਦੇ ਘਰਾਂ ਵਿੱਚ ਪ੍ਰਕਾਸ਼ ਕੀਤੇ ਜਾ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਧੱਕੇ ਨਾਲ ਚੁਕਵਾ ਲੈਂਦੇ ਹਨ।

ਕੀ ਅਸੀਂ ਚਾਹੁੰਦੇ ਹਾਂ ਕਿ ਸਿੱਖੀ ਦਾ ਦਾਇਰਾ ਸੀਮਤ ਹੁੰਦਾ ਜਾਵੇ ਤੇ ਲੋਕ ਸਿੱਖੀ ਅਤੇ ਗੁਰਬਾਣੀ ਤੋਂ ਦੂਰ ਹੁੰਦੇ ਜਾਣ? ਸਾਡੀ ਇਸ ਘਟੀਆ ਕਾਰਗੁਜ਼ਾਰੀ ਨੇ ਕਈ ਨਾਨਕ ਨਾਮ ਲੇਵਾ ਸੰਪਰਦਾਵਾਂ ਜਿਵੇਂ ਸਹਿਜਧਾਰੀਆਂ, ਸਿੰਧੀਆਂ ਤੇ ਨਿਰਮਲਿਆਂ ਨੂੰ ਸਾਡੇ ਤੋਂ ਦੂਰ ਕਰਨ ਦੀ ਹੀ ਭੂਮਿਕਾ ਅਦਾ ਕੀਤੀ ਹੈ।

ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਇਨ੍ਹਾਂ ਆਪੂ ਬਣੇ ਚੌਧਰੀਆਂ ਖ਼ਿਲਾਫ਼ ਸਖ਼ਤ ਸਟੈਂਡ ਲਿਆ ਹੈ ਤੇ ਇਨ੍ਹਾਂ ਦੀਆਂ ਹਰਕਤਾਂ ਨੂੰ ਸਿੱਖੀ ਦੇ ਵਿਕਾਸ ਵਿੱਚ ਰੁਕਾਵਟ ਦੱਸਿਆ ਹੈ। ਹੁਣੇ ਜਿਹੇ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਦੇ ਪ੍ਰਭਾਵ ਅਧੀਨ ਗੁਟਕਾ ਸਾਹਿਬ ਤੇ ਧਾਰਮਿਕ ਲਿਟਰੇਚਰ ਆਨ ਲਾਈਨ ਭੇਜਣ ਵਿਰੁੱਧ ਮਤਾ ਪਾਸ ਕੀਤਾ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਐਮਾਜ਼ੋਨ ਨੂੰ ਕਿਹਾ ਸੀ ਕਿ ਉਹ ਇਹ ਗੁਟਕਾ ਸਾਹਿਬ ਵੇਚਣੇ ਬੰਦ ਕਰਨ। ਤੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਉਹ ਆਨਲਾਈਨ ਗੁਟਕਾ ਸਾਹਿਬ ਭੇਜਣ ਉੱਪਰ ਪਾਬੰਦੀ ਲਗਾਉਣ।




ਸੋਚਣ ਵਾਲੀ ਗੱਲ ਹੈ ਕਿ ਐਮਾਜ਼ੋਨ 'ਤੇ ਗੁਟਕਾ ਸਾਹਿਬ ਦੀ ਵਿਕਰੀ 'ਤੇ ਰੋਕ ਸਾਨੂੰ ਕਿਧਰ ਨੂੰ ਲੈ ਕੇ ਜਾਵੇਗੀ? ਕੀ ਕੱਲ੍ਹ ਨੂੰ ਅਸੀਂ ਗੁਰਬਾਣੀ 'ਐਪ' ਬਣਾਉਣ 'ਤੇ ਵੀ ਪਾਬੰਦੀ ਲਾਵਾਂਗੇ? ਇਸ ਵੇਲੇ ਲੱਖਾਂ ਲੋਕ ਇਥੋਂ ਤੱਕ ਕਿ ਵੱਡੇ-ਵੱਡੇ ਰਾਗੀ ਵੀ ਕੀਰਤਨ ਕਰਨ ਵੇਲੇ ਇਹ ਐਪ ਖੋਲ੍ਹ ਕੇ ਹੀ ਸ਼ਬਦਾਂ ਦਾ ਸਹੀ ਉਚਾਰਨ ਕਰਦੇ ਦੇਖੇ ਗਏ ਹਨ। ਕੀ ਅਸੀਂ ਚਾਹੁੰਦੇ ਹਾਂ ਕਿ ਗੁਰਬਾਣੀ ਸਿਰਫ਼ ਸਾਡੇ ਤੱਕ ਹੀ ਸੀਮਤ ਰਹਿ ਜਾਵੇ। ਇਹ ਯੁੱਗ ਆਰਟੀਫ਼ੀਸ਼ਲ ਇੰਟੈਲੀਜੈਂਸ (ਏ.ਆਈ.) ਦਾ ਯੁੱਗ ਹੈ, ਜਿਥੇ ਹਰ ਧਰਮ ਹਰ ਚੀਜ਼ ਦਾ ਗਿਆਨ ਪਿਆ ਹੈ ਤੇ ਕਿਸੇ ਧਰਮ ਨੂੰ ਮੰਨਣਾ ਜਾਂ ਇਥੋਂ ਤੱਕ ਕਿ ਨਾਸਤਿਕ ਬੰਦਾ ਵੀ ਕਿਸੇ ਵੀ ਧਰਮ ਤੇ ਕਿਸੇ ਵੀ ਚੀਜ਼ ਬਾਰੇ ਗਿਆਨ ਹਾਸਿਲ ਕਰਨ ਦੇ ਸਮਰੱਥ ਹੋ ਰਿਹਾ ਹੈ। ਕੀ ਅਸੀਂ ਕੱਲ੍ਹ ਨੂੰ ਏ.ਆਈ. ਵਿੱਚ ਵੀ ਗੁਰਬਾਣੀ ਦਾ ਮੂਲ ਪਾਠ ਪਾਉਣ 'ਤੇ ਰੋਕ ਲਗਾ ਦੇਵਾਂਗੇ?





ਐਮਾਜ਼ੋਨ ਇਸ ਵੇਲੇ 13 ਦੇਸ਼ਾਂ ਵਿੱਚ ਸਿੱਧੇ ਰੂਪ ਵਿੱਚ ਮੌਜੂਦ ਹੈ ਅਤੇ ਕਰੀਬ 100 ਮੁਲਕਾਂ ਵਿੱਚ ਉਹ ਚੀਜ਼ਾਂ ਭੇਜਣ ਦਾ ਕੰਮ ਕਰ ਰਹੀ ਹੈ। ਕੀ ਸ਼੍ਰੋਮਣੀ ਕਮੇਟੀ ਇਨ੍ਹਾਂ 100 ਮੁਲਕਾਂ ਵਿੱਚ ਗੁਰਬਾਣੀ ਪਹੁੰਚਾਉਣ ਦੇ ਸਮਰੱਥ ਹੈ?

ਬੀਬੀ ਕਿਰਨਜੋਤ ਕੌਰ ਨੇ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਵਲੋਂ ਪ੍ਰਕਾਸ਼ਤ ਸਿੱਖ ਰਹਿਤ ਮਰਿਆਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ ਸਹਿਤ ਪ੍ਰਕਾਸ਼ ਲਈ ਸਥਾਨ ਤੇ ਵਿਛਾਈ ਲਈ ਬਸਤਰ ਸਾਫ਼-ਸੁਥਰੇ, ਮੰਜੀ, ਗਦੇਲੇ, ਚੰਦੋਆ, ਚੌਰ ਤੇ ਰੁਮਾਲ ਆਦਿਕ ਸਮਾਨ ਗੁਰਦੁਆਰਾ ਸਾਹਿਬਾਨ ਦੇ ਪ੍ਰਕਾਸ਼-ਸਥਾਨ (ਸਤਿਸੰਗ-ਸਥਾਨ, ਦੀਵਾਨ ਹਾਲ) ਲਈ ਅਤਿ ਲੋੜੀਂਦਾ ਹੈ। ਗੁਰਬਾਣੀ ਦੀਆਂ ਸੰਥਾ ਸੈਂਚੀਆਂ, ਗੁਟਕਿਆਂ ਤੇ ਗੁਰਬਾਣੀ ਦੀ ਵਿਆਖਿਆ ਰੂਪ ਹੋਰ ਧਾਰਮਿਕ ਪੁਸਤਕਾਂ ਲਈ ਉਪਰੋਕਤ ਕਿਸਮ ਦਾ ਕੋਈ ਵਿਧਾਨ ਨਹੀਂ ਹੈ।

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਾਬਕਾ ਗ੍ਰੰਥੀ ਤੇ ਅੰਤਰਰਾਸ਼ਟਰੀ ਸਿੱਖ ਪ੍ਰਚਾਰਕ ਗਿ. ਜਗਤਾਰ ਸਿੰਘ ਜਾਚਕ ਨੇ ਕਿਹਾ ਕਿ ਦੇਸ਼ ਵਿਦੇਸ਼ ਵਿੱਚ ਵਸਦੇ ਪੰਥ ਹਿਤਕਾਰੀ ਸੱਜਣ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਉਸ ਬਿਆਨ ਪੱਖੋਂ ਬੜੇ ਚਿੰਤਤ ਹਨ ਜਿਸ ਵਲੋਂ 100 ਦੇਸ਼ਾਂ ਤੱਕ ਪਹੁੰਚ ਰੱਖਣ ਵਾਲੀਆਂ ਐਮਾਜ਼ੋਨ ਤੇ ਫ਼ਲਿਪਕਾਰਟ ਵਰਗੀਆਂ ਆਨਲਾਈਨ ਸਾਈਟਾਂ ਜਾਂ ਐਪਾਂ ਰਾਹੀਂ ਗੁਰਬਾਣੀ ਦੇ ਗੁਟਕੇ ਤੇ ਸੈਂਚੀਆਂ ਆਦਿਕ ਦੀ ਵਿਕਰੀ ਨੂੰ ਬੇਅਦਬੀ ਵਜੋਂ ਲੈਂਦਿਆਂ ਅਜਿਹੀ ਵਿਕਰੀ ਨੂੰ ਰੋਕਣ ਦੀ ਜ਼ੋਰਦਾਰ ਵਕਾਲਤ ਕੀਤੀ ਹੈ।

ਉਨ੍ਹਾਂ ਕਿਹਾ ਕਿ ਕੀ ਸ਼੍ਰੋਮਣੀ ਕਮੇਟੀ ਅਖ਼ਬਾਰਾਂ ਤੇ ਮੈਗਜ਼ੀਨਾਂ ਰਾਹੀਂ ਗੁਰਮਤਿ ਦੀ ਵਿਆਖਿਆ ਸਬੰਧੀ ਕੋਈ ਲੇਖ ਛਾਪਣ 'ਤੇ ਵੀ ਪਾਬੰਦੀ ਲਾਵੇਗੀ? ਕੀ ਸ਼੍ਰੋਮਣੀ ਕਮੇਟੀ ਆਪਣੀ ਵੈੱਬਸਾਈਟ ਰਾਹੀਂ ਆਪਣੀਆਂ ਪ੍ਰਕਾਸ਼ਨਾਵਾਂ ਦੀ ਵਿਕਰੀ 'ਤੇ ਵੀ ਰੋਕ ਲਾਏਗੀ? ਉਨ੍ਹਾਂ ਕਿਹਾ ਕਿ ਇਉਂ ਜਾਪਦਾ ਹੈ ਕਿ ਪ੍ਰਧਾਨ ਜੀ ਨੇ ਰਾਜਨੀਤਕਾਂ ਦੀ ਵੋਟ-ਬਟੋਰੂ ਨੀਤੀ ਤੇ ਬਿਪਰਵਾਦੀ ਨੀਤੀਆਂ ਦੀ ਏਜੰਟ ਬਣੀ ਸੰਪਰਦਾਈ ਸੰਕੀਰਨ ਸੋਚ ਦੇ ਦਬਾਅ ਹੇਠ ਅਜਿਹਾ ਕਦਮ ਚੁੱਕਿਆ ਹੈ।

# ਹਰਿਆਣੇ ਵਿੱਚ ਕਿੱਥੇ ਗਿਆ ਰਾਹੁਲ ਦਾ ਕ੍ਰਿਸ਼ਮਾ?

## ਕਾਂਗਰਸ ਆਪਣੀ ਹਾਰ ਕਾਰਨ ਈ.ਵੀ.ਐਮ. ਦੀ ਹੇਰਾਫ਼ੇਰੀ ਦਾ ਕਿਉਂ ਬਣਾ ਰਹੀ ਹੈ ਬਹਾਨਾ?

### ਦਲਿਤਾਂ ਕਾਰਨ ਕਾਂਗਰਸ ਹਾਰੀ, ਰਾਹੁਲ ਨਹੀਂ ਸੰਭਾਲ ਸਕੇ ਜ਼ਿੰਮੇਵਾਰੀ

ਹਰਿਆਣਾ ਦੇ ਚੋਣ ਨਤੀਜਿਆਂ ਦਾ ਵਿਸ਼ਲੇਸ਼ਣ ਕਰਨ ਵਾਲੀ ਕਾਂਗਰਸ ਦੀ ਹਾਈਕਮਾਂਡ ਹਰ ਵਾਰ ਦੀ ਤਰ੍ਹਾਂ ਰਾਹੁਲ ਗਾਂਧੀ ਦੀ ਦੋਸ਼ਾਂ ਭਰਪੂਰ ਰਾਜਨੀਤੀ ਨੂੰ ਛੁਪਾਉਣ ਲਈ ਈ.ਵੀ.ਐਮ. ਦੀ ਹੇਰਾਫ਼ੇਰੀ ਤੇ ਚੋਣ ਕਮਿਸ਼ਨ ਉੱਪਰ ਦੋਸ਼ ਮੜ੍ਹਕੇ ਰਾਹੁਲ ਗਾਂਧੀ ਦੇ ਦੁਆਲੇ ਇੱਕ ਸੁਰੱਖਿਆ ਕਵਚ ਬਣਾ ਰਹੇ ਹਨ। ਕੋਈ ਇਹ ਨਹੀਂ ਪੁੱਛ ਰਿਹਾ ਕਿ ਰਾਹੁਲ ਗਾਂਧੀ ਦਾ ਪ੍ਰਬੰਧਨ ਅਤੇ ਉਨ੍ਹਾਂ ਦਾ ਕ੍ਰਿਸ਼ਮਾ ਕਿੱਥੇ ਸੀ? ਜਿਸ ਸਮੇਂ ਕੁਮਾਰੀ ਸ਼ੈਲਜਾ ਪ੍ਰਤੀ ਕਥਿਤ ਤੌਰ 'ਤੇ ਜਾਤੀਸੂਚਕ ਗੱਲਾਂ ਕਹੀਆਂ ਗਈਆਂ ਅਤੇ ਉਹ ਨਾਰਾਜ਼ ਹੋ ਕੇ ਘਰ ਬੈਠ ਗਈ ਤਾਂ ਰਾਹੁਲ ਨੇ ਕੀ ਕੀਤਾ? ਉਨ੍ਹਾਂ ਦੇ ਨਾਰਾਜ਼ ਹੋਣ ਅਤੇ ਪ੍ਰਚਾਰ ਤੋਂ ਵੱਖ ਹੋ ਜਾਣ ਦੇ ਲਗਭਗ 10 ਦਿਨਾਂ ਤੱਕ ਕੋਈ ਪਹਿਲ ਨਹੀਂ ਹੋਈ। ਇਸ ਦੌਰਾਨ ਮਨੋਹਰ ਲਾਲ ਖੱਟਰ ਨੇ ਉਨ੍ਹਾਂ ਨੂੰ ਭਾਜਪਾ ਵਿੱਚ ਸ਼ਾਮਿਲ ਹੋਣ ਦਾ ਪ੍ਰਸਤਾਵ ਦਿੱਤਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀਆਂ ਰੈਲੀਆਂ ਵਿੱਚ ਇਸ ਗੱਲ ਨੂੰ ਮੁੱਦਾ ਬਣਾਇਆ।

ਦਲਿਤ ਵੋਟਰ ਪਹਿਲਾਂ ਤੋਂ ਜਾਟਸ਼ਾਹੀ ਦੀ ਸੰਭਾਵਨਾ ਤੋਂ ਚਿੰਤਾ ਵਿੱਚ ਸਨ ਅਤੇ ਸ਼ੈਲਜਾ ਦੇ ਘਰ ਬੈਠਣ ਨਾਲ ਦਲਿਤਾਂ ਦੇ ਇੱਕ ਵੱਡੇ ਸਮੂਹ ਦਾ ਰੁਝਾਨ ਭਾਜਪਾ ਵੱਲ ਬਣਨ ਲੱਗਾ। ਜਦੋਂ ਤੱਕ ਰਾਹੁਲ ਗਾਂਧੀ ਹੁੱਡਾ ਅਤੇ ਸ਼ੈਲਜਾ ਨੂੰ ਇੱਕ ਮੰਚ 'ਤੇ ਲਿਆਉਂਦੇ, ਉਦੋਂ ਤੱਕ ਬਹੁਤ ਦੇਰ ਹੋ ਗਈ ਸੀ। ਇਸ ਤੋਂ ਬਾਅਦ ਰਾਹੁਲ



ਗਾਂਧੀ ਨੇ ਦੋ ਦਿਨ ਯਾਤਰਾ ਕੀਤੀ। ਉਨ੍ਹਾਂ ਯਾਤਰਾਵਾਂ ਵਿੱਚ ਕੀ ਹੋਇਆ? ਜਿਨ੍ਹਾਂ ਇਲਾਕਿਆਂ ਤੋਂ ਰਾਹੁਲ ਦੀ ਯਾਤਰਾ ਨਿਕਲੀ, ਉੱਥੇ ਕੋਈ ਕ੍ਰਿਸ਼ਮਾ ਕੰਮ ਨਹੀਂ ਆਇਆ। ਜਿੱਥੇ ਉਨ੍ਹਾਂ ਨੇ ਜਲੇਬੀ ਖਾਧੀ ਅਤੇ ਉਸ ਦਾ ਇੰਨਾ ਵੱਡਾ ਮੁੱਦਾ ਬਣਿਆ, ਉੱਥੇ ਵੀ ਕਾਂਗਰਸ ਹਾਰ ਗਈ। ਲੋਕ ਸਭਾ ਵਿੱਚ ਕਾਂਗਰਸ ਦੀਆਂ ਸੀਟਾਂ ਵਿਰੋਧੀ ਧਿਰ ਦੇ ਇਕਜੁੱਟ ਹੋ ਕੇ ਲੜਨ ਨਾਲ ਵਧੀਆਂ ਸਨ। ਹਰਿਆਣਾ ਵਿੱਚ ਕਾਂਗਰਸ ਦੇ ਇਕੱਲਿਆਂ ਲੜਨ 'ਤੇ ਹਕੀਕਤ ਸਾਹਮਣੇ ਆ ਗਈ। ਜੰਮੂ-ਕਸ਼ਮੀਰ ਵਿੱਚ ਵੀ ਕਾਂਗਰਸ ਆਪਣੇ ਅਸਰ ਵਾਲੇ ਜੰਮੂ ਇਲਾਕੇ ਵਿੱਚ ਸਾਫ਼ ਹੀ ਹੋ ਗਈ।

ਪਰ ਕਾਂਗਰਸ ਆਪਣੀ ਹਾਰ ਦੀ ਹਕੀਕਤ ਪਛਾਣਨ ਦੀ ਥਾਂ ਈ.ਵੀ.ਐਮ. ਨੂੰ ਦੋਸ਼ੀ ਠਹਿਰਾ ਰਹੀ ਹੈ।

# ਪੰਜਾਬ ਤੋਂ ਬਾਅਦ ਹਰਿਆਣਾ ਤੇ ਦਿੱਲੀ, ਡਰੱਗ ਦੇ ਚੱਕਰਵਿਊ 'ਚ ਫ਼ਸੇ

## ਗੁਜਰਾਤ ਦੇ ਸਮੁੰਦਰ ਦੇ ਤੱਟ 'ਤੇ ਫ਼ੜੀ ਡਰੱਗ ਦੇ ਮੁੱਖ ਦੋਸ਼ੀ ਦਾ ਹਾਲੇ ਤਕ ਕੋਈ ਪਤਾ ਨਹੀਂ

ਭਾਰਤ ਵਿੱਚ ਨਸ਼ੇ ਦੇ ਕਾਰੋਬਾਰ ਦੇ ਸਿਲਸਿਲੇ ਵਿੱਚ ਕੁਝ ਸਮਾਂ ਪਹਿਲਾਂ ਤੱਕ ਸਿਰਫ਼ ਉੱਡਦਾ ਪੰਜਾਬ ਦੀ ਚਰਚਾ ਹੁੰਦੀ ਸੀ, ਕਿਉਂਕਿ ਪੰਜਾਬ ਦੇ ਨੌਜਵਾਨਾਂ ਵਿੱਚ ਨਸ਼ੇ ਦਾ ਰੁਝਾਨ ਵਧ ਰਿਹਾ ਸੀ। ਇਸ ਤੋਂ ਇਲਾਵਾ ਕੁਝ ਵੱਡੇ ਸ਼ਹਿਰਾਂ ਅਤੇ ਮਹਾਂਨਗਰਾਂ ਦੀ ਹਾਈ-ਪ੍ਰੋਫ਼ਾਈਲ ਸੁਸਾਇਟੀ ਵਿੱਚ ਇਸ ਦਾ ਰੁਝਾਨ ਸੀ ਪਰ ਹੁਣ ਤਾਂ ਇੱਕ ਤੋਂ ਬਾਅਦ ਇੱਕ ਕਈ ਰਾਜ ਇਸ ਦੀ ਲਪੇਟ ਵਿੱਚ ਆ ਰਹੇ ਹਨ। ਹਾਲ ਹੀ ਵਿੱਚ ਹਰਿਆਣਾ ਵਿਧਾਨ ਸਭ ਚੋਣਾਂ ਸਮੇਂ ਕਈ ਪੱਤਰਕਾਰਾਂ ਨੇ ਚੋਣ ਕਵਰੇਜ ਤੋਂ ਇਲਾਵਾ ਹਰਿਆਣਾ ਵਿੱਚ ਨਸ਼ੇ ਦੇ ਵਧਦੇ ਰੁਝਾਨ ਬਾਰੇ ਰਿਪੋਰਟ ਕੀਤੀ। ਪੰਜਾਬ ਅਤੇ ਹਰਿਆਣਾ ਦੇ ਅਸਰ ਵਿੱਚ ਦਿੱਲੀ ਅਤੇ ਸਮੁੱਚਾ ਐੱਨ.ਸੀ.ਆਰ. ਨਸ਼ੇ ਦੀ ਲਪੇਟ ਵਿੱਚ ਆ ਚੁੱਕਾ ਹੈ। ਹੁਣ ਕੋਈ ਇੱਕ-ਦੋ ਵਿਅਕਤੀ ਤਾਂ ਇਸ ਮਾਤਰਾ ਵਿੱਚ ਨਸ਼ਾ ਨਹੀਂ ਮੰਗਵਾ ਸਕਦੇ। ਜ਼ਾਹਿਰ ਹੈ ਕਿ ਇਸ ਪਿੱਛੇ ਕੋਈ ਸੰਗਠਿਤ ਗਿਰੋਹ ਹੀ ਹੋਵੇਗਾ। ਪਰ ਸਰਕਾਰ ਅਜੇ ਤਕ ਇਸ ਦਾ ਪਤਾ ਨਹੀਂ ਲਗਾ ਸਕੀ।

# ਬਹੁਜਨ ਸਮਾਜ ਲਈ ਸਿੱਖਿਆ ਵਿੱਚ ਰੋਲ ਮਾਡਲ ਪ੍ਰੋ.ਫ਼ੈਸਰ ਸ਼ੈਲਜਾ

## ਦਲਿਤ ਔਰਤਾਂ 'ਤੇ ਖੋਜ ਕਰਨ ਲਈ 8 ਲੱਖ ਡਾਲਰ ਦੀ ਮੈਕਆਰਥਰ 'ਜੀਨੀਅਸ' ਗ੍ਰਾਂਟ ਮਿਲੀ

ਸਿਨਸਿਨਾਟੀ ਯੂਨੀਵਰਸਿਟੀ ਵਿੱਚ ਇਤਿਹਾਸਕਾਰ ਤੇ ਪ੍ਰੋਫ਼ੈਸਰ ਸ਼ੈਲਜਾ ਪਾਈਕ ਨੂੰ ਬੀਤੇ ਦਿਨੀਂ ਭਾਰਤ ਵਿੱਚ ਦਲਿਤ ਔਰਤਾਂ ਨੂੰ ਦਰਪੇਸ਼ ਚੁਣੌਤੀਆਂ ਬਾਰੇ ਖੋਜ ਕੰਮ ਲਈ ਮੈਕਆਰਥਰ ਫ਼ਾਊਂਡੇਸ਼ਨ ਦੁਆਰਾ 8 ਲੱਖ ਡਾਲਰ ਦਾ 'ਜੀਨੀਅਸ' ਗ੍ਰਾਂਟ ਨਾਲ ਸਨਮਾਨਿਤ ਕੀਤਾ ਗਿਆ ਸੀ। ਇਹ ਸਾਲਾਨਾ ਫ਼ੈਲੋਸ਼ਿਪ ਬੇਮਿਸਾਲ ਪ੍ਰਾਪਤੀਆਂ ਵਾਲੇ ਵਿਅਕਤੀਆਂ ਨੂੰ ਦਿੱਤੀ ਜਾਂਦੀ ਹੈ। ਮੈਕਆਰਥਰ ਫ਼ਾਊਂਡੇਸ਼ਨ ਨੇ ਕਿਹਾ ਕਿ ਪ੍ਰੋਫ਼ੈਸਰ ਸ਼ੈਲਜਾ ਦਲਿਤ ਔਰਤਾਂ ਦੇ ਬਹੁਪੱਖੀ ਤਜ਼ਰਬਿਆਂ 'ਤੇ ਆਪਣੇ ਫ਼ੋਕਸ ਦੁਆਰਾ, ਜਾਤੀ ਵਿਤਕਰੇ ਦੀ ਸਥਾਈ ਪ੍ਰਕਿਰਤੀ ਅਤੇ ਛੂਤ-ਛਾਤ ਨੂੰ ਬਰਕਰਾਰ



ਰੱਖਣ ਵਾਲੀਆਂ ਬ੍ਰਾਹਮਣਵਾਦੀ ਸ਼ਕਤੀਆਂ ਬਾਰੇ ਚਾਨਣਾ ਪਾਉਂਦੀ ਹੈ। ਪੁਣੇ ਦੇ ਯਰਵਦਾ ਵਿੱਚ ਸਿਧਾਰਥ ਨਗਰ ਦੀਆਂ ਝੁੱਗੀਆਂ ਵਿੱਚ ਸ਼ੈਲਜਾ ਇੱਕ 20 ਫ਼ੁੱਟ ਲੰਬੇ ਅਤੇ ਇੰਨੇ ਹੀ ਚੌੜੇ ਕਮਰਾ ਨੁਮਾ ਘਰ ਵਿੱਚ ਆਪਣੀਆਂ ਤਿੰਨ ਹੋਰ ਭੈਣਾਂ ਨਾਲ ਪਲੀ ਸੀ। ਉਸ ਇਲਾਕੇ ਵਿੱਚ ਸਰਕਾਰੀ ਟੂਟੀ ਹੀ ਰੋਜ਼ਾਨਾ ਦੇ ਜੀਵਨ, ਸਫ਼ਾਈ ਲਈ ਪਾਣੀ ਅਤੇ ਖਾਣਾ ਪਕਾਉਣ ਵਰਗੀਆਂ ਲੋੜਾਂ ਪੂਰੀਆਂ ਕਰਨ ਦਾ ਜ਼ਰੀਆ ਸੀ। ਉਹ ਯਾਦ ਕਰਦੀ ਹੈ ਕਿਵੇਂ ਉਹ ਇੱਕ ਲੰਬੀ ਲਾਈਨ ਵਿੱਚ ਲੱਗ ਕੇ ਪਾਣੀ ਲਿਆਇਆ ਕਰਦੀ ਸੀ। ਉਹ ਬਹੁਤ ਹੀ ਗੁਰਬਤ ਦੇ ਮਾਹੌਲ ਵਿੱਚ ਰਹਿੰਦੀ ਹੋਈ ਬਹੁਤ ਮੁਸ਼ਕਿਲ ਭਰਪੂਰ ਜੀਵਨ ਜਿਉਂਦੀ ਸੀ। ਉਸਨੇ ਦੱਸਿਆ ਕਿ ਮੇਰੇ ਮਾਪਿਆਂ ਨੇ ਮੇਰੇ ਵਿਕਾਸ ਲਈ ਮੈਨੂੰ ਪੜ੍ਹਨ ਲਈ ਪ੍ਰੇਰਿਆ। ਸ਼ੈਲਜਾ ਦਾ ਜੀਵਨ ਸੰਘਰਸ਼ ਇੱਕ ਪ੍ਰੇਰਨਾ ਸਰੋਤ ਹੈ।

# ਠੱਗ ਟਰੈਵਲ ਏਜੰਸੀਆਂ ਵਿਰੁੱਧ ਪੰਜਾਬ ਪੁਲਿਸ ਸਰਗਰਮ

## ਪੰਜਾਬ ਦੀਆਂ 18 ਗੈਰ-ਕਾਨੂੰਨੀ ਟਰੈਵਲ ਏਜੰਸੀਆਂ ਵਿਰੁੱਧ ਕੇਸ ਦਰਜ

## ਪੰਜਾਬ ਸਰਕਾਰ ਠੱਗ ਟਰੈਵਲ ਏਜੰਟਾਂ ਵਿਰੁਧ ਨੀਤੀ ਘੜਨ ਵਿਚ ਅਸਫਲ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਦੇ ਲੋਕਾਂ ਅੰਦਰ ਵਿਦੇਸ਼ ਜਾਣ ਦਾ ਰੁਝਾਨ ਕਾਫ਼ੀ ਜ਼ਿਆਦਾ ਦੇਖਿਆ ਜਾਂਦਾ ਹੈ। ਵਿਦੇਸ਼ ਜਾ ਕੇ ਆਪਣਾ ਭਵਿੱਖ ਸਵਾਰਨ ਲਈ ਏਜੰਟਾਂ ਵੱਲੋਂ ਇਨ੍ਹਾਂ ਲੋਕਾਂ ਨਾਲ ਕਈ ਤਰ੍ਹਾਂ ਦੇ ਵਾਅਦੇ ਅਤੇ ਲਾਲਚ ਦਿੱਤੇ ਜਾਂਦੇ ਹਨ ਪਰ ਇਸ ਦੇ ਨਾਲ ਹੀ ਕੁਝ ਫ਼ਰਜ਼ੀ ਏਜੰਟਾਂ ਵੱਲੋਂ ਪੰਜਾਬੀ ਨੌਜਵਾਨਾਂ ਨੂੰ ਝਾਂਸੇ ਵਿੱਚ ਲੈ ਕੇ, ਲੱਖਾਂ ਰੁਪਏ ਠੱਗ ਕੇ, ਵਿਦੇਸ਼ ਭੇਜਣ ਦੇ ਮਾਮਲੇ ਸਾਹਮਣੇ ਆਉਣਾ ਵੀ ਕੋਈ ਨਵੀਂ ਗੱਲ ਨਹੀਂ ਹੈ। ਫਰਜ਼ੀ ਟ੍ਰੈਵਲ ਏਜੰਟਾਂ ਦਾ ਜਾਲ ਪੰਜਾਬ ਦੀ ਆਰਥਿਕਤਾ ਨੂੰ ਘੁਣ ਵਾਂਗ ਖਾ ਰਿਹਾ ਹੈ। ਇਕ ਪਾਸੇ ਤਾਂ ਇਹ ਲੋਕ ਕਰੋੜਾਂ ਰੁਪਏ ਦੀ ਠੱਗੀ ਮਾਰ ਰਹੇ ਹਨ, ਜਦਕਿ ਦੂਜੇ ਪਾਸੇ ਇਨ੍ਹਾਂ ਦੀ ਠੱਗੀ ਦਾ ਸ਼ਿਕਾਰ ਹੋਏ ਲੋਕ ਆਪਣੇ ਪੈਸੇ ਵਾਪਸ ਕਰਵਾਉਣ ਲਈ ਥਾਣਿਆਂ ਅਤੇ ਅਦਾਲਤਾਂ ਦੇ ਚੱਕਰ ਕੱਟਣ ਲਈ ਮਜਬੂਰ ਹੋ ਰਹੇ ਹਨ। ਇਮੀਗ੍ਰੇਸ਼ਨ ਉਦਯੋਗ ਵਿੱਚ ਫੈਲੀ ਧੋਖਾਦੇਹੀ ਨੇ ਕਈ ਘਰਾਂ ਨੂੰ ਤਬਾਹ ਕਰ ਦਿੱਤਾ ਹੈ। ਆਪਣੇ ਬੱਚਿਆਂ ਦੇ ਹੱਥੋਂ ਮਜ਼ਬੂਰ ਮਾਪੇ ਨਾ ਸਿਰਫ਼ ਆਪਣਾ ਸਭ ਕੁਝ ਦੇਣ ਲਈ ਮਜ਼ਬੂਰ ਹੁੰਦੇ ਹਨ, ਸਗੋਂ ਠੱਗੀ ਦਾ ਸ਼ਿਕਾਰ ਹੋ ਕੇ ਇਹ ਲੋਕ ਸਾਲਾਂਬੱਧੀ ਆਪਣੇ ਪੈਸੇ ਵਾਪਸ ਲੈਣ ਲਈ ਟ੍ਰੈਵਲ ਏਜੰਟਾਂ ਦੇ ਦਫ਼ਤਰਾਂ ਦੇ ਚੱਕਰ ਕੱਟਦੇ ਹਨ। ਇਨ੍ਹਾਂ ਠੱਗ ਏਜੰਟਾਂ ਵਲੋਂ ਗਾਹਕ ਦੇ ਪੈਸੇ ਇਹ ਕਹਿ ਕੇ ਲਏ ਜਾਂਦੇ ਹਨ ਕਿ ਜੇਕਰ ਵੀਜ਼ਾ ਲੱਗ ਗਿਆ ਤਾਂ ਤੁਹਾਡੀ ਕਿਸਮਤ ਵਿੱਚ ਨਹੀਂ ਤਾਂ ਅੱਧੇ ਪੈਸੇ ਵਾਪਸ ਆ ਜਾਣਗੇ। ਇਸ ਮਾਮਲੇ ਵਿੱਚ ਫਰਜ਼ੀ ਟ੍ਰੈਵਲ ਏਜੰਟ ਡੇਢ ਤੋਂ ਦੋ ਲੱਖ ਦੀ ਠੱਗੀ ਮਾਰਦੇ ਹਨ।

ਟ੍ਰੈਵਲ ਏਜੰਟਾਂ ਦੇ ਸ਼ਿਕਾਰ ਹੋਣ ਵਾਲਿਆਂ ਵਿੱਚ 48 ਫੀਸਦੀ ਨੌਜਵਾਨ ਘੱਟ ਪੜ੍ਹੇ-ਲਿਖੇ, ਬੇਰੋਜ਼ਗਾਰ ਅਤੇ ਪਿੰਡਾਂ ਤੋਂ ਆਏ ਹੋਏ ਹਨ, ਜਿਨ੍ਹਾਂ ਨੂੰ ਇਹ ਟ੍ਰੈਵਲ ਏਜੰਟ ਵੱਡੇ-ਵੱਡੇ ਸੁਫ਼ਨੇ ਦਿਖਾ ਕੇ ਆਪਣੇ ਜਾਲ ਵਿੱਚ ਫਸਾ ਲੈਂਦੇ ਹਨ ਅਤੇ ਉਸ ਤੋਂ ਬਾਅਦ ਹੌਲੀ-ਹੌਲੀ ਉਨ੍ਹਾਂ ਤੋਂ ਪੈਸੇ ਦੀ ਲੁੱਟ ਸ਼ੁਰੂ ਕਰ ਦਿੰਦੇ ਹਨ। ਜਦੋਂ ਤੱਕ ਇਸ ਨੌਜਵਾਨ ਪੀੜ੍ਹੀ ਨੂੰ ਏਜੰਟ ਬਾਰੇ ਪਤਾ ਚੱਲਦਾ ਹੈ, ਬਹੁਤ ਸਾਰਾ ਪੈਸਾ ਪਹਿਲਾਂ ਹੀ ਉਨ੍ਹਾਂ ਕੋਲ ਜਾ ਚੁੱਕਾ ਹੁੰਦਾ ਹੈ। ਅੰਕੜਿਆਂ ਅਨੁਸਾਰ ਹਰ ਮਹੀਨੇ ਦੋ ਹਜ਼ਾਰ ਤੋਂ ਵੱਧ ਸ਼ਿਕਾਇਤਾਂ ਆਉਂਦੀਆਂ ਹਨ, ਜਿਨ੍ਹਾਂ ਵਿੱਚੋਂ ਸਿਰਫ਼ 20 ਫ਼ੀਸਦੀ ਸ਼ਿਕਾਇਤਾਂ 'ਤੇ ਕਾਰਵਾਈ ਕੀਤੀ ਜਾਂਦੀ ਹੈ।




### ਟ੍ਰੈਸਿੰਗ : ਚੇਨ ਸਿਸਟਮ ਨਾਲ ਜੁੜੇ ਹੋਏ ਹਨ ਫਰਜ਼ੀ ਟ੍ਰੈਵਲ ਏਜੰਟ

ਝੂਠੇ ਜਾਂ ਫਰਜ਼ੀ ਤਰੀਕਿਆਂ ਨਾਲ ਵਿਦੇਸ਼ ਭੇਜਣ ਦੇ ਕਾਰੋਬਾਰ ਵਿੱਚ ਲੱਗੇ ਜ਼ਿਆਦਾਤਰ ਟ੍ਰੈਵਲ ਏਜੰਟ ਚੇਨ ਸਿਸਟਮ ਨਾਲ ਜੁੜੇ ਹੋਏ ਹਨ। ਕੁਝ ਵੱਡੇ ਟਰੈਵਲ ਏਜੰਟਾਂ ਨੇ ਆਪਣੇ ਦਲਾਲਾਂ ਨੂੰ ਬਾਜ਼ਾਰ ਵਿੱਚ ਛੱਡ ਦਿੱਤਾ ਹੈ, ਜੋ ਸ਼ਹਿਰਾਂ 'ਚ ਆਈਲੈਟਸ ਕਰਨ ਵਾਲੇ ਤੇ ਕਾਲਜ ਦੇ ਵਿਦਿਆਰਥੀਆਂ 'ਤੇ ਨਜ਼ਰ ਰੱਖਦੇ ਹਨ, ਉਹ ਇੱਛਾ ਦੇਖ ਕੇ ਟ੍ਰੈਵਲ ਏਜੰਟ ਨੂੰ ਸਾਰੀ ਜਾਣਕਾਰੀ ਦੇ ਦਿੰਦੇ ਹਨ। ਅੱਗੇ ਦੀ ਖੇਡ ਟ੍ਰੈਵਲ ਏਜੰਟਾਂ ਵਲੋਂ ਟੈਲੀਮਾਰਕੀਟਿੰਗ 'ਤੇ ਬਿਠਾਈਆਂ ਗਈਆਂ ਲੜਕੀਆਂ ਪੂਰਾ ਕਰਦੀਆਂ ਹਨ। ਉਨ੍ਹਾਂ ਵੱਲੋਂ ਹਰ ਤਰ੍ਹਾਂ ਦੇ ਵੀਜ਼ੇ ਫ਼ੋਨ 'ਤੇ ਭੇਜੇ ਜਾਣ ਦਾ ਦਾਅਵਾ ਵੀ ਕੀਤਾ ਜਾਂਦਾ ਹੈ, ਇੱਥੋਂ ਤੱਕ ਕਿ ਰੱਦ ਕੀਤੀਆਂ ਫਾਈਲਾਂ 'ਤੇ ਪੀੜਤ ਟ੍ਰੈਵਲ ਏਜੰਟ ਦੇ ਦਫ਼ਤਰ ਪਹੁੰਚਦਿਆਂ ਕਿਸੇ ਨਾ ਕਿਸੇ ਤਰ੍ਹਾਂ ਉਸ ਨੂੰ ਫਸਾਇਆ ਜਾਂਦਾ ਹੈ ਅਤੇ ਭਰੋਸਾ ਦਿੱਤਾ ਜਾਂਦਾ ਹੈ ਕਿ ਹੁਣ ਉਹ ਜਲਦੀ ਵਿਦੇਸ਼ ਵਿਚ ਸੈਟਲ ਹੋ ਜਾਵੇਗਾ। ਭਰੋਸਾ ਮਿਲਣ ਤੋਂ ਬਾਅਦ ਲੱਖਾਂ ਰੁਪਏ ਦੀ ਠੱਗੀ ਮਾਰੀ ਜਾਂਦੀ ਹੈ।

### ਪੰਜਾਬ ਪੁਲਿਸ ਵਲੋਂ ਕਾਰਵਾਈ

ਪੰਜਾਬ ਪੁਲਿਸ ਦੇ ਐਨ.ਆਰ.ਆਈ. ਮਾਮਲੇ ਵਿੰਗ ਅਤੇ ਸਾਈਬਰ ਕ੍ਰਾਈਮ ਵਿੰਗ ਵੱਲੋਂ ਪ੍ਰੋਟੈਕਟੋਰੇਟ ਆਫ਼ ਇਮੀਗ੍ਰੈਂਟਸ, ਚੰਡੀਗੜ੍ਹ ਨਾਲ ਤਾਲਮੇਲ ਕਰ ਕੇ ਸੂਬੇ ਵਿੱਚ 18 ਹੋਰ ਟਰੈਵਲ ਏਜੰਸੀਆਂ ਵਿਰੁੱਧ ਗੈਰ-ਕਾਨੂੰਨੀ ਢੰਗ ਨਾਲ ਸੋਸ਼ਲ ਮੀਡੀਆ 'ਤੇ ਰੋਜ਼ਗਾਰ ਸਬੰਧੀ ਇਸ਼ਤਿਹਾਰ ਦੇਣ ਬਾਰੇ ਮਾਮਲਾ ਦਰਜ ਕੀਤਾ ਗਿਆ ਹੈ।

ਇਹ ਕਾਰਵਾਈ ਅਗਸਤ, 2024 ਦੇ ਮਹੀਨੇ ਵਿੱਚ ਅਜਿਹੀਆਂ 25 ਗੈਰ-ਕਾਨੂੰਨੀ ਟਰੈਵਲ ਏਜੰਸੀਆਂ ਦੇ ਖ਼ਿਲਾਫ਼ ਘੱਟੋ-ਘੱਟ 20 ਐੱਫ.ਆਈ.ਆਰਜ਼. ਦਰਜ ਕਰਨ ਉਪਰੰਤ ਅਮਲ ਵਿੱਚ ਲਿਆਂਦੀ ਗਈ। ਹੁਣ ਤੱਕ ਦਰਜ ਕੀਤੇ ਮਾਮਲਿਆਂ ਵਿੱਚ ਗੈਰ-ਕਾਨੂੰਨੀ ਟਰੈਵਲ ਏਜੰਸੀਆਂ ਦੀ ਗਿਣਤੀ 43 ਤੱਕ ਪਹੁੰਚ ਗਈ ਹੈ।

ਜ਼ਿਕਰਯੋਗ ਹੈ ਕਿ ਪ੍ਰੋਟੈਕਟੋਰੇਟ ਆਫ਼ ਇਮੀਗ੍ਰੈਂਟਸ ਨੇ ਅਜਿਹੀਆਂ ਟਰੈਵਲ ਏਜੰਸੀਆਂ ਵੱਲੋਂ ਵਿਦੇਸ਼ਾਂ ਵਿੱਚ ਨੌਕਰੀਆਂ ਲਈ ਇੰਸਟਾਗ੍ਰਾਮ ਅਤੇ ਫੇਸਬੁੱਕ 'ਤੇ ਦਿੱਤੇ ਜਾਂਦੇ ਇਸ਼ਤਿਹਾਰਾਂ ਸਬੰਧੀ ਗੰਭੀਰ ਨੋਟਿਸ ਲਿਆ ਹੈ।

ਯੂ.ਏ.ਡੀ.ਜੀ.ਪੀ. ਐਨ.ਆਰ.ਆਈ. ਮਾਮਲੇ ਪ੍ਰਵੀਨ ਕੇ. ਸਿਨਹਾ ਨੇ ਦੱਸਿਆ ਕਿ ਇਹ ਟਰੈਵਲ ਏਜੰਸੀਆਂ ਬਿਨਾਂ ਲੋੜੀਂਦੇ ਲਾਇਸੈਂਸ ਅਤੇ ਇਜਾਜ਼ਤਾਂ ਦੇ ਇੰਸਟਾਗ੍ਰਾਮ ਅਤੇ ਫੇਸਬੁੱਕ 'ਤੇ ਵਿਦੇਸ਼ਾਂ ਵਿੱਚ ਨੌਕਰੀਆਂ ਬਾਰੇ ਇਸ਼ਤਿਹਾਰ ਦੇ ਰਹੀਆਂ ਸਨ।

ਉਨ੍ਹਾਂ ਅੱਗੇ ਦੱਸਿਆ ਕਿ ਆਨਲਾਈਨ ਪਲੇਟਫਾਰਮਾਂ ਦੀ ਜਾਂਚ ਕੀਤੀ ਗਈ, ਉਨ੍ਹਾਂ ਦੇ ਪ੍ਰਮਾਣ ਪੱਤਰਾਂ ਦੀ ਗੁਪਤ ਤੌਰ 'ਤੇ ਤਸਦੀਕ ਕੀਤੀ ਗਈ ਅਤੇ ਉਨ੍ਹਾਂ ਵਿਰੁੱਧ ਐਫ.ਆਈ.ਆਰਜ਼ ਦਰਜ ਕੀਤੀਆਂ ਗਈਆਂ। ਸੂਬੇ ਦੇ ਵੱਖ-ਵੱਖ ਐਨ.ਆਰ.ਆਈ ਥਾਣਿਆਂ ਵਿੱਚ ਇਮੀਗ੍ਰੇਸ਼ਨ ਐਕਟ ਦੀਆਂ ਧਾਰਾਵਾਂ 24/25 ਤਹਿਤ ਕੁੱਲ 18 ਨਵੀਆਂ ਐਫਆਈਆਰ ਦਰਜ ਕੀਤੀਆਂ ਗਈਆਂ ਹਨ, ਜਿਸ ਵਿੱਚ ਅੰਮ੍ਰਿਤਸਰ, ਐਸ.ਏ.ਐਸ. ਨਗਰ, ਲੁਧਿਆਣਾ ਅਤੇ ਪਟਿਆਲਾ ਜ਼ਿਲ੍ਹੇ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਦਰਜ ਕੀਤੀਆਂ 18 ਨਵੀਆਂ ਐਫ.ਆਈ.ਆਰਜ਼ ਵਿੱਚੋਂ ਸਤੰਬਰ ਮਹੀਨੇ ਵਿੱਚ 6 ਅਤੇ ਅਕਤੂਬਰ ਵਿੱਚ 12 ਐਫਆਈਆਰਜ਼ ਦਰਜ ਕੀਤੀਆਂ ਗਈਆਂ ਸਨ।

ਏ.ਡੀ.ਜੀ.ਪੀ. ਨੇ ਕਿਹਾ ਕਿ ਅਗਸਤ ਅਤੇ ਸਤੰਬਰ 2024 ਦੇ ਮਹੀਨਿਆਂ ਵਿੱਚ ਦਰਜ ਕੀਤੀਆਂ ਇਨ੍ਹਾਂ 26 ਐਫ.ਆਈ.ਆਰਜ਼ ਵਿੱਚ ਕੁੱਲ 34 ਮੁਲਜ਼ਮਾਂ ਵਿੱਚੋਂ 25 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਗਲੇਰੀ ਜਾਂਚ ਜਾਰੀ ਹੈ ਅਤੇ ਬਾਕੀ ਮੁਲਜ਼ਮ ਟਰੈਵਲ ਏਜੰਟਾਂ ਨੂੰ ਨੋਟਿਸ ਭੇਜੇ ਜਾ ਰਹੇ ਹਨ।

ਏ.ਡੀ.ਜੀ.ਪੀ. ਪ੍ਰਵੀਨ ਸਿਨਹਾ ਨੇ ਨਾਗਰਿਕਾਂ ਨੂੰ ਸਾਵਧਾਨ ਰਹਿਣ ਅਤੇ ਟ੍ਰੈਵਲ ਏਜੰਟਾਂ ਨੂੰ ਦਸਤਾਵੇਜ਼ ਅਤੇ ਪੈਸੇ ਸੌਂਪਣ ਤੋਂ ਪਹਿਲਾਂ ਉਨ੍ਹਾਂ ਦੇ ਪ੍ਰਮਾਣ ਪੱਤਰਾਂ ਦੀ ਪੁਸ਼ਟੀ ਕਰਨ ਲਈ ਕਿਹਾ। ਉਨ੍ਹਾਂ ਨੇ ਸਲਾਹ ਦਿੱਤੀ ਕਿ ਸਿਰਫ਼ ਉਹਨਾਂ ਏਜੰਸੀਆਂ ਨਾਲ ਸੰਪਰਕ ਕੀਤਾ ਜਾਵੇ ਜਿਹਨਾਂ ਕੋਲ ਇਮੀਗ੍ਰੇਸ਼ਨ ਐਕਟ, 1983 ਤਹਿਤ

(ਬਾਕੀ ਸਫ਼ਾ 30 'ਤੇ)

**ਪੰਜਾਬ ਸਰਕਾਰ ਨੀਤੀ ਘੜਨ 'ਚ ਸੁਸਤ**

### ਸੁਪਰੀਮ ਕੋਰਟ ਦੀਆਂ ਹਦਾਇਤਾਂ ਦੇ ਬਾਵਜੂਦ ਕੋਈ ਸਖ਼ਤੀ ਨਹੀਂ

ਦੇਸ਼ ਦੀ ਸੁਪਰੀਮ ਕੋਰਟ ਦੀਆਂ ਹਦਾਇਤਾਂ ਦੇ ਬਾਵਜੂਦ ਅੱਜ ਤੱਕ ਪੰਜਾਬ ਵਿਚ ਅਜਿਹੀ ਕੋਈ ਠੋਸ ਨੀਤੀ ਨਹੀਂ ਬਣਾਈ ਜਾ ਸਕੀ, ਜਿਸ ਨਾਲ ਕਰੋੜਾਂ ਰੁਪਏ ਦੀ ਠੱਗੀ ਮਾਰਨ ਵਾਲੇ ਟ੍ਰੈਵਲ ਏਜੰਟਾਂ ਨੂੰ ਕਾਨੂੰਨੀ ਦਾਇਰੇ ਵਿੱਚ ਲਿਆਂਦਾ ਜਾ ਸਕੇ। ਬੇਸ਼ੱਕ ਹਰ ਸ਼ਹਿਰ ਵਿੱਚ ਪੁਲਸ ਵਿਭਾਗ ਵੱਲੋਂ ਵੱਖਰਾ ਇਮੀਗ੍ਰੇਸ਼ਨ ਵਿੰਗ ਸਥਾਪਤ ਕੀਤਾ ਗਿਆ ਹੈ, ਜੋ ਸ਼ਹਿਰ ਦੇ ਟ੍ਰੈਵਲ ਏਜੰਟਾਂ 'ਤੇ ਨਜ਼ਰ ਰੱਖਦਾ ਹੈ ਅਤੇ ਉਨ੍ਹਾਂ ਦੀ ਸੂਚੀ ਬਣਾਉਂਦਾ ਹੈ। ਇਹ ਇਮੀਗ੍ਰੇਸ਼ਨ ਸਮੇਂ-ਸਮੇਂ 'ਤੇ ਸ਼ਹਿਰ 'ਚ ਚੱਲ ਰਹੇ ਟ੍ਰੈਵਲ ਏਜੰਟਾਂ ਦੇ ਲਾਇਸੈਂਸ ਚੈੱਕ ਕਰਨ ਦਾ ਦਾਅਵਾ ਕਰਦੀ ਹੈ ਪਰ ਇਸ ਦੇ ਬਾਵਜੂਦ ਲੋਕਾਂ ਨਾਲ ਕਰੋੜਾਂ ਰੁਪਏ ਦੀ ਠੱਗੀ ਮਾਰੀ ਜਾ ਰਹੀ ਹੈ। ਇਸ ਲਈ ਪੁਲਸ ਦੀ ਲਾਪ੍ਰਵਾਹੀ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਇਹ ਅਣਗਹਿਲੀ ਭ੍ਰਿਸ਼ਟਾਚਾਰ ਵੱਲ ਵੀ ਇਸ਼ਾਰਾ ਕਰਦੀ ਹੈ। ਹਰ ਦਿਨ ਠੱਗੀ ਦਾ ਸ਼ਿਕਾਰ ਹੋ ਰਹੇ ਭੋਲੇ ਭਾਲੇ ਲੋਕਾਂ ਨੂੰ ਫਰਜ਼ੀ ਟ੍ਰੈਵਲ ਏਜੰਟਾਂ ਤੋਂ ਬਚਾਉਣ ਲਈ ਸਰਕਾਰ ਨੂੰ ਕੋਈ ਠੋਸ ਰਣਨੀਤੀ ਬਣਾਉਣ ਦੀ ਜ਼ਰੂਰਤ ਹੈ ਤਾਂ ਕਿ ਮਾਰਕਿਟ ਵਿੱਚ ਬੈਠੇ ਅਜਿਹੇ ਟ੍ਰੈਵਲ ਏਜੰਟ ਕਿਸੇ ਵੀ ਵਿਅਕਤੀ ਦੀ ਕਮਾਈ ਨੂੰ ਠੱਗ ਨਾ ਸਕਣ।

# ਸਰਕਾਰ ਸ੍ਰੀ ਆਨੰਦਪੁਰ ਸਾਹਿਬ ਵਿੱਚ ਨਸ਼ੇ ਰੋਕੇ

## ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵੱਲੋਂ ਸਰਕਾਰ ਨੂੰ ਅਪੀਲ




ਸ੍ਰੀ ਆਨੰਦਪੁਰ ਸਾਹਿਬ/ਏ.ਟੀ.ਨਿਊਜ਼:ਸ੍ਰੀ ਆਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਵਿਕ ਰਹੇ ਨਸ਼ੇ ਦਾ ਮੁੱਦਾ ਚੁੱਕਦਿਆਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਇਸ ਸਬੰਧ ਵਿੱਚ ਸਰਕਾਰ ਤੋਂ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਗਿਆਨੀ ਸੁਲਤਾਨ ਸਿੰਘ ਨੇ ਕਿਹਾ ਕਿ ਇਸ ਪਵਿੱਤਰ ਧਰਤੀ 'ਤੇ ਬੀੜੀਆਂ, ਸਿਗਰਟਾਂ, ਜਰਦਾ, ਚੈਨੀ-ਖੈਨੀ ਅਤੇ ਗੁਟਖਾ ਆਦਿ ਵਸਤਾਂ ਦਾ ਨਸ਼ਾ ਆਮ ਹੋ ਗਿਆ ਹੈ, ਜੋ ਕਿ ਪ੍ਰਸ਼ਾਸਨ ਦੀ ਕਾਰਗੁਜ਼ਾਰੀ 'ਤੇ ਇੱਕ ਵੱਡਾ ਸਵਾਲ ਹੈ ਅਤੇ ਵੱਡੀ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਜਥੇਦਾਰ ਸੁਲਤਾਨ ਸਿੰਘ ਨੇ ਕਿਹਾ ਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਹਮਣੇ ਮੁੱਖ ਮਾਰਗ 'ਤੇ ਬਣੀਆਂ ਦੁਕਾਨਾਂ ਉੱਤੇ ਇਹ ਨਸ਼ੇ ਵੇਚੇ ਵੀ ਜਾਂਦੇ ਹਨ ਅਤੇ ਇਨ੍ਹਾਂ ਦਾ ਸੇਵਨ ਵੀ ਕੀਤਾ ਜਾਂਦਾ ਹੈ ਪਰ ਪ੍ਰਸ਼ਾਸਨ ਇਸ ਪਾਸੇ ਕੋਈ ਧਿਆਨ ਨਹੀਂ ਦੇ ਰਿਹਾ। ਉਨ੍ਹਾਂ ਕਿਹਾ ਕਿ ਪਾਰਕਿੰਗ ਗਰਾਊਂਡ ਦੇ ਬਿਲਕੁਲ ਨਾਲ ਮੁੱਖ ਮਾਰਗ 'ਤੇ ਬਹੁਤ ਸਾਰੇ ਨੌਜਵਾਨ, ਜੋ ਜ਼ਿਆਦਾਤਰ ਪਰਵਾਸੀ ਨਜ਼ਰ ਆਉਂਦੇ ਹਨ, ਸੜਕ 'ਤੇ ਬੀੜੀਆਂ-ਸਿਗਰਟਾਂ ਦਾ ਧੂੰਆਂ ਉਡਾ ਰਹੇ ਹੁੰਦੇ ਹਨ। ਜਥੇਦਾਰ ਨੇ ਕਿਹਾ ਕਿ ਧਾਰਮਿਕ ਸਥਾਨ ਨੇੜੇ ਮੁੱਖ ਮਾਰਗ 'ਤੇ ਅਜਿਹਾ ਸਭ ਕੁਝ ਹੋਣ ਕਾਰਨ ਦੂਰੋਂ ਆਉਂਦੀ ਸੰਗਤ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਤੇ ਪ੍ਰਸ਼ਾਸਨ ਨੂੰ ਇਸ ਸ਼ਹਿਰ ਦੀ ਪਵਿੱਤਰਤਾ ਦੇ ਮੱਦੇਨਜ਼ਰ ਨਸ਼ਾ ਵੇਚਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।

# ਪੰਜਾਬ ਦੀਆਂ ਚਾਰ ਵਿਧਾਨ ਸਭਾ ਸੀਟਾਂ ਲਈ ਜ਼ਿਮਨੀ ਚੋਣ 13 ਨਵੰਬਰ ਨੂੰ

ਚੰਡੀਗੜ੍ਹ/ਏ.ਟੀ.ਨਿਊਜ਼: ਭਾਰਤੀ ਚੋਣ ਕਮਿਸ਼ਨ ਨੇ ਪੰਜਾਬ ਦੀਆਂ ਚਾਰ ਵਿਧਾਨ ਸਭਾ ਸੀਟਾਂ 'ਤੇ ਜ਼ਿਮਨੀ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੱਤਾ ਹੈ। ਚਾਰ ਵਿਧਾਨ ਸਭਾ ਹਲਕਿਆਂ ਡੇਰਾ ਬਾਬਾ ਨਾਨਕ, ਚੱਬੇਵਾਲ (ਐੱਸ.ਸੀ.), ਗਿੱਦੜਬਾਹਾ ਤੇ ਬਰਨਾਲਾ ਲਈ ਜ਼ਿਮਨੀ ਚੋਣ 13 ਨਵੰਬਰ ਨੂੰ ਹੋਵੇਗੀ, ਜਦੋਂਕਿ ਨਤੀਜੇ 23 ਨਵੰਬਰ ਨੂੰ ਐਲਾਨੇ ਜਾਣਗੇ। ਜ਼ਿਮਨੀ ਚੋਣਾਂ ਦੇ ਐਲਾਨ ਨਾਲ ਹੀ ਚਾਰ ਜ਼ਿਲ੍ਹਿਆਂ ਗੁਰਦਾਸਪੁਰ, ਹੁਸ਼ਿਆਰਪੁਰ, ਸ੍ਰੀ ਮੁਕਤਸਰ ਸਾਹਿਬ ਤੇ ਬਰਨਾਲਾ ਵਿੱਚ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ, ਜੋ 25 ਨਵੰਬਰ ਤੱਕ ਅਮਲ ਵਿੱਚ ਰਹੇਗਾ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਕਿਹਾ ਕਿ ਜ਼ਿਮਨੀ ਚੋਣ ਲਈ ਨਾਮਜ਼ਦਗੀ ਪੱਤਰ 18 ਤੋਂ 25 ਅਕਤੂਬਰ ਤੱਕ ਦਾਖਲ ਕੀਤੇ ਜਾਣਗੇ। ਨਾਮਜ਼ਦਗੀ ਪੱਤਰਾਂ ਦੀ ਪੜਤਾਲ 28 ਅਕਤੂਬਰ ਨੂੰ ਹੋਵੇਗੀ ਅਤੇ 30 ਅਕਤੂਬਰ ਤੱਕ ਨਾਮਜ਼ਦਗੀ ਪੱਤਰ ਵਾਪਸ ਲਏ ਜਾ ਸਕਣਗੇ। ਜ਼ਿਮਨੀ ਚੋਣ ਵਾਲੇ ਚਾਰ ਵਿਧਾਨ ਸਭਾ ਹਲਕਿਆਂ ਵਿੱਚ 831 ਪੋਲਿੰਗ ਸਟੇਸ਼ਨ ਤਿਆਰ ਕੀਤੇ ਗਏ ਹਨ, ਜਿੱਥੇ ਕੁੱਲ 6 ਲੱਖ 96 ਹਜ਼ਾਰ 316 ਵੋਟਰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰ ਸਕਣਗੇ। ਚੋਣ ਕਮਿਸ਼ਨ ਨੇ ਗੁਰਦਾਸਪੁਰ




ਦੇ ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਨੂੰ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ, ਹੁਸ਼ਿਆਰਪੁਰ ਦੀ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੂੰ ਵਿਧਾਨ ਸਭਾ ਹਲਕਾ ਚੱਬੇਵਾਲ (ਐੱਸ.ਸੀ.), ਸ੍ਰੀ ਮੁਕਤਸਰ ਸਾਹਿਬ ਦੇ ਡਿਪਟੀ ਕਮਿਸ਼ਨਰ ਰਾਜੇਸ਼ ਤ੍ਰਿਪਾਠੀ ਨੂੰ ਵਿਧਾਨ ਸਭਾ ਹਲਕਾ ਗਿੱਦੜਬਾਹਾ ਅਤੇ ਬਰਨਾਲਾ ਦੀ ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਨੂੰ ਵਿਧਾਨ ਸਭਾ ਹਲਕਾ ਬਰਨਾਲਾ ਦੀ ਜ਼ਿਮਨੀ ਚੋਣ ਲਈ ਜ਼ਿਲ੍ਹਾ ਚੋਣ ਅਧਿਕਾਰੀ ਨਿਯੁਕਤ ਕੀਤਾ ਹੈ। ਵਿਧਾਨ ਸਭਾ ਹਲਕਾ ਬਰਨਾਲਾ ਤੋਂ ਗੁਰਮੀਤ ਸਿੰਘ ਮੀਤ ਹੇਅਰ, ਚੱਬੇਵਾਲ ਤੋਂ ਡਾ. ਰਾਜ ਕੁਮਾਰ ਚੱਬੇਵਾਲ, ਗਿੱਦੜਬਾਹਾ ਤੋਂ ਅਮਰਿੰਦਰ ਸਿੰਘ ਰਾਜਾ ਵੜਿੰਗ, ਡੇਰਾ ਬਾਬਾ ਨਾਨਕ ਤੋਂ ਡਾ. ਸੁਖਜਿੰਦਰ ਸਿੰਘ ਰੰਧਾਵਾ ਵਿਧਾਇਕ ਸਨ। ਇਨ੍ਹਾਂ ਚਾਰਾ ਆਗੂਆਂ ਦੇ ਲੋਕ ਸਭਾ ਚੋਣਾਂ ਜਿੱਤਣ ਕਰਕੇ ਇਹ ਚਾਰੋਂ ਵਿਧਾਨ ਸਭਾ ਹਲਕੇ ਖਾਲੀ ਹੋ ਗਏ ਸਨ।

## ਪੰਜਾਬ ਵਿਧਾਨ ਸਭਾ 2022 ਦੀਆਂ ਚੋਣਾਂ ਲੜਨ ਵਾਲੇ 5 ਉਮੀਦਵਾਰ ਅਯੋਗ ਐਲਾਨੇ

ਚੰਡੀਗੜ੍ਹ/ਏ.ਟੀ. ਨਿਊਜ਼: ਭਾਰਤੀ ਚੋਣ ਕਮਿਸ਼ਨ ਵੱਲੋਂ ਵੱਖ-ਵੱਖ ਹੁਕਮਾਂ ਰਾਹੀਂ ਪੰਜਾਬ ਵਿਧਾਨ ਸਭਾ 2022 ਦੀਆਂ ਚੋਣਾਂ ਲੜਨ ਵਾਲੇ 5 ਉਮੀਦਵਾਰਾਂ ਨੂੰ ਅਯੋਗ ਐਲਾਨਿਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਇਨ੍ਹਾਂ ਉਮੀਦਵਾਰਾਂ ਨੇ ਲੋਕ ਪ੍ਰਤੀਨਿਧੀ ਐਕਟ, 1951 ਦੇ ਸੈਕਸ਼ਨ 78 ਅਨੁਸਾਰ ਨਿਸ਼ਚਿਤ ਸਮਾਂ ਸੀਮਾ ਅੰਦਰ ਆਪਣੇ ਚੋਣ ਖਰਚੇ ਦਾ ਵੇਰਵਾ ਕਮਿਸ਼ਨ ਕੋਲ ਜਮ੍ਹਾਂ ਨਹੀਂ ਕਰਵਾਇਆ ਜਿਸ ਕਰਕੇ ਅਗਲੇ 3 ਸਾਲ ਤੱਕ ਇਨ੍ਹਾਂ ਉਮੀਦਵਾਰਾਂ ਨੂੰ ਚੋਣ ਲੜਨ ਦੇ ਅਯੋਗ ਕਰਾਰ ਦਿੱਤਾ ਗਿਆ ਹੈ।



ਇਨ੍ਹਾਂ 5 ਉਮੀਦਵਾਰਾਂ ਵਿੱਚੋਂ ਸੰਗਰੂਰ ਜ਼ਿਲ੍ਹੇ ਦੇ 3 ਉਮੀਦਵਾਰ ਅਤੇ ਮਾਨਸਾ ਤੇ ਫਰੀਦਕੋਟ ਜ਼ਿਲ੍ਹੇ ਦਾ 1-1 ਉਮੀਦਵਾਰ ਸ਼ਾਮਿਲ ਹੈ। ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੇ ਹੁਕਮਾਂ ਰਾਹੀਂ ਸੰਗਰੂਰ ਜ਼ਿਲ੍ਹੇ ਦੀ ਧੂਰੀ ਵਿਧਾਨ ਸਭਾ ਸੀਟ ਤੋਂ ਚੋਣ ਲੜਨ ਵਾਲੇ ਸ਼ਕਤੀ ਕੁਮਾਰ ਗੁਪਤਾ ਤੇ ਜਸਵਿੰਦਰ ਸਿੰਘ ਅਤੇ ਸੁਨਾਮ ਵਿਧਾਨ ਸੀਟ ਤੋਂ ਚੋਣ ਲੜਨ ਵਾਲੇ ਸਨਮੁਖ ਸਿੰਘ ਮੋਖਾ ਨੂੰ ਅਯੋਗ ਕਰਾਰ ਦਿੱਤਾ ਗਿਆ ਹੈ।

ਇਸੇ ਤਰ੍ਹਾਂ ਫਰੀਦਕੋਟ ਵਿਧਾਨ ਸਭਾ ਸੀਟ ਤੋਂ ਚੋਣ ਲੜਨ ਵਾਲੇ ਗੁਰਚਰਨ ਸਿੰਘ ਸੰਘਾ ਨੂੰ ਵੀ ਅਯੋਗ ਐਲਾਨਿਆਂ ਗਿਆ ਹੈ। ਸਿਬਿਨ ਸੀ ਨੇ ਅੱਗੇ ਦੱਸਿਆ ਕਿ ਸੁਨਾਮ ਵਿਧਾਨ ਸੀਟ ਤੋਂ ਚੋਣ ਲੜਨ ਵਾਲੇ ਮਾਨਸਾ ਜ਼ਿਲ੍ਹੇ ਦੇ ਵਾਸੀ ਹਰਭਗਵਾਨ ਸ਼ਰਮਾ ਭਿੱਖੀ ਨੂੰ ਵੀ ਭਾਰਤੀ ਚੋਣ ਕਮਿਸ਼ਨ ਨੇ ਅਗਲੇ 3 ਸਾਲ ਤੱਕ ਚੋਣ ਲੜਨ ਦੇ ਅਯੋਗ ਐਲਾਨਿਆ ਹੈ।

# ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਸਮਾਪਤ

ਅੰਮ੍ਰਿਤਸਰ/ਏ.ਟੀ.ਨਿਊਜ਼: ਉੱਤਰਾਖੰਡ ਸਥਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਪਿਛਲੇ ਦਿਨੀਂ ਦੁਪਹਿਰ ਵੇਲੇ ਸਮਾਪਤੀ ਦੀ ਅਰਦਾਸ ਮਗਰੋਂ ਇਹ ਸਾਲਾਨਾ ਯਾਤਰਾ ਸਮਾਪਤ ਹੋ ਗਈ ਅਤੇ ਗੁਰਦੁਆਰੇ ਦੇ ਕਿਵਾੜ ਸੰਗਤ ਲਈ ਸੀਤ ਕਾਲ ਲਈ ਬੰਦ ਕਰ ਦਿੱਤੇ ਗਏ ਹਨ। ਮੀਂਹ, ਧੁੰਦ ਅਤੇ ਠੰਢ ਦੇ ਬਾਵਜੂਦ ਲਗਪਗ ਤਿੰਨ ਹਜ਼ਾਰ ਸ਼ਰਧਾਲੂਆਂ ਨੇ ਸਮਾਪਤੀ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਜੈਕਾਰਿਆਂ, ਫੁੱਲਾਂ ਦੀ ਵਰਖਾ, ਸ਼ਬਦਾਂ ਦੀਆਂ ਧੁਨਾਂ ਅਤੇ



ਨਰਸਿੰਗਿਆਂ ਦੀ ਗੂੰਜ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਪੰਜ ਪਿਆਰਿਆਂ ਦੀ ਅਗਵਾਈ ਹੇਠ ਸੁਖਆਸਨ ਵਾਲੇ ਸਥਾਨ ’ਤੇ ਲਿਜਾਇਆ ਗਿਆ। ਗੜਵਾਲ ਸਕਾਊਟ ਅਤੇ ਪੰਜਾਬ ਬੈਂਡ ਦੀ ਟੀਮ ਨੇ ਸ਼ਬਦ ਦੀਆਂ ਧੁਨਾਂ ਕੱਢੀਆਂ। ਭਾਰਤੀ ਫੌਜ ਦੇ 418 ਇੰਡੀਪੈਂਡੈਂਟ ਇੰਜਨੀਅਰ ਕੋਰ ਦੇ ਮੈਂਬਰਾਂ ਨੇ ਸਲਾਮੀ ਦਿੱਤੀ।

ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਇਸ ਸਾਲ ਯਾਤਰਾ 25 ਮਈ ਨੂੰ ਆਰੰਭ ਹੋਈ ਸੀ ਅਤੇ 10 ਅਕਤੂਬਰ ਨੂੰ ਸਮਾਪਤੀ ਸਮੇਂ ਤੱਕ 2 ਲੱਖ 62 ਹਜ਼ਾਰ ਸ਼ਰਧਾਲੂਆਂ ਨੇ ਹੇਮਕੁੰਟ ਸਾਹਿਬ ਵਿਖੇ ਦਰਸ਼ਨ ਕੀਤੇ ਹਨ ਜਦੋਂਕਿ ਯਾਤਰਾ ਸਬੰਧੀ 2.80 ਲੱਖ ਸ਼ਰਧਾਲੂਆਂ ਨੇ ਰਜਿਸਟਰੇਸ਼ਨ ਕਰਵਾਈ ਸੀ।

ਬੀਤੇ ਦਿਨੀਂ ਯਾਤਰਾ ਦੀ ਸਮਾਪਤੀ ਤੋਂ ਪਹਿਲਾਂ ਉੱਤਰਾਖੰਡ ਦੇ ਰਾਜਪਾਲ ਲੈਫਟੀਨੈਂਟ ਜਨਰਲ ਗੁਰਮੀਤ ਸਿੰਘ (ਸੇਵਾਮੁਕਤ) ਨੇ ਵੀ ਨਤਮਸਤਕ ਹੋ ਕੇ ਗੁਰੂ ਘਰ ਦਾ ਸ਼ੁਕਰਾਨਾ ਕੀਤਾ।

## ਸ਼੍ਰੋਮਣੀ ਕਮੇਟੀ ਮੈਂਬਰ ਹਰਦੇਵ ਸਿੰਘ ਦਿੜਬਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਨਖ਼ਾਹੀਆ ਕਰਾਰ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੰਗਰੂਰ ਤੋਂ ਮੈਂਬਰ ਹਰਦੇਵ ਸਿੰਘ ਦਿੜਬਾ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਤਨਖਾਹੀਆ ਕਰਾਰ ਦਿੱਤਾ ਗਿਆ ਹੈ। ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਵਿੱਚ ਹਰਪਾਲ ਸਿੰਘ ਦਿੜਬਾ ਦਾ ਮਾਮਲਾ ਵਿਚਾਰਿਆ ਗਿਆ। ਇਸ ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ ’ਤੇ ਦਿੜਬਾ ਦੇ ਖ਼ਿਲਾਫ਼ ਪੰਜ ਸਿੰਘ ਸਾਹਿਬਾਨ ਨੇ ਫੈਸਲਾ ਸੁਣਾਇਆ। ਹਰਦੇਵ ਸਿੰਘ ਦਿੜਬਾ ’ਤੇ ਦੋਸ਼ ਸੀ ਕਿ ਉਸ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕਰਦਿਆ ਡੇਰਾ ਸਿਰਸਾ ਮੁਖੀ ਦੀ ਜਨਤਕ ਤੌਰ ’ਤੇ ਪ੍ਰਸ਼ੰਸਾ ਕੀਤੀ ਹੈ। ਪੰਜ ਸਿੰਘ ਸਾਹਿਬਾਨ ਦੇ ਫ਼ੈਸਲੇ ਨੂੰ ਸੁਣਾਉਂਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਹਰਪਾਲ ਸਿੰਘ ਦਿੜਬਾ ਨੂੰ 11 ਦਿਨ ਸਥਾਨਕ ਗੁਰਦੁਆਰੇ ਵਿੱਚ ਇਕ ਘੰਟਾ ਝਾੜੂ ਮਾਰਨ, ਬਰਤਨ ਸਾਫ ਕਰਨ, ਜੋੜੇ ਝਾੜਨ ਦੀ ਸੇਵਾ ਅਤੇ ਰੋਜ਼ਾਨਾ ਨਿਤਨੇਮ ਦੀਆਂ ਪੰਜ ਬਾਣੀਆਂ ਦੇ ਪਾਠ ਕਰਨ ਅਤੇ ਕਿਸੇ ਗਰੀਬ ਪਰਿਵਾਰ ਨੂੰ ਮਕਾਨ ਬਣਾਉਣ ਜਾਂ ਮੁਰੰਮਤ ਕਰਨ ਲਈ ਸਵਾ ਲੱਖ ਰੁਪਏ ਸਹਾਇਤਾ ਦੇਣ

(ਬਾਕੀ ਸਫ਼ਾ 31 ’ਤੇ)

## ਨਿਹੰਗ ਸਿੰਘਾਂ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਮਹੱਲਾ ਸਜਾਇਆ

ਅੰਮ੍ਰਿਤਸਰ/ਏ.ਟੀ.ਨਿਊਜ਼:ਗੁਰੂ ਗੋਬਿੰਦ ਸਿੰਘ ਦੇ ਪਵਿੱਤਰ ਅਸਥਾਨ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਇਤਿਹਾਸਕ ਗੁਰਦੁਆਰਾ ਨਗੀਨਾ ਘਾਟ ਤੋਂ ਗੁਰਦੁਆਰਾ ਬਾਉਲੀ ਸਾਹਿਬ ਦੇ ਮੈਦਾਨ ਤੱਕ ਦਸਮ ਪਾਤਸ਼ਾਹ ਦੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘ ਦਲਾਂ ਵੱਲੋਂ ਸਾਂਝੇ ਤੌਰ ’ਤੇ ਦਸਮ ਪਿਤਾ ਵੱਲੋਂ ਬਖਸ਼ਿਸ਼ ਨਿਸ਼ਾਨ ਸਾਹਿਬ ਤੇ ਨਗਾਰਿਆਂ ਦੀ ਛਤਰਛਾਇਆ ਹੇਠ ਮਹੱਲਾ ਸਜਾਇਆ ਗਿਆ।



ਪੁਰਾਤਨ ਰਵਾਇਤ ਮੁਤਾਬਕ ਮਹੱਲੇ ਦੀ ਅਗਵਾਈ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਨੇ ਕੀਤੀ। ਇਸ ਵਿੱਚ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਵੱਲੋਂ ਬਾਬਾ ਜੱਸਾ ਸਿੰਘ ਦੀ ਅਗਵਾਈ ਵਿੱਚ ਭੇਜਿਆ ਬੁੱਢਾ ਦਲ ਨਿਹੰਗ ਸਿੰਘਾਂ ਦਾ ਜਥਾ ਸ਼ਾਮਲ ਹੋਇਆ। ਇਸ ਮੌਕੇ ਤਰਨਾ ਦਲ ਸ਼ਹੀਦ ਮਿਸਲ ਬਾਬਾ ਦੀਪ ਸਿੰਘ ਬਾਬਾ ਬਕਾਲਾ ਦੇ ਮੁਖੀ ਬਾਬਾ ਜੋਗਾ ਸਿੰਘ, ਬਾਬਾ ਬਿਧੀਚੰਦ ਤਰਨਾ ਦਲ ਸੁਰਸਿੰਘ ਵੱਲੋਂ ਬਾਬਾ ਗੁਰਦੇਵ ਸਿੰਘ, ਬਾਬਾ ਬਿਧੀਚੰਦ ਤਰਨਾ ਦਲ ਸੁਰਸਿੰਘ ਦੇ ਮੁਖੀ ਬਾਬਾ ਅਵਤਾਰ ਸਿੰਘ, ਬਾਬਾ ਨਰਿੰਦਰ ਸਿੰਘ ਗੁਰਦੁਆਰਾ ਲੰਗਰ ਸਾਹਿਬ ਕਾਰਸੇਵਾ ਵਾਲੇ, ਦਸਮੇਸ਼ ਤਰਨਾ ਦਲ ਬਾਬਾ ਮੇਜਰ ਸਿੰਘ, ਤਰਨਾ ਦਲ ਬਾਬਾ ਜੀਵਨ ਵੱਲਾ ਦੇ ਮੁਖੀ ਬਾਬਾ ਬਲਦੇਵ ਸਿੰਘ ਅਤੇ ਵਿਸ਼ੇਸ਼ ਤੌਰ ’ਤੇ ਨਿਹੰਗ ਦਲਾਂ ਨੇ ਸ਼ਮੂਲੀਅਤ ਕੀਤੀ। ਗੁਰਦੁਆਰਾ ਨਗੀਨਾ ਘਾਟ ਤੋਂ ਮਹੱਲੇ ਵਿੱਚ ਆਰੰਭਤਾ ਉਪਰੰਤ ਸਮੁੱਚੀਆਂ ਨਿਹੰਗ ਸਿੰਘਾਂ ਫੌਜਾਂ ਸੱਚਖੰਡ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਤਮਸਤਕ ਹੋਈਆਂ ਸੁੰਦਰ ਦੁਮਾਲਿਆਂ ਤੇ ਲੱਕ ’ਤੇ ਢਾਲਾਂ ਖੰਡੇ ਸਜਾਏ ਹੱਥਾਂ ਵਿੱਚ ਨੇਜੇ ਫੜੀਂ, ਨੀਲੇ, ਕੇਸਰੀ ਬਾਣਿਆਂ ਵਿੱਚ ਨਿਹੰਗ ਸਿੰਘ ਖ਼ਾਲਸਈ ਜੰਗੀ ਮਾਹੌਲ ਦਾ ਦ੍ਰਿਸ਼ ਪੇਸ਼ ਕਰ ਰਹੇ ਸਨ। ਇਹ ਖ਼ਾਲਸਈ ਮਹੱਲਾ ਗੁਰਦੁਆਰਾ ਬਾਉਲੀ ਸਾਹਿਬ ਦੇ ਖੁੱਲ੍ਹੇ ਮੈਦਾਨ ਵਿੱਚ ਪੁੱਜਣ ਉਪਰੰਤ ਸੰਪੂਰਨ ਹੋਇਆ। ਇਸ ਦੌਰਾਨ ਨਿਹੰਗ ਸਿੰਘਾਂ ਨੇ ਘੋੜਿਆਂ ’ਤੇ ਕਰਤੱਬ ਦਿਖਾਏ ਅਤੇ ਵੱਧ ਤੋਂ ਵੱਧ ਕਿੱਲੇ ਪੁੱਟ ਕੇ ਇਨਾਮ ਪ੍ਰਾਪਤ ਕੀਤੇ। ਮਗਰੋਂ ਨਿਹੰਗ ਸਿੰਘਾਂ ਨੇ ਗਤਕੇ ਦੇ ਜੌਹਰ ਦਿਖਾਏ।

## ਮਹਾਰਾਸ਼ਟਰ ’ਚ ਸਿੱਖ ਨੁਮਾਇੰਦਗੀ ਕਮੇਟੀ ਅਤੇ ਪੰਜਾਬੀ ਸਾਹਿਤ ਅਕਾਦਮੀ ਦੀ ਹੋਈ ਸਥਾਪਨਾ

### ਮਲਕੀਤ ਸਿੰਘ ਬੱਲ ਨੂੰ ਪੰਜਾਬੀ ਸਾਹਿਤ ਅਕਾਦਮੀ ਦਾ ਪ੍ਰਧਾਨ ਨਿਯੁਕਤ ਕੀਤਾ, ਸਰਕਾਰ ਨੇ 11 ਮੈਂਬਰੀ ਸਿੱਖ ਪ੍ਰਤੀਨਿਧ ਕਮੇਟੀ ਦਾ ਕੀਤਾ ਗਠਨ

ਮੁੰਬਈ/ਏ.ਟੀ.ਨਿਊਜ਼ : ਮਹਾਰਾਸ਼ਟਰ ਸਰਕਾਰ ਨੇ ਸਿੱਖ ਭਾਈਚਾਰੇ ਦੀਆਂ ਕਈ ਮੁੱਖ ਮੰਗਾਂ ਨੂੰ ਮੰਨ ਲਿਆ ਹੈ ਅਤੇ ਉਨ੍ਹਾਂ ਦੀ ਸਫਲ ਪੂਰੀ ਹੋਣ ਦੀ ਸੂਚਨਾ ਆਧਿਕਾਰਕ ਤੌਰ ’ਤੇ ਘੋਸ਼ਿਤ ਕੀਤੀ ਹੈ। ਇਸ ਸਭ ਉਪਰਾਲੇ ਪਿਛੇ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਮੁਖੀ (ਦਮਦਮੀ ਟਕਸਾਲ), ਸੰਤ ਬਾਬਾ ਘੋਲਾ ਸਿੰਘ ਜੀ, ਬਾਬਾ ਰਣਜੀਤ ਸਿੰਘ ਜੀ ਅਤੇ ਬਾਬਾ ਧੀਰ ਸਿੰਘ ਜੀ ਦਾ ਵਿਸ਼ੇਸ਼ ਹੱਥ ਹੈ ਜਿੰਨ੍ਹਾਂ ਨੇ ਭਾਈਚਾਰੇ ਨੂੰ ਇੱਕਜੁੱਟ ਕੀਤਾ। ਇਹ ਮਹੱਤਵਪੂਰਨ ਪ੍ਰਾਪਤੀ ਸਿੱਖ ਸੰਗਤ, ਗੁਰਦੁਆਰਾ ਕਮੇਟੀਆਂ, ਸੇਵਕ ਜਥਿਆਂ ਅਤੇ ਸੇਵਕਾਂ ਦੀ ਨਿਰੰਤਰ ਸੇਵਾ ਅਤੇ ਸਮਰਪਣ ਤੋਂ ਬਿਨਾਂ ਸੰਭਵ ਨਹੀਂ ਸੀ।

ਸਰਕਾਰ ਵੱਲੋਂ ਪੰਜਾਬੀ ਸਾਹਿਤ ਅਕਾਦਮੀ ਦੀ ਸਥਾਪਨਾ ਕਰਦੇ ਹੋਏ ਮਹਾਰਾਸ਼ਟਰ ਦੇ ਪ੍ਰਮੁੱਖ ਚਿਹਰੇ ਬਲ ਮਲਕੀਤ ਸਿੰਘ ਨੂੰ ਇਸਦਾ ਮੁਖੀ ਨਿਯੁੱਕਤ ਕੀਤਾ ਹੈ। ਇਸਦੇ ਨਾਲ ਹੀ ਚਰਨਦੀਪ ਸਿੰਘ (ਹੈਪੀ ਸਿੰਘ) ਨੂੰ ਮਹਾਰਾਸ਼ਟਰ ਰਾਜ ਘੱਟ ਗਿਣਤੀ ਵਿਕਾਸ ਕਮਿਸ਼ਨ ਵਿੱਚ ਭਾਈਚਾਰੇ ਦਾ ਪ੍ਰਤੀਨਿਧੀ ਨਿਯੁਕਤ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਜਸਪਾਲ ਸਿੰਘ ਸਿੱਧੂ 11 ਮੈਂਬਰੀ ਸਿੱਖ ਪ੍ਰਤੀਨਿਧ ਕਮੇਟੀ ਦੀ ਅਗਵਾਈ



ਕਰਨਗੇ। ਕਮੇਟੀ ਵਿੱਚ 11 ਮੈਂਬਰਾਂ ਵਿੱਚ ਜਸਪਾਲ ਸਿੰਘ ਸਿੱਧੂ, ਗੁਰਮੀਤ ਸਿੰਘ ਰੱਟੂ, ਗੁਰਮੀਤ ਸਿੰਘ ਕੋਕਰ, ਰਣਜੀਤ ਸਿੰਘ ਗਿੱਲ, ਅਮਰਜੀਤ ਸਿੰਘ ਕੁੰਜੀਵਾਲੇ, ਗੁਰਮੁੱਖ ਸਿੰਘ ਸੰਧੂ, ਬਲਬੀਰ ਸਿੰਘ ਟਾਕ, ਹਰਪ੍ਰੀਤ ਸਿੰਘ ਪੱਲਾ, ਸਰਬਜੀਤ ਸਿੰਘ ਸੈਣੀ, ਚਰਨਦੀਪ ਸਿੰਘ, ਭੁਪਿੰਦਰ ਸਿੰਘ ਆਨੰਦ, ਰਮੇਸ਼ਵਰ ਨਾਇਕ ਸ਼ਾਮਲ ਹਨ। ਇਸ ਮੌਕੇ ਬਲ ਨੇ ਅਪਣੀ ਨਿਯੁੱਕਤੀ ਲਈ ਪਰਮਾਤਮਾ, ਸਮੂਹ ਸੰਗਤਾਂ, ਕਮੇਟੀਆਂ ਅਤੇ ਆਗੂਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਸੀਂ ਭਾਈਚਾਰੇ ਦੀ ਤਰੱਕੀ ਲਈ ਇੱਕਜੁੱਟ ਹੋ ਕੇ ਕੰਮ ਜਾਰੀ ਰੱਖਾਂਗੇ।

ਉਨ੍ਹਾਂ ਕਿਹਾ ਕਿ ਦੇਵੇਂਦਰ ਫੜਨਵੀਸ ਨੇ ਸੰਬੰਧਿਤ ਅਧਿਕਾਰੀਆਂ ਨੂੰ ਸਾਡੀਆਂ ਸਾਰੀਆਂ ਮੰਗਾਂ, ਜਿਸ ਵਿੱਚ ਨੰਦੇੜ ਲਈ ਵੰਦੇ ਭਾਰਤ ਟ੍ਰੇਨ ਦੀ ਕਨੈਕਟੀਵਿਟੀ,ਵਾਸੀ ਵਿਖੇ ਪੰਜਾਬ ਭਵਨ ਪਲਾਟ ਦਾ ਮਾਮਲਾ ਹੱਲ,ਪਨਵੇਲ ਤੋਂ ਉੱਤਰੀ ਭਾਰਤ ਲਈ ਟ੍ਰੇਨ ਦੀ ਬਿਹਤਰ ਕਨੈਕਟੀਵਿਟੀ, ਉਲਵੇ, ਨਵੀ ਮੁੰਬਈ ਵਿੱਚ ਸੱਭਿਆਚਾਰਕ ਅਤੇ ਧਾਰਮਿਕ ਪ੍ਰੋਗਰਾਮਾਂ ਲਈ ਜਮੀਨ ਦੀ ਅਲਾਟਮੈਂਟ ਆਦਿ ਦੇ ਹੱਲ ਲਈ ਸਿਫਾਰਸ਼ੀ ਪੱਤਰ ਜਾਰੀ ਕੀਤਾ ਗਿਆ ਹੈ।

## ਫ਼ਿਲਮ ‘ਪੰਜਾਬ 95’ ਸਬੰਧੀ ਘੋਖ ਕਰੇ ਸਿੱਖ ਮਾਹਿਰਾਂ ਦਾ ਪੈਨਲ: ਜਥੇਦਾਰ

ਅੰਮ੍ਰਿਤਸਰ/ਏ.ਟੀ. ਨਿਊਜ਼ :ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੁਕਮ ਕੀਤਾ ਹੈ ਕਿ ਉਹ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ ’ਤੇ ਆਧਾਰਿਤ ਫ਼ਿਲਮ ‘ਪੰਜਾਬ 95’ ਦੀ ਵੱਖ-ਵੱਖ ਪੱਖਾਂ ਤੋਂ ਘੋਖ ਕਰਨ ਲਈ ਤੁਰੰਤ ਸਿੱਖ ਵਿਦਵਾਨਾਂ ਦਾ ਉੱਚ ਪੱਧਰੀ ਪੈਨਲ ਗਠਿਤ ਕਰਨ। ਇਸ ਤੋਂ ਪਹਿਲਾਂ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੁਖੀ ਗੁਰਚਰਨ ਸਿੰਘ ਗਰੇਵਾਲ ਦੀ ਅਗਵਾਈ ਵਿੱਚ ਫੈਡਰੇਸ਼ਨ ਆਗੂਆਂ ਦੇ ਵਫਦ ਨੇ ਇਸ ਫ਼ਿਲਮ ਸਬੰਧੀ ਜਥੇਦਾਰ ਨਾਲ ਮੁਲਾਕਾਤ ਕੀਤੀ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਅਕਾਲ ਤਖ਼ਤ ਵਿਖੇ ਦਿੱਤੇ ਗਏ ਪੱਤਰਾਂ ਵਿੱਚ ਸ਼ੰਕਾ ਜਤਾਈ ਗਈ ਹੈ ਕਿ 1984 ਤੋਂ 1995 ਵਿੱਚ ਸਰਕਾਰੀ ਜਬਰ ਅਤੇ ਝੂਠੇ ਪੁਲਿਸ ਮੁਕਾਬਲਿਆਂ ਸਬੰਧੀ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਨੇ ਲਾਵਾਰਿਸ ਲਾਸ਼ਾਂ ਦਾ ਸੱਚ ਦੁਨੀਆ ਦੇ ਸਾਹਮਣੇ ਲਿਆਉਣ ਦਾ ਯਤਨ ਕੀਤਾ ਸੀ, ਜਿਸ ਨੂੰ ਫ਼ਿਲਮ ਰਾਹੀਂ ਦਰਸਾਇਆ ਜਾਣਾ ਹੈ ਪਰ ਭਾਰਤੀ ਫ਼ਿਲਮ ਸੈਂਸਰ ਬੋਰਡ ਨੇ ਇਸ ਫ਼ਿਲਮ ’ਤੇ ਲਗਪਗ ਸੌ ਤੋਂ ਕੱਟ ਲਗਾ ਦਿੱਤੇ।



## ਸਿੱਖ ਵਿਦਿਆਰਥੀ ਨੂੰ ਦਾੜ੍ਹੀ ਕਟਵਾਏ ਬਿਨ੍ਹਾਂ ਸਰਜਰੀ ਕਲਾਸ ’ਚ ਜਾਣ ਤੋਂ ਰੋਕਿਆ




ਤਾਸ਼ਕੰਤ (ਉਜਬੇਕਿਸਤਾਨ)/ਏ.ਟੀ.ਨਿਊਜ਼ : ਭਾਰਤ ਤੋਂ ਖਾਸ ਕਰਕੇ ਪੰਜਾਬ ਤੋਂ ਵੱਡੀ ਗਿਣਤੀ ਵਿੱਚ ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹਾਈ ਲਈ ਜਾਂਦੇ ਹਨ ਜਿਨ੍ਹਾਂ ਵਿੱਚੋਂ ਵੱਡੀ ਗਿਣਤੀ ਬਾਹਰ ਜਾ ਕੇ ਮੈਡੀਕਲ ਦੀ ਪੜ੍ਹਾਈ ਕਰਨ ਵਾਲਿਆਂ ਦੀ ਹੁੰਦੀ ਹੈ। ਵਿਦੇਸ਼ਾਂ ਵਿੱਚ ਅਕਸਰ ਹੀ ਵਿਦਿਆਰਥੀਆਂ ਨੂੰ ਬਹੁਤ ਸਾਰੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹਾ ਹੀ ਮਾਮਲਾ ਉਜਬੇਕਿਸਤਾਨ ਤੋਂ ਸਾਹਮਣੇ ਆਇਆ ਹੈ ਜਿਥੇ ਇੱਕ ਸਿੱਖ ਵਿਦਿਆਰਥੀ ਨੂੰ ਦਾੜ੍ਹੀ ਨਾ ਕੱਟੀ ਹੋਣ ਕਾਰਨ ਸਰਜਰੀ ਕਲਾਸ ਵਿੱਚ ਦਾਖ਼ਲ ਨਹੀਂ ਹੋਣ ਦਿਤਾ ਗਿਆ।

ਜਾਣਕਾਰੀ ਅਨੁਸਾਰ ਤਲਵੰਡੀ ਸਾਬੋ ਤੋਂ ਇੱਕ ਸਿੱਖ ਵਿਦਿਆਰਥੀ ਹਰਸ਼ਦੀਪ ਸਿੰਘ ਉਜਬੇਕਿਸਤਾਨ ਵਿੱਚ ਤਾਸ਼ਕੰਤ ਮੈਡੀਕਲ ਅਕੈਡਮੀ ਵਿੱਚ ਪੜ੍ਹਦਾ ਹੈ ਅਤੇ ਉਸ ਨੂੰ ਇਸ ਕਰ ਕੇ ਸਰਜਰੀ ਕਲਾਸ ਵਿੱਚ ਜਾਣ ਤੋਂ ਰੋਕ ਦਿਤਾ ਕਿਉਂਕਿ ਉਸ ਨੇ ਅਪਣੀ ਦਾੜ੍ਹੀ ਕਟਵਾਉਣ ਤੋਂ ਇਨਕਾਰ ਕਰ ਦਿੱਤਾ ਸੀ।

ਵਿਦਿਆਰਥੀ ਨੇ ਅਪਣੇ ਨਾਲ ਕੀਤੇ ਜਾ ਰਹੇ ਵਿਤਕਰੇ ਨੂੰ ਰੋਕਣ ਲਈ ਘੱਟ ਗਿਣਤੀ ਕਮਿਸ਼ਨ ਕੋਲ ਵੀ ਪਹੁੰਚ ਕੀਤੀ ਹੈ।

ਜ਼ਿਕਰਯੋਗ ਹੈ ਕਿ ਤਾਸ਼ਕੰਤ ਮੈਡੀਕਲ ਅਕੈਡਮੀ ਉਜਬੇਕਿਸਤਾਨ ਵਿੱਚ ਇੱਕ ਗ਼ੈਰ-ਮੁਨਾਫ਼ਾ ਮੈਡੀਕਲ ਯੂਨੀਵਰਸਿਟੀ ਹੈ। ਇਹ ਸਭ ਤੋਂ ਪੁਰਾਣੀ ਮੈਡੀਕਲ ਸੰਸਥਾਵਾਂ ਵਿਚੋਂ ਇੱਕ ਹੈ, ਇਹ 1920 ਵਿੱਚ ਮੈਡੀਸਨ ਫੈਕਲਟੀ ਵਜੋਂ ਸਥਾਪਤ ਕੀਤੀ ਗਈ ਸੀ।

2005 ਵਿੱਚ ਸੰਸਥਾ ਦਾ ਨਾਮ ਤਾਸ਼ਕੰਤ ਮੈਡੀਕਲ ਅਕੈਡਮੀ ਰਖਿਆ ਗਿਆ ਸੀ। ਇਹ ਉਜਬੇਕਿਸਤਾਨ ਵਿੱਚ ਡਾਕਟਰੀ ਸਿਖਿਆ ਲਈ ਇੱਕ ਪ੍ਰਮੁੱਖ ਮੰਜਲ ਹੈ। ਤਾਸ਼ਕੰਤ ਮੈਡੀਕਲ ਅਕੈਡਮੀ ਤਾਸ਼ਕੰਤ ਸ਼ਹਿਰ, ਉਜਬੇਕਿਸਤਾਨ ਵਿੱਚ ਸਥਿਤ ਹੈ। ਇਸ ਯੂਨੀਵਰਸਟੀ ਵਿੱਚ 6,500 ਤੋਂ ਵਧ ਮੈਡੀਕਲ ਵਿਦਿਆਰਥੀ ਹਨ। ਤਾਸ਼ਕੰਤ ਮੈਡੀਕਲ ਅਕੈਡਮੀ ਵਿੱਚ ਲਗਭਗ 5,500 ਅੰਡਰ ਗ੍ਰੈਜੂਏਟ ਅਤੇ 1,000 ਤੋਂ ਵਧ ਪੋਸਟ ਗ੍ਰੈਜੂਏਟ ਵਿਦਿਆਰਥੀ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

## ਸੰਪਾਦਕੀ

# ਕੀ ਕਹਿੰਦੇ ਨੇ ਪੰਚਾਇਤ ਚੋਣਾਂ ਦੇ ਨਤੀਜੇ ?

ਪੰਜਾਬ ਦੀਆਂ ਕੁੱਲ 13225 ਗ੍ਰਾਮ ਪੰਚਾਇਤਾਂ ਵਿੱਚੋਂ 9400 ਦੇ ਕਰੀਬ ਗ੍ਰਾਮ ਪੰਚਾਇਤਾਂ ਦੀ ਚੋਣ ਲਈ ਪਈਆਂ ਵੋਟਾਂ ਦੌਰਾਨ 68 ਫ਼ੀਸਦੀ ਪੋਲਿੰਗ ਹੋਈ ਹੈ। ਪ੍ਰਾਪਤ ਅੰਕੜਿਆਂ ਅਨੁਸਾਰ ਫ਼ਾਜ਼ਿਲਕਾ ਜ਼ਿਲ੍ਹੇ ’ਚ 67.26 ਫ਼ੀਸਦੀ, ਸੰਗਰੂਰ ’ਚ 67.53, ਪਠਾਨਕੋਟ ’ਚ 68 ਫ਼ੀਸਦੀ, ਲੁਧਿਆਣਾ ’ਚ 58.9, ਜਲੰਧਰ ’ਚ 57.99, ਪਟਿਆਲ਼ਾ ’ਚ 59 ਅਤੇ ਮੋਹਾਲ਼ੀ ਜ਼ਿਲ੍ਹੇ ’ਚ 65.15 ਫ਼ੀਸਦੀ ਵੋਟਾਂ ਪਈਆਂ ਹਨ। ਜਦੋਂ ਕਿ 3798 ਗ੍ਰਾਮ ਪੰਚਾਇਤਾਂ ’ਤੇ ਪਹਿਲਾਂ ਹੀ ਸਰਬਸੰਮਤੀ ਨਾਲ ਚੋਣ ਹੋ ਚੁੱਕੀ ਹੈ। ਸਰਪੰਚ ਦੇ 13225 ਅਹੁਦਿਆਂ ਲਈ 25588 ਅਤੇ ਪੰਚ ਦੇ 83427 ਅਹੁਦਿਆਂ ਲਈ 80598 ਉਮੀਦਵਾਰ ਚੋਣ ਮੈਦਾਨ ਵਿੱਚ ਨਿੱਤਰੇ ਹੋਏ ਸਨ। ਇਹਨਾਂ ਚੋਣਾਂ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ ਦੇ ਵੱਡੀ ਗਿਣਤੀ ਸਰਪੰਚ ਜੇਤੂ ਰਹੇ। ਚੋਣਾਂ ਤੋਂ ਪਹਿਲਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ ਅਨੇਕਾਂ ਪੰਚਾਇਤਾਂ ਵਿੱਚ ਵੀ ਵਧੇਰੇ ਸਰਪੰਚ ਆਮ ਆਦਮੀ ਪਾਰਟੀ ਦੇ ਹੀ ਬਣੇ ਸਨ। ਚੋਣਾਂ ਵਾਲੇ ਦਿਨ ਖ਼ਾਸ ਗੱਲ ਇਹ ਰਹੀ ਕਿ ਸੁਪ੍ਰੀਮ ਕੋਰਟ ਨੇ ਨਾਮਜ਼ਦਗੀਆਂ ਦੇ ਅਮਲ ਵਿੱਚ ਕਥਿਤ ਬੇਨਿਯਮੀਆਂ ਦੇ ਹਵਾਲੇ ਨਾਲ ਪੰਜਾਬ ਵਿੱਚ ਪੰਚਾਇਤ ਚੋਣਾਂ ਦੇ ਅਮਲ ’ਤੇ ਰੋਕ ਲਾਉਣ ਤੋਂ ਨਾਂਹ ਕਰ ਦਿੱਤੀ। ਸੁਪ੍ਰੀਮ ਕੋਰਟ ਨੇ ਕਿਹਾ ਕਿ ਜੇ ਪੋਲਿੰਗ ਵਾਲੇ ਦਿਨ ਚੋਣਾਂ ’ਤੇ ਰੋਕ ਲਾ ਦਿੱਤੀ ਤਾਂ ਇਸ ਨਾਲ ਬੇਵਜ੍ਹਾ ‘ਘੜਮੱਸ’ ਪਏਗਾ।

ਲੋਕਾਂ ਵਿੱਚ ਪੰਚਾਇਤ ਚੋਣਾਂ ਲਈ ਵੋਟਾਂ ਪਾਉਣ ਲਈ ਭਾਰੀ ਉਤਸ਼ਾਹ ਦਿਖਾਈ ਦਿੱਤਾ। ਵੱਡੀ ਗਿਣਤੀ ਲੋਕ ਸਵੇਰੇ 8 ਵਜੇ ਵੋਟਿੰਗ ਸ਼ੁਰੂ ਹੁੰਦਿਆਂ ਹੀ ਆਉਣੇ ਸ਼ੁਰੂ ਹੋ ਗਏ ਸਨ, ਜਿਸ ਕਰਕੇ ਪੰਜਾਬ ਭਰ ਵਿੱਚ ਪੋਲਿੰਗ ਸਟੇਸ਼ਨਾਂ ਦੇ ਬਾਹਰ ਲੋਕਾਂ ਦੀਆਂ ਲੰਮੀਆਂ ਕਤਾਰਾਂ ਲੱਗੀਆਂ ਰਹੀਆਂ। ਵੋਟ ਪਾਉਣ ਲਈ ਨੌਜਵਾਨਾਂ ਦੇ ਨਾਲ-ਨਾਲ ਬਜ਼ੁਰਗ ਤੇ ਔਰਤਾਂ ਵੀ ਪੋਲਿੰਗ ਸਟੇਸ਼ਨ ’ਤੇ ਪਹੁੰਚੀਆਂ, ਜਿਨ੍ਹਾਂ ਵੱਲੋਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ ਗਈ।

ਪੰਜਾਬ ਸਰਕਾਰ ਵੱਲੋਂ ਪੰਜਾਬ ਵਿੱਚ ਸ਼ਾਂਤੀਪੂਰਨ ਢੰਗ ਨਾਲ ਪੰਚਾਇਤ ਚੋਣਾਂ ਕਰਵਾਉਣ ਦੇ ਅਨੇਕਾਂ ਦਾਅਵਿਆਂ ਦੇ ਬਾਵਜੂਦ ਪੰਚਾਇਤ ਚੋਣਾਂ ਦੌਰਾਨ ਕਈ ਥਾਂਵਾਂ ’ਤੇ ਹਿੰਸਾ ਹੋਣ ਦੀਆਂ ਖ਼ਬਰਾਂ ਆਈਆਂ ਹਨ। ਵੋਟਿੰਗ ਦੌਰਾਨ ਸੂਬੇ ਵਿੱਚ ਤਿੰਨ ਥਾਂਵਾਂ ’ਤੇ ਗੋਲ਼ੀਆਂ ਚੱਲੀਆਂ। ਪੰਜਾਬ ਦੇ ਦਰਜਨ ਦੇ ਕਰੀਬ ਜ਼ਿਲ੍ਹਿਆਂ ਵਿੱਚ ਝੜਪਾਂ ਹੋਈਆਂ ਤੇ ਕੁਝ ਥਾਂਵਾਂ ’ਤੇ ਪੱਥਰਬਾਜ਼ੀ ਵੀ ਹੋਈ।

ਪੰਜਾਬ ਵਿੱਚ ਗੁਰਮਤਿ ਵਿਚਾਰਧਾਰਾ ‘ਪੰਚ ਪਰਮੇਸ਼ਵਰ ਪੰਚ ਪ੍ਰਧਾਨ’ ਨੇ ਪੰਚਾਇਤੀ ਰਾਜ ਦਾ ਮੁੱਢ ਬੰਨ੍ਹਿਆ। ਪੰਜਾਬ ’ਚ 73ਵੀਂ ਸੋਧ ਨੂੰ ਲਾਗੂ ਕਰਨ ਲਈ ਪੰਜਾਬ ਪੰਚਾਇਤੀ ਰਾਜ ਐਕਟ 1994 ਪਾਸ ਕਰ ਕੇ 21 ਅਪ੍ਰੈਲ 1994 ਤੋਂ ਲਾਗੂ ਕਰ ਦਿੱਤਾ ਗਿਆ। ਇਸ ਅਨੁਸਾਰ ਪਿੰਡ ਪੱਧਰ ’ਤੇ ਗ੍ਰਾਮ ਪੰਚਾਇਤ, ਬਲਾਕ ਪੱਧਰ ’ਤੇ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪੱਧਰ ’ਤੇ ਜ਼ਿਲ੍ਹਾ ਪ੍ਰੀਸ਼ਦ ਦਾ ਗਠਨ ਕਰਨ ਦਾ ਐਕਟ ਲਾਗੂ ਕਰ ਦਿੱਤਾ ਗਿਆ। ਪੰਜਾਬ ’ਚ ਪੰਚਾਇਤ ਚੋਣਾਂ ਇਸੇ ਐਕਟ ਅਨੁਸਾਰ ਹੋਈਆਂ ਹਨ। ਭਾਰਤ ਵਿੱਚ ਪੰਚਾਇਤੀ ਰਾਜ ਦਾ ਇਤਿਹਾਸ ਬਹੁਤ ਪੁਰਾਣਾ ਹੈ। ਚਾਣੱਕਿਆ ਵੱਲੋਂ ਆਪਣੀ ਪ੍ਰਸਿੱਧ ਪੁਸਤਕ ‘ਅਰਥ ਸ਼ਾਸਤਰ’ ਵਿੱਚ ਚੰਦਰ ਗੁਪਤ ਮੌਰੀਆ ਦੇ ਸਮੇਂ ਦੇ ਮਿਊਂਸੀਪਲ ਪ੍ਰਬੰਧਾਂ ਦਾ ਜ਼ਿਕਰ ਕੀਤਾ ਗਿਆ। ਮੁਗ਼ਲ ਕਾਲ ਤੋਂ ਲੈ ਕੇ ਅੰਗਰੇਜ਼ੀ ਰਾਜ ਦੇ ਸਮੇਂ ਤੱਕ ਪਿੰਡਾਂ ਦਾ ਪ੍ਰਬੰਧ ਚਲਾਉਣ ਲਈ ਪੰਚਾਇਤਾਂ ਦੀ ਲੋੜ ਮਹਿਸੂਸ ਕੀਤੀ ਗਈ।

ਪੰਚਾਇਤ ਚੋਣਾਂ ਦੌਰਾਨ ਇਸ ਵਾਰ ਪਰਵਾਸੀ ਲੋਕਾਂ ਦੀਆਂ ਵੋਟਾਂ ਦਾ ਮਾਮਲਾ ਵੀ ਉੱਠਿਆ ਅਤੇ ਕਈ ਪਿੰਡਾਂ ਵਿੱਚ ਪੰਜਾਬੀਆਂ ਦੀਆਂ ਵੋਟਾਂ ਘੱਟ ਅਤੇ ਪਰਵਾਸੀ ਲੋਕਾਂ ਦੀਆਂ ਵੋਟਾਂ ਵਧੇਰੇ ਹੋਣ ਦੀਆਂ ਖ਼ਬਰਾਂ ਵੀ ਮੀਡੀਆ ਵਿੱਚ ਆਉਂਦੀਆਂ ਰਹੀਆਂ। ਮੀਡੀਆ ਰਿਪੋਰਟਾਂ ਅਨੁਸਾਰ ਸਾਹਨੇਵਾਲ ਦੇ ਸ਼ੰਕਰ ਕਾਲੋਨੀ ਵਿੱਚ ਪੰਜਾਬ ’ਚ ਜੰਮੀ ਪਲ਼ੀ ਅਤੇ ਡੀਪੀਐੱਡ ਪਾਸ 23 ਸਾਲਾਂ ਦੀ ਨੇਹਾ ਚੌਰੱਸੀਆ ਬਿਨਾ ਮੁਕਾਬਲਾ ਸਰਪੰਚ ਚੁਣੀ ਗਈ ਹੈ। ਉਸਦੇ ਮਾਤਾ ਪਿਤਾ ਮੂਲ ਰੂਪ ’ਚ ਉੱਤਰ ਪ੍ਰਦੇਸ਼ ਦੇ ਬਲੀਆ ਤੋਂ ਹਨ। ਉਹ ਹਾਕੀ ਦੀ ਰਾਜ ਪੱਧਰੀ ਖਿਡਾਰਨ ਵੀ ਰਹੀ ਹੈ। ਉਸਦੀ ਮਾਤਾ ਵਿੱਦਿਆਵੰਤੀ ਦੇਵੀ ਵੀ ਪੰਚ ਹੈ। ਸ਼ੰਕਰ ਕਾਲੋਨੀ ਵਿੱਚ ਹਿਮਾਚਲੀ, ਗੜ੍ਹਵਾਲੀ, ਰਾਜਸਥਾਨੀ, ਯੂਪੀ-ਬਿਹਾਰ ਅਤੇ ਪੰਜਾਬੀ ਲੋਕ ਵਸਦੇ ਹਨ। ਇਸੇ ਤਰ੍ਹਾਂ ਨੇੜਲੇ ਰਾਮ ਨਗਰ ਵਿੱਚ ਵੀ ਬਿਹਾਰੀ ਮੂਲ ਦੀ ਮਮਤਾ ਦੇਵੀ ਪਹਿਲਾਂ ਦੋ ਵਾਰ ਲਗਾਤਾਰ ਸਰਪੰਚ ਰਹਿ ਚੁੱਕੀ ਹੈ। ਇਸ ਵਾਰ ਉਸ ਨੇ ਤੀਜੀ ਵਾਰ ਸਰਪੰਚੀ ਦੀ ਚੋਣ ਲੜੀ। ਉਹ ਪਿਛਲੇ 20 ਸਾਲ ਤੋਂ ਇੱਥੇ ਰਹਿ ਰਹੀ ਹੈ। ਵਿਸ਼ੇਸ ਗੱਲ ਇਹ ਹੈ ਕਿ ਉਸਦੇ ਵਿਰੁੱਧ ਲੜਨ ਵਾਲੇ ਛੇ ਹੋਰ ਉਮੀਦਵਾਰ ਵੀ ਬਿਹਾਰੀ ਮੂਲ ਦੇ ਸਨ ਅਤੇ ਸਿਰਫ਼ ਇੱਕ ਬੀਬੀ ਦਲਜੀਤ ਕੌਰ ਜੱਟ ਸਿੱਖ ਸਨ। ਇਸੇ ਤਰ੍ਹਾਂ ਤਾਜਪੁਰ ਬੇਟ ਤੋਂ ਵੀ ਪ੍ਰਵਾਸਨ ਔਰਤ ਪੂਨਮ ਕੁਮਾਰੀ ਨੇ ਸਰਪੰਚ ਦੀ ਚੋਣ ਲੜੀ, ਜੋ ਕਿ ਵੀਹ ਸਾਲ ਤੋਂ ਇੱਥੇ ਰਹਿ ਰਹੀ ਹੈ ਅਤੇ ਉਸਦਾ ਪਤੀ ਪ੍ਰਾਪਰਟੀ ਡੀਲਰ ਹੈ। ਇਸ ਤੋਂ ਇਲਾਵਾ ਪੰਜਾਬ ਦੇ ਹੋਰ ਵੀ ਕਈ ਪਿੰਡਾਂ ਵਿੱਚ ਪ੍ਰਵਾਸੀ ਭਾਈਚਾਰੇ ਦੇ ਲੋਕ ਪੰਚ ਬਣਨ ਵਿੱਚ ਕਾਮਯਾਬ ਰਹੇ ਹਨ।

ਪੰਚਾਇਤ ਚੋਣਾਂ ਦੌਰਾਨ ਵੱਡੀ ਗਿਣਤੀ ਉਮੀਦਵਾਰਾਂ ਨੇ ਆਪੋ ਆਪਣੇ ਪਿੰਡਾਂ ਦਾ ਸਰਬਪੱਖੀ ਵਿਕਾਸ ਕਰਵਾਉਣ ਦਾ ਵੀ ਵਾਅਦਾ ਕੀਤਾ ਅਤੇ ਅਜਿਹੇ ਹੋਰ ਵੀ ਕਈ ਤਰ੍ਹਾਂ ਦੇ ਵਾਅਦੇ ਉਹਨਾਂ ਨੇ ਵੋਟਰਾਂ ਨਾਲ ਕੀਤੇ ਪਰ ਹੁਣ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਪਿੰਡਾਂ ਦੀਆਂ ਪੰਚਾਇਤਾਂ ਕੋਲ ਅਧਿਕਾਰ ਕਿੰਨੇ ਕੁ ਹੁੰਦੇ ਹਨ ?, ਜਿਨ੍ਹਾਂ ਦੀ ਵਰਤੋਂ ਕਰਕੇ ਪਿੰਡਾਂ ਦਾ ਸਰਬਪੱਖੀ ਵਿਕਾਸ ਕੀਤਾ ਜਾਂਦਾ ਹੈ। ਆਮ ਤੌਰ ’ਤੇ ਕਿਹਾ ਜਾਂਦਾ ਹੈ ਕਿ ਜੇ ਪੰਜਾਬ ਵਿੱਚ ਰਾਜ ਕਰ ਰਹੀ ਪਾਰਟੀ ਦੀ ਪਿੰਡਾਂ ਵਿੱਚ ਪੰਚਾਇਤ ਹੋਵੇ ਤਾਂ ਸਰਕਾਰ ਪਿੰਡਾਂ ਦੇ ਵਿਕਾਸ ਲਈ ਖੁੱਲ੍ਹੇ ਗੱਫ਼ੇ ਦਿੰਦੀ ਹੈ ਪਰ ਜੇ ਕਿਸੇ ਪਿੰਡ ਵਿੱਚ ਵਿਰੋਧੀ ਪਾਰਟੀ ਦੀ ਪੰਚਾਇਤ ਹੋਵੇ ਤਾਂ ਉਸ ਨੂੰ ਵਿਕਾਸ ਕੰਮਾਂ ਲਈ ਗ੍ਰਾਂਟ ਦੇਣ ਵਿੱਚ ਅਕਸਰ ਘੇਸਲ ਮਾਰ ਲਈ ਜਾਂਦੀ ਹੈ। ਇਸੇ ਕਾਰਨ ਹੁਣ ਪੰਜਾਬ ਦੇ ਸੂਝਵਾਨ ਲੋਕ ਪਿੰਡਾਂ ਵਿੱਚ ਉਸੇ ਪਾਰਟੀ ਨਾਲ ਸਬੰਧਿਤ ਉਮੀਦਵਾਰਾਂ ਨੂੰ ਹੀ ਵੋਟ ਪਾਉਣ ਵਿੱਚ ਆਪਣੀ ਭਲਾਈ ਸਮਝਦੇ ਹਨ, ਜਿਸ ਪਾਰਟੀ ਦੀ ਪੰਜਾਬ ਵਿੱਚ ਸਰਕਾਰ ਹੁੰਦੀ ਹੈ।

ਹੁਣ ਜਦੋਂ ਪੰਚਾਇਤ ਚੋਣਾਂ ਦਾ ਯੁੱਧ ਸਮਾਪਤ ਹੋ ਚੁੱਕਿਆ ਹੈ ਅਤੇ ਨਵੇਂ ਚੁਣੇ ਹੋਏ ਲੋਕ ਨੁਮਾਇੰਦੇ ਸਾਹਮਣੇ ਆ ਗਏ ਹਨ ਤਾਂ ਲੋੜ ਇਸ ਗੱਲ ਦੀ ਹੈ ਕਿ ਸਰਕਾਰ ਵੱਲੋਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਵਧੇਰੇ ਅਧਿਕਾਰ ਦਿੱਤੇ ਜਾਣ, ਪਿੰਡਾਂ ਦੀਆਂ ਪੰਚਾਇਤਾਂ ਦੀ ਆਮਦਨੀ ਦੇ ਸੋਮੇ ਵਧਾਏ ਜਾਣ ਅਤੇ ਸਾਰੇ ਪਿੰਡਾਂ ਦੇ ਵਿਕਾਸ ਲਈ ਬਿਨਾਂ ਕਿਸੇ ਪੱਖਪਾਤ ਤੋਂ ਪੰਚਾਇਤਾਂ ਨੂੰ ਗ੍ਰਾਂਟਾਂ ਦਿੱਤੀਆਂ ਜਾਣ ਤਾਂ ਕਿ ਪੰਚਾਇਤਾਂ ਪਿੰਡਾਂ ਦੇ ਵਿਕਾਸ ਲਈ ਸਰਕਾਰੀ ਗ੍ਰਾਂਟ ਨੂੰ ਹੀ ਤਰਸਦੀਆਂ ਨਾ ਰਹਿ ਜਾਣ।

# ਕੀ ‘ਆਪ’ ਪਾਰਟੀ ਪੰਜਾਬ ਵਿੱਚ ਆਪਣੀ ਹੋਂਦ ਕਾਇਮ ਰੱਖ ਸਕੇਗੀ ?



ਦਰਬਾਰਾ ਸਿੰਘ ਕਾਹਲੋਂ
ਸਾਬਕਾ ਰਾਜ ਕਮਿਸ਼ਨਰ, ਪੰਜਾਬ)




16 ਮਾਰਚ, 2022 ਤੋਂ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਚੱਲ ਰਹੀ ਹੈ। ਪੰਜਾਬੀਆਂ ਨੂੰ ਚੜ੍ਹਦੇ ਪੰਜਾਬ ਵਿੱਚ ਦੇਸ਼ ਅਜ਼ਾਦੀ ਬਾਅਦ ਜਿਵੇਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਗਠਜੋੜ ਸਰਕਾਰਾਂ ਜਿਵੇਂ ਲੁੱਟਿਆ, ਕੁੱਟਿਆ, ਨੌਜਵਾਨੀ ਦਾ ਜਾਣ ਬੁੱਝ ਕੇ ਖਾਸ ਕਰਕੇ ਸਿੱਖ ਨੌਜਵਾਨੀ ਦਾ ਫੌਜੀ ਕਾਰਵਾਈਆਂ ਅਤੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਘਾਣ ਕੀਤਾ, ਹਿੰਦੂ-ਸਿੱਖ-ਦਲਿਤ ਭਾਈਚਾਰਿਆਂ ਦਰਮਿਆਨ ਅਸਫ਼ਲ ਟਕਰਾਅ, ਭਾਸ਼ਾ, ਸੰਸਕ੍ਰਿਤੀ ਅਤੇ ਭੇਦਭਾਵ ਜ਼ਰੀਏ ਪੈਦਾ ਕਰਨ ਦੇ ਯਤਨ ਕੀਤੇ, ‘ਪੰਜਾਬ ਜਿਊਂਦਾ ਗੁਰਾਂ ਦੇ ਨਾਂਅ ’ਤੇ’ ਅਤੇ ਸਰਬ ਸਾਂਝੀਵਾਲਤਾ ਉੱਚਤਮ ਪੈਗਾਮਾਂ ਨੂੰ ਤਾਰਪੀਡੋ ਕਰਨ ਦਾ ਯਤਨ ਕੀਤਾ, ਉੱਚੀ ਰਾਜਨੀਤਕ ਜਮਾਤ ਨੇ ਨਸ਼ੀਲੇ ਪਦਾਰਥਾਂ, ਗੈਂਗਸਟਰਵਾਦ, ਸਮਾਜਿਕ ਅਤੇ ਧਾਰਮਿਕ ਹਿੰਸਾ, ਬੇਰੋਜ਼ਗਾਰੀ, ਭਿਖਾਰੀ ਉਜਰਤ, ਠੇਕਾ ਸਿਸਟਮ, ਆਊਟਸੋਰਸਿੰਗ, ਗਲੀ-ਗਲੀ, ਮੁਹੱਲੇ-ਮੁਹੱਲੇ ਦੇਹ ਵਪਾਰ ਕੇਂਦਰਾਂ, ਘਟੀਆਂ ਤਕਨੀਕੀ, ਸਾਇੰਸੀ ਇਲੈਕਟ੍ਰਾਨਿਕ ਵਪਾਰਕ ਸਿੱਖਿਆ ਅਦਾਰਿਆਂ, ਮੌਜ ਮਸਤੀ ਵਪਾਰਕ ਯੂਨੀਵਰਸਿਟੀਆਂ, ਖੁੱਲ੍ਹਮ ਖੁੱਲ੍ਹੀ ਨਕਲ, ਅਮਨ ਕਾਨੂੰਨ ਅਤੇ ਇਨਸਾਫ ਦੇ ਦੀਵਾਲੀਏਪਣ ਰਾਹੀਂ ‘ਪੰਜਾਬ ਬਸਤੀਵਾਦੀ ਸਿਸਟਮ’ ਪੈਦਾ ਕੀਤਾ, ਇਸ ਤੋਂ ਬੁਰੀ ਤਰ੍ਹਾਂ ਬੇਜ਼ਾਰ ਹੋ ਚੁੱਕੇ ਸਨ। ਕਦੇ ਨੰਬਰ ਇੱਕ ਭਾਰਤ ਦੇ ਤਾਜ ਦਾ ਇਹ ਮੁਕਟ 17ਵੇਂ ਪ੍ਰਤੀ ਜੀਅ ਆਮਦਨ ਦੇ ਪਾਏਦਾਨ ’ਤੇ ਗਿਰ ਕੇ ਪੈਰਾਂ ਵਿੱਚ ਰੁਲਣ ਲਈ ਮਜਬੂਰ ਹੋ ਚੁੱਕਾ ਸੀ। ਸਨਅਤ ਪਲਾਇਨ ਕਰ ਗਈ, ਪੈਦਾਵਾਰ ਮੂਧੇ ਮੂੰਹ ਡਿਗ ਪਈ, ਬੇਰੋਜ਼ਗਾਰੀ ਅਤੇ ਗੈਰ ਨਿਪੁੰਨਤਾ ਗਲ-ਗਲ ਚੜ੍ਹ ਗਈ। ਪ੍ਰਸ਼ਾਸਨਿਕ ਗੁਣਵੱਤਾ ਭ੍ਰਿਸ਼ਟਾਚਾਰ, ਦੁਰਾਚਾਰ, ਨਾ ਅਹਿਲੀਅਤ ਦੀ ਭੇਂਟ ਚੜ੍ਹ ਗਈ। ਭ੍ਰਿਸ਼ਟ ਪਰਿਵਾਰਵਾਦੀ, ਸ਼ੈਤਾਨ ਅਤੇ ਸਵਾਰਥੀ ਰਾਜਕੀ ਸੰਸਥਾਵਾਂ ਦਾ ਘਾਣ, ਪੰਜਾਬ ਦੇ ਹੱਕਾਂ ਅਤੇ ਹਿਤਾਂ ਨੂੰ ਬੋਲੀ ’ਤੇ ਵੇਚਣ ਵਾਲੇ ਰਾਜਨੀਤੀਵਾਨਾਂ ਨੇ ਪ੍ਰਸ਼ਾਸਨਿਕ ਅਫਸਰਸ਼ਾਹੀ ਉੱਤੇ ਕਾਠੀ ਪਾ ਲਈ।

ਆਮ ਆਦਮੀ ਪਾਰਟੀ ਸੁਪਰੀਮੋ ਲਾਲਾ ਅਰਵਿੰਦ ਕੇਜਰੀਵਾਲ ਅਤੇ ਉਸਦੀ ਚੱਕਰਵਿਊ ਮਾਹਿਰ ਟੀਮ ਨੇ ਪੰਜਾਬ ਅੰਦਰ ਭਗਵੰਤ ਮਾਨ ਸਰਕਾਰ ਨੂੰ ਪੰਜਾਬੀਆਂ ਦੀਆਂ ਇੱਛਾਵਾਂ, ਅਭਿਲਾਸ਼ਾਵਾਂ ਆਧਾਰਿਤ ਵਿਕਾਸਮਈ, ਭ੍ਰਿਸ਼ਟਾਚਾਰ ਰਹਿਤ, ਜਨਤਕ ਸ਼ਮੂਲੀਅਤ ਰਾਹੀਂ ਇੱਕ ਪਲ ਵੀ ਅਜ਼ਾਦਾਨਾ ਅਤੇ ਮੁਨਸਫਾਨਾ ਤੌਰ ’ਤੇ ਚਲਾਉਣ ਦੀ ਇਜਾਜ਼ਤ ਨਾ ਦਿੱਤੀ।

ਭਗਵੰਤ ਮਾਨ ਨੇ ਭ੍ਰਿਸ਼ਟਾਚਾਰ ਰਹਿਤ ਸ਼ਾਸਨ ਦੇਣ ਲਈ ਵਿਜੇ ਸਿੰਗਲਾ, ਫੌਜਾ ਸਿੰਘ ਸਰਾਰੀ ਮੰਤਰੀ ਚਲਦੇ ਕੀਤੇ। ਅਮਿਤ ਰਤਨ ਕੋਟਫੱਤਾ ਵਿਧਾਇਕ ਬਠਿੰਡਾ ਦਿਹਾਤੀ ਧਰ ਲਿਆ। ਅੱਜ ਵੀ ਦੋ ਵਿਧਾਇਕ ਭ੍ਰਿਸ਼ਟਾਚਾਰੀ ਦੋਸ਼ਾਂ ਵਿੱਚ ਉਸਦੇ ਨਿਸ਼ਾਨੇ ’ਤੇ ਹਨ ਲੇਕਿਨ ਲਾਲਾ ਕੇਜਰੀਵਾਲ ਦੇ 177 ਦਿਨ ਤਿਹਾੜ ਜੇਲ੍ਹ ਵਿੱਚ ਐਕਸਾਈਜ਼ ਨੀਤੀ ਭ੍ਰਿਸ਼ਟਾਚਾਰ ਕੇਸ ਵਿੱਚ ਬੰਦ ਰਹਿਣ ਉਪਰੰਤ ਪੰਜਾਬ ਕੈਬਨਿਟ, ਸਰਕਾਰ ਅਤੇ ਪ੍ਰਸ਼ਾਸਨ ’ਤੇ ਉਨ੍ਹਾਂ ਪਕੜ ਪੀਢੀ ਹੁੰਦੀ ਲੱਗ ਰਹੀ ਹੈ। ਦਿੱਲੀ ਦੇ ਮੁੱਖ ਮੰਤਰੀ ਪਦ ਤੋਂ ਅਸਤੀਫਾ ਦੇਣ ਬਾਅਦ ਹੁਣ ਉਹ ਪੰਜਾਬ ਅੰਦਰ ਮੰਨ ਚਾਹੇ ਦਖਲ ਲਈ ਆਜ਼ਾਦ ਹੋ ਚੁੱਕੇ ਹਨ।

ਪੰਜਾਬ ਵਿੱਚ ਪਿਛਲੇ ਢਾਈ ਸਾਲਾਂ ਦੇ ਆਮ ਆਦਮੀ ਪਾਰਟੀ ਸ਼ਾਸਨ ਸੰਬੰਧੀ ਰੌਸ਼ਨੀ ਦੀ ਕਿਰਨ ਦੀ ਥਾਂ ਅੰਧੇਰੀ ਗੁਫਾ ਦਾ ਬੇਚੈਨੀ ਭਰਿਆ ਮਾਹੌਲ ਪਸਰਦਾ ਨਜ਼ਰ ਆ ਰਿਹਾ ਹੈ। ਇਸਦਾ ਟੈਸਟ ਸੰਨ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਸਾਹਮਣੇ ਆ ਚੁੱਕਾ ਹੈ। ਭਗਵੰਤ ਮਾਨ ਦੀ ਕਮਾਨ ਬੁਰੀ ਤਰ੍ਹਾਂ ਨਾਕਾਮ ਅਤੇ 32 ਦੰਦਾਂ ਵਿੱਚੋਂ ਨਿਕਲਣ ਵਾਲੇ ਸੱਚ ਦਾ ਦਾਅਵਾ ਝੂਠਾ ਸਾਬਤ ਹੋਇਆ। ਲੋਕ ਸਭਾ ਦੀਆਂ 13 ਸੀਟਾਂ ਵਿੱਚੋਂ ਸ਼ਰਮਨਾਕ 3 ਹਾਸਲ ਹੋਈਆਂ। ਪੰਜਾਬੀਆਂ ਨੇ ਬਦਲਾਅ ਦਾ ਸ਼ੀਸ਼ਾ ਵਿਖਾ ਦਿੱਤਾ।

**ਹਕੀਕਤਾਂ:** ਭਗਵੰਤ ਮਾਨ ਸਰਕਾਰ ਨੇ 300 ਯੂਨਿਟ ਪ੍ਰਤੀ ਮਾਹ ਮੁਫ਼ਤ ਬਿਜਲੀ, ਔਰਤਾਂ ਨੂੰ ਮੁਫ਼ਤ ਬੱਸ ਸੇਵਾ, 45560 ਰੋਜ਼ਗਾਰ ਭ੍ਰਿਸ਼ਟਾਚਾਰ ਮੁਕਤ ਜ਼ਰੂਰ ਦਿੱਤੇ। ਲਮਕ ਰਹੇ 1158 ਕਾਲਜ ਅਸਿਸਟੈਂਟ ਪ੍ਰੋਫੈਸਰਾਂ ਦੇ ਕੇਸ ਦੀ ਜਿੱਤ ਵਿੱਚ ਯੋਗਦਾਨ ਪਾਇਆ। ਪਰ ਨਸ਼ਾ ਤਸਕਰੀ, ਗਲੀ-ਗਲੀ ਨਸ਼ਾ ਵਿਕਰੀ, ਨਜਾਇਜ਼ ਮਾਈਨਿੰਗ, ਪ੍ਰਸ਼ਾਸਨਿਕ ਭ੍ਰਿਸ਼ਟਾਚਾਰ, ਰਾਜਨੀਤੀਵਾਲਾਂ ਵੱਲੋਂ ਕੰਮ ਕਰਾਉਣ ਬਦਲੇ ਭ੍ਰਿਸ਼ਟਾਚਾਰ, ਅਮਨ-ਕਾਨੂੰਨ, ਕਿਸਾਨ ਖੁਦਕੁਸ਼ੀਆਂ, ਬੇਰੋਜ਼ਗਾਰਾਂ ਵੱਲੋਂ ਆਏ ਦਿਨ ਸਰਕਾਰ ਦਾ ਪਿੱਟ-ਸਿਆਪਾ, ਪੁਲਿਸ ਵੱਲੋਂ ਲਗਾਤਾਰ ਕੁਟਾਪਾ, ਸ਼ਰਮਨਾਕ ਵੀ ਆਈ ਪੀ ਸੱਭਿਆਚਾਰ, ਸੁਰੱਖਿਆ ਗਾਰਡਾਂ ਦੀ ਭੀੜ, ਰਾਜ ਵਿੱਚ ਨਿਵੇਸ਼ ਅਤੇ ਨਵੀਂਆਂ ਸਨਅਤਾਂ ਸਥਾਪਿਤ ਕਰਨ, ਪਲਾਇਨ ਕਰਤਾ ਸਨਅਤਾਂ ਰੋਕਣ, ਆਏ ਮਹੀਨੇ ਕਰਜ਼ਾ ਲੈ ਕੇ ਸਰਕਾਰ ਚਲਾਉਣ (ਭਾਵ ਹੁਣ ਤਕ 80000 ਕਰੋੜ) ਇਸਦਾ ਸਲਾਨਾ ਬਿਆਜ 25000 ਕਰੋੜ ਤਕ ਪੁੱਜਣ, ਫਸਲੀ ਵਿਭਿੰਨਤਾ ਵੱਲ ਕਦਮ ਚੁੱਕਣ, ਇਮਤਿਹਾਨਾਂ ਵਿੱਚ ਨਕਲ ਰੋਕਣ, ਵਿੱਦਿਆ ਦਾ ਮਿਆਰ ਉੱਪਰ ਚੁੱਕਣ, ਪਾਣੀਆਂ ਅਤੇ ਰਾਜਧਾਨੀ ਦੇ ਮਸਲੇ ਦਾ ਹੱਲ, ਪਾਣੀ ਦੀ ਧਰਤੀ ਹੇਠ ਸਤਹ ਲਗਾਤਾਰ ਗਿਰਨੋਂ ਰੋਕਣ, ਕੇਂਦਰ ਸਰਕਾਰ ਨਾਲ ਸਾਜ਼ਗਾਰ ਸੰਬੰਧ ਕਾਇਮ ਰੱਖਣ, ਸਿਹਤ ਸਿਸਟਮ ਸੁਧਾਰਨ, ਐਕਸਾਈਜ਼ ਨੀਤੀ ਤੋਂ ਧੰਨ ਕਮਾਉਣ ਦੇ ਦਾਅਵੇ ਪੂਰੇ ਕਰਨ, ਹੜ੍ਹਾਂ ਨਾਲ ਨੁਕਸਾਨ ਸੰਬੰਧੀ ਮੁਆਵਜ਼ੇ ਦੇਣ, ਅਫਸਰਸ਼ਾਹੀ ਤੇ ਨਕੇਲ ਕੱਸਣ ਆਦਿ ਪੱਖੋਂ ਸਰਕਾਰ ਬੁਰੀ ਤਰ੍ਹਾਂ ਨਾਕਾਮ ਨਜ਼ਰ ਆਈ।

ਪਰ ਮੁਫ਼ਤ ਬਿਜਲੀ ਕਰਕੇ ਸਰਕਾਰ ਸਿਰ ਸਲਾਨਾ 19000 ਕਰੋੜ ਕਰਜ਼, ਡੀਜ਼ਲ-ਪੈਟਰੋਲ ਦੀਆਂ ਕੀਮਤਾਂ ਵਿੱਚ ਵਾਧਾ ਕਰਕੇ ਜਨਤਾ ’ਤੇ 2800 ਕਰੋੜ ਦਾ ਭਾਰ ਲੱਦਣ, ਬੱਸ ਕਿਰਾਇਆ ਘੱਟੋ-ਘੱਟ 15 ਰੁਪਏ ਭਾਵੇਂ ਕੋਈ ਬੱਸ ਦੀ ਪਿਛਲੀ ਬਾਰੀ ਵਿੱਚੋਂ ਵੜ ਕੇ ਮੂਹਰਲੀ ਵਿੱਚੋਂ ਬਾਹਰ ਨਿਕਲ ਜਾਏ, ਪੱਛਮੀ ਦੇਸ਼ਾਂ ਵਾਂਗ ਅਮੀਰਾਂ ’ਤੇ ਟੈਕਸ ਲਾਉਣ ਤੋਂ ਨਾਕਾਮ ਰਹਿਣ ਨੇ ਸਰਕਾਰ ਦੀ ਛਵ੍ਹੀ ਨੂੰ ਵਿਗਾੜਿਆ।

ਕੇਜਰੀਵਾਲ ਦੀ ਤਰਜ਼ ’ਤੇ ਪੰਜਾਬ ਵਿੱਚ ਭਗਵੰਤ ਮਾਨ ਨੇ ਮੁੱਖ ਮੰਤਰੀ ਵਜੋਂ ਏਕਾਧਿਕਾਰ ਕਾਇਮ ਕਰਕੇ ਦੂਸਰੇ ਮੰਤਰੀ ਸਿਫ਼ਰ ਕਰ ਛੱਡੇ, ਸੂਬਾ ਪਾਰਟੀ ਕਨਵੀਨਰ ਹੋਣ ਕਰਕੇ ਕਾਰਜਕਾਰੀ ਕਨਵੀਨਰ ਪ੍ਰਿੰਸੀਪਲ ਬੁੱਧ ਰਾਮ, ਹਾਈ ਕਮਾਨ ਸੰਬੰਧਿਤ ਡਾ. ਸੰਦੀਪ ਪਾਠਕ, ਰਾਘਵ ਚੱਢਾ, ਜਰਨੈਲ ਸਿੰਘ ਦੀ ਕਦੇ ਪ੍ਰਵਾਹ ਨਹੀਂ ਕੀਤੀ। ਜਲੰਧਰ ਪੱਛਮੀ ਉਪ ਚੋਣ ਵਿੱਚ ਡਾ. ਪਾਠਕ ਵੱਲੋਂ ਲਗਾਈਆਂ ਡਿਊਟੀਆਂ ਦਰਕਿਨਾਰ ਕਰਕੇ ਧੱਕੇ ਨਾਲ ਆਪ ਕਮਾਨ ਸੰਭਾਲ ਲਈ ਅਤੇ ਜਿੱਤੀ ਵੀ। ਪਰ ਸੱਤਾ ਦੇ ਏਕਾਧਿਕਾਰ ਕਰਕੇ ਪੰਜਾਬ ਪ੍ਰਸ਼ਾਸਨ, ਵਿਕਾਸ, ਅਮਨ ਕਾਨੂੰਨ ਵਿੱਚ ਅਣਕਿਆਸੇ ਵਿਗਾੜ ਪੈਦਾ ਕੀਤੇ। ਦਰਅਸਲ ਵਧੀਆ ਸਰਕਾਰ ਅਤੇ ਵਿਕਾਸ ਦੀ ਚਾਬੀ ਆਪਸੀ ਵਿਸ਼ਵਾਸ ਅਧਾਰਤ ਟੀਮ ਵਰਕ ਹੁੰਦਾ ਹੈ ਜੋ ਪੰਜਾਬ ਵਿੱਚ ਪਿਛਲੇ 30 ਮਹੀਨੇ ਕਿੱਧਰੇ ਨਜ਼ਰ ਨਹੀਂ ਆਇਆ।

**ਮੀਡੀਆ ਕੁਪ੍ਰਬੰਧ:** ਮੀਡੀਆ ਆਧੁਨਿਕ ਲੋਕਤੰਤਰ ਦਾ ਚੌਥਾ ਤਾਕਤਵਰ ਥੰਮ੍ਹ ਹੀ ਨਹੀਂ ਸਮੇਂ-ਸਮੇਂ ਸਰਕਾਰਾਂ ਨੂੰ ਉਨ੍ਹਾਂ ਦੀ ਕਾਰਗੁਜ਼ਾਰੀ ਦਾ ਸ਼ੀਸ਼ਾ ਵਿਖਾ ਕੇ ਸੰਭਲਣ ਲਈ ਅਹਿਮ ਰੋਲ ਅਦਾ ਕਰਦਾ ਹੈ। ਇਹ ਸਰਕਾਰਾਂ ਨਾਲੋਂ ਵੀ ਕਿੰਨਾ ਤਾਕਤਵਰ ਹੁੰਦਾ ਹੈ, ਇਸਦੀ ਤਾਜ਼ਾ ਮਿਸਾਲ ਅਮਰੀਕਾ ਅੰਦਰ ਮਿਲਦੀ ਹੈ। ਡੋਨਾਲਡ ਟਰੰਪ ਅਤੇ ਰਾਸ਼ਟਰਪਤੀ ਜੋਅ ਬਾਇਡੇਨ ਦਰਮਿਆਨ 27 ਜੂਨ, 2024 ਨੂੰ ਹੋਈ ਰਾਸ਼ਟਰਪਤੀ ਚੋਣਾਂ ਸੰਬੰਧੀ ਬਹਿਸ ਵਿੱਚ ਜਦੋਂ ਵਿਸ਼ਵ ਦੇ ਸਭ ਤੋਂ ਤਾਕਤਵਰ ਅਮਰੀਕੀ ਰਾਸ਼ਟਰਪਤੀ ਬਾਈਡੇਨ ਦੀ ਕਾਰਗੁਜ਼ਾਰੀ ਨੀਰਸ ਅਤੇ ਨਿਕੰਮੀ ਰਹੀ ਤਾਂ ਸਭ ਤੋਂ ਪਹਿਲਾਂ ਨਿਊਯਾਰਕ ਟਾਈਮਜ਼ ਦੇ ਦੋ ਉੱਘੇ ਕਾਲਮਨਵੀਸਾਂ ਟੌਮ ਫਰਾਈਡਮੈਨ ਅਤੇ ਨਿੱਕ ਸਟੌਫ ਨੇ ਚੋਣ ਵਿੱਚੋਂ ਡੈਮੋਕ੍ਰੈਟਿਕ ਉਮੀਦਵਾਰ ਵਜੋਂ ਬਾਹਰ ਹੋਣ ਲਈ ਬੇਬਾਕੀ ਨਾਲ ਕਿਹਾ। ਸੋ ਉਸ ਨੂੰ ਬਾਹਰ ਹੋਣਾ ਪਿਆ। ਉਸਦੀ ਥਾਂ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਪਾਰਟੀ ਨੇ ਚੁਣ ਲਿਆ।

ਭਗਵੰਤ ਸਰਕਾਰ ਨੂੰ ਤੁਰੰਤ ਮੀਡੀਆ ਦੀ ਅਜ਼ਾਦੀ ਬਹਾਲ ਕਰਨੀ ਚਾਹੀਦੀ ਹੈ ਜੋ ਇਸਦੇ ਭਲੇ ਲਈ ਹੋਵੇਗਾ। ਪਰ ਜੇ ਅਜਿਹਾ ਨਹੀਂ ਹੁੰਦਾ ਤਾਂ ਅੰਡਰ-ਕਰੰਟ ਮੀਡੀਆ ਵਿਰੋਧ ਉਸਦੀ ਲੀਡਰਸ਼ਿੱਪ ਅਤੇ ਆਮ ਆਦਮੀ ਪਾਰਟੀ ਨੂੰ ਪੰਜਾਬ ਵਿੱਚ ਬਰਬਾਦ ਕਰ ਸਕਦਾ ਹੈ।

**ਵਚਿੱਤਰ ਸਥਿਤੀ:** ਲਾਲਾ ਕੇਜਰੀਵਾਲ ਦੇ ਜੇਲ੍ਹ ਵਿੱਚੋਂ ਬਾਹਰ ਆਉਣ ਨਾਲ ਪੰਜਾਬ ਦੀ ਆਮ ਆਦਮੀ ਪਾਰਟੀ ਵਿੱਚ ਭੂਚਾਲ ਆਇਆ ਪਿਆ ਹੈ। ਉਹ ਭਗਵੰਤ ਮਾਨ ਦੀ ਅਗਵਾਈ ਵਿੱਚ ਲੋਕ ਸਭਾ ਚੋਣਾਂ ਵਿੱਚ ਸ਼ਰਮਨਾਕ ਹਾਰ ਤੋਂ ਬੁਰੀ ਤਰ੍ਹਾਂ ਆਹਤ ਹਨ। ਉਨ੍ਹਾਂ ਮਾਨ ਦੀ ਅਗਵਾਈ ਤੋਂ ਨਰਾਜ਼ਗੀ ਦੇ ਸਪਸ਼ਟ ਸੰਕੇਤ ਦਿੰਦੇ ਪੰਜਾਬ ਮਾਮਲੇ ਆਪਣੇ ਸਿੱਧੇ ਤੌਰ ’ਤੇ ਹੱਥਾਂ ਵਿੱਚ ਲੈਣ ਦਾ ਮੁਜ਼ਾਹਿਰਾ ਕੀਤਾ। ਉਨ੍ਹਾਂ ਵੱਲੋਂ ਦਿੱਲੀ ਦੇ ਮੁੱਖ ਮੰਤਰੀ ਦਾ ਅਹੁਦਾ ਛੱਡਣ ਦੇ ਐਲਾਨ ਵੇਲੇ ਕੋਲ ਬੈਠੇ ਮਾਨ ਨੂੰ ਬੋਲਣ ਦਾ ਸਮਾਂ ਨਾ ਦੇਣਾ, ਹਵਾਈ ਜਹਾਜ਼ ਘਟਨਾ ਤੋਂ ਅੰਦਰ ਖਾਤੇ ਗੁੱਸਾ, ਮਾਨ ਬਗੈਰ ਪੰਜਾਬ ਕੈਬਨਿਟ ਅਤੇ ਲੀਡਰਸ਼ਿੱਪ ਦਿੱਲੀ ਬੁਲਾਉਣਾ, ਚਾਰ ਦਾਗੀ ਅਤੇ ਨਿਕੰਮੇ ਮੰਤਰੀ ਜਿਵੇਂ ਚੇਤੰਨ ਸਿੰਘ ਜੌੜਾ ਮਾਜਰਾ (ਵੀ. ਸੀ. ਨੂੰ ਗੱਦੇ ’ਤੇ ਲਿਟਾਉਣ ਵਾਲਾ) ਬਲਕਾਰ ਸਿੰਘ, ਬੀਬੀ ਅਨਮੋਲ ਗਗਨ (ਚੁਟਕੀ ਵਿੱਚ ਐੱਮ. ਐੱਸ. ਪੀ. ਦੇਣ ਵਾਲੀ) ਬ੍ਰਹਮ ਸ਼ੰਕਰ ਜਿੰਪਾ ਲਾਂਭੇ ਕਰਕੇ 5 ਨਵਿਆਂ ਦੀ ਚੋਣ ਕਰਨੀ ਜਿਵੇਂ ਤਰੁਣਪ੍ਰੀਤ ਸਿੰਘ, ਬਰਿੰਦਰ ਗੋਇਲ, ਹਰਦੀਪ ਸਿੰਘ ਮੁੰਡੀਆ, ਮਹਿੰਦਰ ਭਗਤ (ਪੁੱਤਰ ਚੂਨੀ ਲਾਲ ਭਗਤ) ਡਾ. ਰਣਜੀਤ ਸਿੰਘ ਭਾਵੇਂ ਇਨ੍ਹਾਂ ਵਿੱਚੋਂ ਕਦੇ ਕੋਈ ਪਿੰਡ ਦਾ ਪੰਚ-ਸਰਪੰਚ ਜਾਂ ਕੌਂਸਲਰ ਬਣਨ ਦਾ ਤਜਰਬਾ ਨਹੀਂ ਰੱਖਦਾ। ਜਿਵੇਂ ਮਹਿਕਮੇ ਭਾਰੇ ਦਿੱਤੇ ਹਨ 30 ਮਹੀਨਿਆਂ ਵਿੱਚ ਸਮਝ ਹੀ ਨਹੀਂ ਪੈਣੀ, ਰਹਿੰਦੀ

(ਬਾਕੀ ਸਫ਼ਾ 31 ’ਤੇ)

# ਵਿਸ਼ਵ ਜੰਗ ਦਾ ਰੂਪ ਵੀ ਲੈ ਸਕਦੈ ਇਜ਼ਰਾਇਲ-ਜਿਹਾਦੀ ਯੁੱਧ

ਡਾ. ਦਲਵਿੰਦਰ ਸਿੰਘ ਗਰੇਵਾਲ



ਇਸ ਵੇਲੇ ਦੁਨੀਆਂ ਦੇ ਸਭ ਤੋਂ ਵੱਧ ਨਾਜ਼ੁਕ ਖੇਤਰ ਹਨ ਪੱਛਮੀ ਏਸ਼ੀਆ, ਰੂਸ-ਯੂਕਰੇਨ ਅਤੇ ਚੀਨ-ਤਾਇਵਾਨ। ਇਨ੍ਹਾਂ 'ਚ ਜੋ ਮੁੱਖ ਦੇਸ਼ ਆਹਮੋ-ਸਾਹਮਣੇ ਹਨ ਉਹ ਹਨ ਰੂਸ, ਅਮਰੀਕਾ, ਯੂਰਪੀ ਦੇਸ਼ ਯੂਕਰੇਨ, ਪੱਛਮ ਏਸ਼ਿਆਈ ਦੇਸ਼ ਚੀਨ ਤੇ ਤਾਇਵਾਨ ਆਦਿ। ਰੂਸ-ਯੂਕਰੇਨ ਯੁੱਧ 'ਚ ਯੂਕਰੇਨ ਦੀ ਪੈਸੇ ਅਤੇ ਹਥਿਆਰਾਂ ਦੀ ਮਦਦ ਦੇਣ ਲਈ ਅਮਰੀਕਾ ਅਤੇ ਯੂਰਪੀ ਦੇਸ਼ ਇੰਗਲੈਂਡ, ਫ਼ਰਾਂਸ, ਜਰਮਨੀ, ਪੋਲੈਂਡ ਆਦਿ ਕਿਰਿਆਸ਼ੀਲ ਹਨ, ਜਦੋ ਕਿ ਰੂਸ ਨੂੰ ਉੱਤਰੀ ਕੋਰੀਆ, ਈਰਾਨ ਅਤੇ ਚੀਨ ਹਥਿਆਰਾਂ ਦੀ ਮਦਦ ਦੇ ਰਹੇ ਹਨ। ਇਜ਼ਰਾਈਲ-ਹਮਾਸ ਯੁੱਧ 'ਚ ਇਜ਼ਰਾਇਲ ਦੀ ਮਦਦ 'ਤੇ ਅਮਰੀਕਾ ਅਤੇ ਯੂਰਪੀ ਦੇਸ਼, ਫ਼ਰਾਂਸ, ਜਰਮਨੀ ਆਦਿ ਹਨ, ਜਦੋਂ ਕਿ ਹਮਾਸ ਦੀ ਮਦਦ 'ਤੇ ਹਿਜ਼ਬੁੱਲਾ ਅਤੇ ਈਰਾਨ ਹਨ। ਚੀਨ ਅਤੇ ਤਾਇਵਾਨ 'ਚ ਅਜੇ ਤਾਂ ਤਾਕਤ ਦਿਖਾਵੇ ਦੀ ਜੰਗ ਚੱਲ ਰਹੀ ਹੈ, ਜਿਸ 'ਚ ਚੀਨ ਤਾਇਵਾਨ ਨੂੰ ਲਗਾਤਾਰ ਧਮਕੀਆਂ ਦਿੰਦਾ ਰਹਿੰਦਾ ਹੈ ਪਰ ਸਿੱਧੇ ਯੁੱਧ ਦੀ ਨੌਬਤ ਅਜੇ ਤੱਕ ਨਹੀਂ ਆਈ।

ਇਨ੍ਹਾਂ 'ਚੋਂ ਜ਼ਿਆਦਾ ਮਾਰੋ-ਮਾਰੀ ਵਾਲੇ ਖੇਤਰ ਇਜ਼ਰਾਈਲ-ਹਮਾਸ ਅਤੇ ਰੂਸ-ਯੂਕਰੇਨ ਹਨ। ਕੀ ਇਹ ਦੋਵੇਂ ਖਿੱਤੇ ਵਿਸ਼ਵ ਯੁੱਧ 'ਚ ਬਦਲ ਸਕਦੇ ਹਨ ? ਸ਼ਾਇਦ ! ਪਰ ਅਜੇ ਤੱਕ ਯਕੀਨੀ ਤੌਰ 'ਤੇ ਨਹੀਂ ਕਿਹਾ ਜਾ ਸਕਦਾ। ਨਿਸ਼ਚਿਤ ਤੌਰ 'ਤੇ ਇਸ ਜੰਗ ਦੇ ਪੱਛਮੀ ਏਸ਼ੀਆ 'ਚ ਫ਼ੈਲ ਜਾਣ ਦੀਆਂ ਸੰਭਾਵਨਾਵਾਂ ਵੱਧ ਹਨ, ਜਿੱਥੇ ਇਜ਼ਰਾਈਲ, ਫ਼ਲਸਤੀਨ, ਲਿਬਨਾਨ, ਸੀਰੀਆ, ਯਮਨ ਅਤੇ ਈਰਾਨ ਸਿੱਧੇ ਤੌਰ 'ਤੇ ਅਤੇ ਅਮਰੀਕਾ ਅਸਿੱਧੇ ਤੌਰ 'ਤੇ ਕਿਰਿਆਸ਼ੀਲ ਹਨ। ਅੱਗ ਹੋਰ ਭਖੀ ਤਾਂ ਰੂਸ ਅਤੇ ਚੀਨ ਦਾ ਈਰਾਨ ਦੀ ਮਦਦ ਲਈ ਅੱਗੇ ਆਉਣਾ ਵੀ ਸੰਭਵ ਹੈ, ਕਿਉਂਕਿ ਉਹ ਨਹੀਂ ਚਾਹੁੰਦੇ ਕਿ ਅਮਰੀਕਾ ਅਤੇ ਯੂਰਪੀ ਦੇਸ਼ ਪੱਛਮੀ ਏਸ਼ੀਆ 'ਚ ਪ੍ਰਭੂਤਵ ਕਾਇਮ ਕਰ ਲੈਣ ਅਤੇ ਅਪਣੀਆ ਹੱਦਾਂ ਰੂਸ-ਚੀਨ ਦੇ ਹੋਰ ਨੇੜੇ ਲਿਆ ਸਕਣ। ਅਮਰੀਕਾ ਤਾਂ ਆਪਣਾ ਵਿਸ਼ਵ ਪੁਲਿਸ ਮੈਨ ਦਾ ਦਬਦਬਾ ਵੀ ਬਣਾਈ ਰੱਖਣਾ ਚਾਹੁੰਦਾ ਹੈ ਅਤੇ ਆਪਣੇ ਨਵੇਂ ਤਾਜ਼ੇ ਹਥਿਆਰਾਂ ਲਈ ਇਸ ਯੁੱਧ ਖੇਤਰ ਨੂੰ ਨਿਰਖ-ਪਰਖ ਲਈ ਵੀ ਵਰਤ ਰਿਹਾ ਹੈ। ਉਹ ਆਪਣੇ ਜੱਦੀ ਤਾਕਤਵਰ ਦੁਸ਼ਮਣ ਰੂਸ ਨੂੰ ਵੀ ਕਮਜ਼ੋਰ ਕਰਕੇ ਨੀਵਾਂ ਦਿਖਾਉਣਾ ਚਾਹੁੰਦਾ ਹੈ। ਰੂਸ ਨਹੀਂ ਚਾਹੁੰਦਾ ਕਿ ਸਾਬਕ ਯੂ.ਐੱਸ.ਐੱਸ. ਆਰ. ਦਾ ਕੋਈ ਵੀ ਦੇਸ਼ ਨਾਟੋ ਜਾਂ ਅਮਰੀਕੀ ਪ੍ਰਭਾਵ ਹੇਠ ਜਾਵੇ। ਉਹ ਚਾਹੁੰਦਾ ਹੈ ਇਨ੍ਹਾਂ ਪੁਰਾਣੇ ਸਾਥੀ ਦੇਸ਼ਾਂ ਦਾ ਉਸ ਨਾਲ ਹੀ ਗੱਠਜੋੜ ਬਣਿਆ ਰਹੇ ਪਰ ਜਿਸ ਤੋਂ ਯੂਕਰੇਨ ਇਨਕਾਰੀ ਹੈ ਅਤੇ ਨਾਟੋ ਦਾ ਮੈਂਬਰ ਬਣਨ ਲਈ ਕਾਹਲਾ ਹੈ, ਇਹੀ ਗੱਲ ਦੋਵਾਂ 'ਚ ਯੁੱਧ ਦਾ ਵੱਡਾ ਕਾਰਨ ਬਣ ਗਈ ਹੈ।

ਇਸ ਵੇਲੇ ਸਭ ਤੋਂ ਵੱਧ ਮਾਰੋ-ਮਾਰੀ ਪੱਛਮੀ ਏਸ਼ੀਆ 'ਚ ਹੈ, ਜਿੱਥੇ ਅਮਰੀਕਾ ਆਦਿ ਦੀ ਮਦਦ ਨਾਲ ਇਜ਼ਰਾਈਲ ਨੇ ਹਮਾਸ ਨੂੰ ਤਹਿਸ-ਨਹਿਸ ਕਰ ਦਿੱਤਾ ਹੈ। ਗਾਜ਼ਾ 'ਚ ਘੱਟੋ-ਘੱਟ 39,929 ਲੋਕ ਮਾਰੇ ਜਾ ਚੁੱਕੇ ਹਨ 92,240 ਤੋਂ ਵਧੇਰੇ ਲੋਕ ਜ਼ਖਮੀ ਹੋਏ ਹਨ। ਸੰਯੁਕਤ ਰਾਸ਼ਟਰ ਦੇ ਫ਼ਲਸਤੀਨੀ ਖੇਤਰ ਲਈ ਚੋਟੀ ਦੇ ਇੱਕ ਮਾਨਵਤਾਵਾਦੀ ਅਧਿਕਾਰੀ ਦਾ ਕਹਿਣਾ ਹੈ ਕਿ ਅਕਤੂਬਰ 'ਚ ਇਜ਼ਰਾਈਲ-ਹਮਾਸ ਯੁੱਧ ਸ਼ੁਰੂ ਹੋਣ ਤੋਂ ਬਾਅਦ ਗਾਜ਼ਾ 'ਚ ਲਗਾਤਾਰ ਇਜ਼ਰਾਈਲ ਵਲੋਂ ਲੋਕਾਂ ਨੂੰ ਗਾਜ਼ਾ ਦੇ ਵੱਖ-ਵੱਖ ਖੇਤਰ ਛੱਡਣ ਲਈ ਅਨੇਕਾਂ ਵਾਰ ਆਦੇਸ਼ ਕੀਤੇ ਗਏ ਹਨ। ਅਗਸਤ 'ਚ ਅਜਿਹੇ 12 ਆਦੇਸ਼ ਦਿੱਤੇ ਗਏ ਸਨ। ਇਸ ਨੀਤੀ ਨੇ ਇਸ ਦੇ 21 ਲੱਖ ਵਸਨੀਕਾਂ 'ਚੋਂ 90 ਫ਼ੀਸਦੀ ਨੂੰ ਬੇਘਰ ਕਰ ਦਿੱਤਾ ਹੈ। ਇਜ਼ਰਾਈਲ ਸੋਚਦਾ ਹੈ ਕਿ ਉਹ ਲਿਬਨਾਨ, ਫ਼ਲਸਤੀਨ, ਯਮਨ, ਸੀਰੀਆ ਅਤੇ ਇੱਥੋਂ ਤੱਕ ਕਿ ਈਰਾਨ ਨੂੰ ਵੀ ਤਬਾਹ ਕਰ ਸਕਦਾ ਹੈ। ਹੁਣ ਲਿਬਨਾਨ ਦੇ ਸ਼ਹਿਰ ਬੈਰੂਤ ਵਿੱਚ ਹਿਜ਼ਬੁੱਲਾ ਦੀ ਉੱਤਲੀ ਲੀਡਰਸ਼ਿਪ ਅਤੇ ਕਮਾਂਡ ਕੰਟਰੋਲ ਸਿਸਟਮ ਨੂੰ ਖਤਮ ਕਰਕੇ ਬਾਕੀ ਬਚੀ ਹਿਜ਼ਬੁੱਲਾ ਸ਼ਕਤੀ ਨੂੰ ਖ਼ਤਮ ਕਰਨ ਲਈ ਬੰਬਾਂ ਨਾਲ ਵੱਡੀਆਂ ਇਮਾਰਤਾਂ ਤਾਂ ਤਬਾਹ ਕਰ ਦਿੱਤੀਆਂ ਹਨ ਅਤੇ ਹੁਣ ਟੈਂਕਾਂ ਰਾਹੀਂ ਜ਼ਮੀਨੀ ਤਬਾਹੀ ਕਰਦਾ ਹੋਇਆ ਅੱਗੇ ਵਧ ਰਿਹਾ ਹੈ। ਸੀਰੀਆ 'ਚ ਬੰਬਾਰੀ ਕਰਕੇ ਉਸ ਨੇ ਸੀਰੀਆ ਅਤੇ ਲਿਬਨਾਨ ਦਾ ਸੰਪਰਕ ਸਮਾਪਤ ਕਰਕੇ ਸੀਰੀਆ ਤੋਂ ਆਉਂਦੀ ਸਪਲਾਈ ਬੰਦ ਕਰ ਦਿੱਤੀ ਹੈ। ਹੁਣ ਈਰਾਨ ਉੱਤੇ ਹਮਲਾ ਕਰਨ ਦੀ ਵੀ ਉਸ ਨੇ ਯੋਜਨਾ ਬਣਾ ਰੱਖੀ ਹੈ।

ਉਧਰ ਈਰਾਨ ਨੇ ਵੀ ਇਜ਼ਰਾਇਲ ਦੀ ਖ਼ੁਫ਼ੀਆ ਏਜੰਸੀ ਮੋਸਾਦ ਦੇ ਸਿਖਰਲੇ ਆਗੂਆਂ ਨੂੰ ਮਾਰਨ ਦੀ ਗੁਪਤ ਯੋਜਨਾਬੰਦੀ ਬਣਾਈ ਹੋਈ ਹੈ, ਕਿਉਂਕਿ ਇਸ ਏਜੰਸੀ ਵਲੋਂ ਹਿਜ਼ਬੁੱਲਾ ਅਤੇ ਹਮਾਸ ਦੇ ਜ਼ਿਆਦਾਤਰ ਚੋਟੀ ਦੇ ਨੇਤਾਵਾਂ ਨੂੰ ਖ਼ਤਮ ਕਰ ਦਿੱਤਾ ਗਿਆ ਹੈ ਅਤੇ ਈਰਾਨ ਦੇ ਵੀ ਕੁਝ ਚੋਟੀ ਦੇ ਨੇਤਾ ਮਾਰੇ ਗਏ ਹਨ। ਈਰਾਨ ਦੁਆਰਾ ਇਜ਼ਰਾਇਲ 'ਤੇ ਦੋ ਵਾਰੀ ਸੁਪਰਸੋਨਿਕ ਮਿਜ਼ਾਈਲਾਂ ਦਾਗਣ ਨਾਲ ਜੰਗ ਦੀ ਸੰਭਾਵਨਾ ਵਧ ਗਈ ਹੈ। ਨੇਤਨਯਾਹੂ ਹਮਾਸ, ਬਾਅਦ 'ਚ ਹਿਜ਼ਬੁੱਲਾ ਅਤੇ ਹੁਣ ਹੂਤੀ ਗੁਰੀਲਿਆਂ ਅਤੇ ਈਰਾਨ ਨੂੰ ਖ਼ਤਮ ਕਰਨ ਦੇ ਬਿਆਨ ਦੇ ਰਿਹਾ ਹੈ। ਖਾਤਮੇ ਅਤੇ ਵਿਨਾਸ਼ ਦੁਆਰਾ ਜਿੱਤ ਪ੍ਰਾਪਤੀ ਦੀ ਉਸ ਦੀ ਵਧਦੀ ਭੁੱਖ ਦਾ ਕੋਈ ਅੰਤ ਨਹੀਂ ਦਿਸਦਾ, ਜੋ ਨਿਸ਼ਚਿਤ ਤੌਰ 'ਤੇ ਪੱਛਮ ਏਸ਼ੀਆ ਯੁੱਧ ਤੇ ਫ਼ਿਰ ਵਿਸ਼ਵ ਯੁੱਧ ਦਾ ਕਾਰਨ ਬਣ ਸਕਦੀ ਹੈ। ਅਮਰੀਕਾ ਦੁਆਰਾ ਅਰਬਾਂ ਡਾਲਰਾਂ ਅਤੇ ਅਤਿ ਆਧੁਨਿਕ ਹਥਿਆਰਾਂ ਨਾਲ ਇਜ਼ਰਾਇਲ ਦੀ ਅੰਨ੍ਹੀ ਸਹਾਇਤਾ ਨੇ ਉਸ ਨੂੰ ਇਕ ਇਨਸਾਨੀਅਤ ਦਾ ਬੇਰਹਿਮ ਕਾਤਿਲ ਬਣਾ ਦਿੱਤਾ ਹੈ। ਉਹ ਸੰਯੁਕਤ ਰਾਸ਼ਟਰ ਦੇ ਮਤਿਆਂ ਦੀ ਵੀ ਕੋਈ ਪਰਵਾਹ ਨਹੀਂ ਕਰਦਾ। ਇਸ ਸਮੇਂ ਸੁਰੱਖਿਆ ਪ੍ਰੀਸ਼ਦ ਦਾ ਵੀ ਕੋਈ ਅਰਥ ਨਹੀਂ ਤੇ ਅਜਿਹੀ ਸਥਿਤੀ ਵਿਚ ਭੁੱਖ ਨਾਲ ਵੀ ਬਹੁਤ ਸਾਰੇ ਲੋਕ ਮਰ ਜਾਂਦੇ ਹਨ। ਜਦੋਂ ਕਿ ਦੋ ਵਿਰੋਧੀ ਸ਼ਕਤੀਆਂ ਇਸ ਦੀ ਲਗਾਮ ਫ਼ੜੀ ਬੈਠੀਆਂ ਹਨ। ਅਜਿਹਾ ਅਸੰਤੁਲਨ ਸ਼ਾਂਤੀ ਦੀ ਆਗਿਆ ਨਹੀਂ ਦਿੰਦਾ। ਹੁਣ ਕਈ ਦੇਸ਼ਾਂ ਵਲੋਂ ਆਪਣੇ ਗੁਆਂਢੀਆਂ 'ਤੇ ਹਮਲਾ ਕਰਨ ਦੀ ਭਾਵਨਾ ਬਣ ਗਈ ਹੈ ਜਿਵੇਂ ਰੂਸ ਵਲੋਂ ਯੂਕਰੇਨ 'ਤੇ ਹਮਲਾ ਅਤੇ ਇਜ਼ਰਾਇਲ ਵਲੋਂ ਫ਼ਲਸਤੀਨ, ਲਿਬਨਾਨ 'ਤੇ ਹਮਲਾ। ਉੱਧਰ ਚੀਨ ਵੀ ਤਾਈਵਾਨ 'ਤੇ ਹਮਲੇ ਦੀ ਤਿਆਰੀ ਵਿੱਚ ਹੈ। ਅਮਰੀਕਾ ਅਤੇ ਯੂਰਪੀਅਨ ਸਮੂਹ ਇਸ ਸਥਿਤੀ 'ਚੋਂ ਆਪਣਾ ਫ਼ਾਇਦਾ ਲੱਭ ਰਹੇ ਹਨ। ਉਨ੍ਹਾਂ ਦਾ ਹਰ ਕਦਮ ਪੂਰੀ ਤਬਾਹੀ ਲਈ ਪਰਮਾਣੂ ਅਤੇ ਇਲੈਕਟ੍ਰਾਨਿਕ ਯੁੱਧ ਦੀ ਵਰਤੋਂ ਕਰਨ ਵੱਲ ਹੈ, ਜੋ ਤੀਸਰੇ ਵਿਸ਼ਵ ਯੁੱਧ ਨਾਲੋਂ ਕਿਤੇ ਵੱਧ ਹੋਵੇਗਾ, ਕਿਉਂਕਿ ਵਿਸ਼ਵ ਪੱਧਰ 'ਤੇ ਤਬਾਹੀ ਦੀ ਸੰਭਾਵਨਾ ਬਹੁਤ ਜ਼ਿਆਦਾ ਹੋਵੇਗੀ।ਇਸ ਤਬਾਹੀ ਦੌਰਾਨ ਬੱਚਿਆਂ, ਔਰਤਾਂ ਅਤੇ ਬਿਮਾਰ ਵਿਅਕਤੀ ਭੁੱਖ ਨਾਲ ਤੜਫ਼-ਤੜਫ਼ ਕੇ ਮਰ ਰਹੇ ਹਨ। ਇਨ੍ਹਾਂ ਹਾਲਾਤਾਂ 'ਚ ਸ਼ਾਂਤੀ ਦਾ ਕੋਈ ਮੌਕਾ ਨਹੀਂ ਜਾਪਦਾ। ਜੰਗ ਕਿੰਨੀ ਦੇਰ ਜਾਰੀ ਰਹੇਗੀ ? ਜੇ ਪਰਮਾਣੂ ਯੁੱਧ ਹੋਇਆ ਤਾਂ ਕੁਝ ਕੁ ਦਿਨ ਅਤੇ ਜੇ ਮਿਜ਼ਾਈਲਾਂ, ਡਰੋਨਾਂ ਅਤੇ ਬੰਬਾਂ ਦੀ ਲੜਾਈ ਚਲਦੀ ਰਹੀ ਤਾਂ ਫ਼ਿਰ ਇਸ ਦੇ ਰੁਕਣ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਇਹ ਯੁੱਧ ਪੱਛਮੀ ਏਸ਼ੀਆ ਦੇ ਯੁੱਧ ਦਾ ਰੂਪ ਵੀ ਲੈ ਸਕਦਾ ਹੈ ਅਤੇ ਇਹ ਵਧ ਕੇ ਵਿਸ਼ਵ ਯੁੱਧ ਦਾ ਰੂਪ ਧਾਰ ਸਕਦਾ ਹੈ।

# ਮੱਧ ਪੂਰਬ ਜੰਗੀ ਸੰਕਟ: ਇਜ਼ਰਾਇਲ-ਇਰਾਨ ਜੰਗ ਨਾਲ ਜੁੜੇ ਗੁੱਝੇ ਤੱਥ



ਡਾ. ਸੁਰਿੰਦਰ ਮੰਡ

ਇਜ਼ਰਾਇਲ ਅਤੇ ਇਰਾਨ ਦਾ ਯੁੱਧ ਛਿੜ ਪਿਆ ਹੈ। ਇਜ਼ਰਾਇਲ ਯਹੂਦੀ ਪ੍ਰਭੁਤਾ ਅਤੇ ਪਾਸਾਰ ਨੂੰ ਸਮਰਪਿਤ ਦੇਸ਼ ਹੈ ਅਤੇ ਇਰਾਨ 1979 ਤੋਂ ਬਾਅਦ ਇਸਲਾਮਿਕ ਸੋਚ ਨੂੰ।

ਯਹੂਦੀ ਸਮੁਦਾਇ ਕੁੱਲ ਦੁਨੀਆਂ ਵਿੱਚ ਪੜ੍ਹੇ ਲਿਖੇ ਖੁਸ਼ਹਾਲ ਵਪਾਰੀ, ਪਰ ਹਰ ਮੁਲਕ ਵਿੱਚ ਘੱਟ ਗਿਣਤੀ ਲੋਕ ਸਨ। ਆਪਣੀ ਨਸਲੀ ਸ਼ੁੱਧਤਾ ਤੋਂ ਸੁਚੇਤ।

ਯੂਰਪ ਵਿੱਚ ਯਹੂਦੀਆਂ ਨੂੰ ਧਾਰਮਿਕ ਨਸਲੀ ਵਖਰੇਵੇਂ ਅਤੇ ਆਰਥਿਕ ਸ਼ਰੀਕੇਬਾਜੀ ਦੇ ਚਲਦਿਆਂ ਖਤਰੇ ਵਜੋਂ ਵੇਖਦਿਆਂ ਨਿਸ਼ਾਨਾ ਬਣਾਇਆ ਜਾਂਦਾ ਰਿਹਾ। ਇਸਦੀ ਸਿਖਰ ਸੀ ਦੂਜੀ ਸੰਸਾਰ ਜੰਗ ਸਮੇਂ 1945 ਤੱਕ ਜਰਮਨ ਵਿੱਚ ਹਿਟਲਰ ਦੁਆਰਾ ਲੱਖਾਂ ਯਹੂਦੀਆਂ ਦਾ ਸਿੱਧਾ ਕਤਲੇਆਮ। ਯੂਰਪ ਅਤੇ ਹਿਟਲਰ ਈਸਾਈ ਸੀ। ਜ਼ਾਹਿਰ ਹੈ ਕਿ ਇਸ ਉਪਰੰਤ ਕਦੀ ਨਾ ਮੁੱਕਣ ਵਾਲਾ ਯਹੂਦੀ-ਇਸਾਈ ਕਲੇਸ਼ਖਾਨਾ ਸ਼ੁਰੂ ਹੋ ਜਾਂਦਾ। ਪਰ ਅਮਰੀਕਾ ਇੰਗਲੈਂਡ ਯੂਰਪੀ

ਚਾਲਾਕ ਨਿਕਲੇ।

ਫਲਸਤੀਨ ਸਮੁੰਦਰ ਕੰਢੇ ਸਦੀਆਂ ਤੋਂ ਸੁੱਖੀਂ ਸਾਂਦੀ ਵੱਸ ਰਿਹਾ ਪ੍ਰਾਚੀਨ ਸਭਿਅਤਾ ਵਾਲਾ ਮੁਲਕ ਸੀ। ਜਿਸ ਉੱਤੇ 1948 ਵਿੱਚ ਬਸਤੀ ਵਜੋਂ ਇੰਗਲੈਂਡ ਦਾ ਕਬਜ਼ਾ ਸੀ। ਜਿੱਥੇ ਯੋਰੋਸ਼ਲਮ ਹੈ। ਜਿਸਨੂੰ ਇਸਾਈ ਯਹੂਦੀ ਅਤੇ ਮੁਸਲਿਮ ਤਿੰਨਾਂ ਹੀ ਧਾਰਮਿਕ ਭਾਈਚਾਰਿਆਂ ਦਾ ਪਵਿੱਤਰ ਥਾਂ ਹੋਣ ਦਾ ਮਾਣ ਹਾਸਿਲ ਹੈ। ਮਿਸਰ ਫਲਸਤੀਨ ਇਰਾਕ ਸਊਦੀ ਅਰਬ ਇਰਾਨ ਤੁਰਕੀ ਅਫ਼ਗਾਨਿਸਤਾਨ ਭਾਰਤ-ਪਾਕਿਸਤਾਨ-ਬੰਗਲਾ ਦੇਸ਼ ਚੀਨ, ਇਹ ਸਾਰੀ ਪੱਟੀ ਹੀ ਪ੍ਰਾਚੀਨ ਇਨਸਾਨੀ ਵਿਰਾਸਤ ਅਤੇ ਗਿਆਨ ਦਾ ਕੇਂਦਰ ਰਹੀ ਹੈ। ਧਰਤੀ ਹੇਠਲੇ ਲੱਭੇ ਤੇਲ ਭੰਡਾਰਾਂ ਇਸਨੂੰ ਹੋਰ ਲੁਭਾਉਣਾ ਬਣਾ ਦਿੱਤਾ। ਭਾਰਤ ਚੀਨ ਨੂੰ ਛੱਡ ਕੇ ਇਹ ਸਾਰਾ ਖਿੱਤਾ ਮੁਸਲਿਮ ਬਹੁਲ ਹੈ।

ਸੋ ਅਮਰੀਕਾ ਇੰਗਲੈਂਡ ਨੇ ਯੂ.ਐਨ ਰਾਹੀਂ ਪੂਰਾ ਜੁਗਾੜ ਕਰਕੇ ਮੁਸਲਿਮ ਬਹੁਲ ਫਲਸਤੀਨ ਨੂੰ ਤਕਰੀਬਨ ਅੱਧਾ ਅੱਧਾ ਵੰਡ ਕੇ 1948 ਵਿੱਚ ਯਹੂਦੀ ਮੁਲਕ ਇਜ਼ਰਾਇਲ ਬਣਾ ਦਿੱਤਾ। ਉਸਦੇ ਸਰਪ੍ਰਸਤ ਬਣ ਗਏ। ਹੌਲੀ ਹੌਲੀ ਬਹਾਨੇ ਬਣਾ ਬਣਾ ਕੇ ਫਲਸਤੀਨੀਆਂ ਨੂੰ ਇੱਕ ਤਰ੍ਹਾਂ ਗੁਲਾਮ ਬਣਾ ਕੇ ਸਾਰੇ ਦੇਸ਼ ਉੱਤੇ ਕਬਜ਼ਾ ਕਰ ਲਿਆ, ਉਜਾੜਾ ਕੀਤਾ, ਜ਼ੁਲਮ ਕੀਤੇ, ਜੇਲ੍ਹੀਂ ਡੱਕਿਆ। ਅੱਜ ਫਲਸਤੀਨ ਨਾਮ ਦਾ ਕੋਈ ਅਜ਼ਾਦ ਦੇਸ਼ ਨਹੀਂ ਹੈ।2012 ਤੋਂ ਫਲਸਤੀਨ ਦੀ ਯੂ.ਐਨ.ਓ ਵਿੱਚ ਕੋਈ ਪ੍ਰਤੀਨਿਧਤਾ ਨਹੀਂ। ਉੱਜੜੇ ਲੱਖਾਂ ਫਲਸਤੀਨੀ ਦੂਜੇ ਮੁਲਕਾਂ ਵਿੱਚ ਸ਼ਰਨਾਰਥੀ ਹਨ। ਮਗਰੋਂ ਯੂ.ਐਨ.ਓ ਨੇ ਸੈਂਕੜੇ ਮਤੇ ਫਲਸਤੀਨ ਦੇ ਹੱਕ ਵਿੱਚ ਪਾਸ ਕੀਤੇ, ਜੋ ਅਮਰੀਕਾ ਨੇ ਵੀਟੋ ਕੀਤੇ ਅਤੇ ਇਜ਼ਰਾਇਲ ਨੇ ਨਹੀਂ ਮੰਨੇ। ਇਹ ਹਾਲਾਤ ਸਾਰੀ ਪੁਆੜੇ ਦੀ ਜੜ੍ਹ ਹਨ। ਅੱਜ ਦੀ ਮੋਦੀ ਸਰਕਾਰ ਦੀ ਇਜ਼ਰਾਇਲ ਨਾਲ ਬੇਲਪੁਣੇ ਵਾਲੀ ਨੀਤੀ ਨੂੰ ਛੱਡ ਕੇ, ਭਾਰਤ ਹਮੇਸ਼ਾ ਫ਼ਲਸਤੀਨ ਦੇ ਹੱਕ ਵਿੱਚ ਸਪੱਸ਼ਟ ਖਲੋਤਾ ਹੈ। ਸੋ ਇੰਝ ਫਲਸਤੀਨ ਦਾ ਇਜ਼ਰਾਇਲ ਨਾਲ ਲੜਾਈ ਝਗੜਾ ਪਿਛਲੇ ਸਾਲ ਹਮਾਸ ਦੇ ਹਮਲੇ ਤੋਂ ਸ਼ੁਰੂ ਨਹੀਂ ਹੋਇਆ, ਜਿਵੇਂ ਕਿ ਸਾਡਾ ਸ਼ਰਾਰਤੀ ਖ਼ਬਰ ਚੈਨਲ ਮੀਡੀਆ ਪ੍ਰਚਾਰਨ 'ਤੇ ਤੁੱਲਿਆ।

ਯੂ.ਐਨ.ਓ ਨੇ ਜੂਨ 2024 ਵਿੱਚ ਵੀ ਮਤਾ ਪਾਸ ਕੀਤਾ ਹੈ ਕਿ ਫਲਸਤੀਨ ਪ੍ਰਭੂਸੱਤਾ ਸੰਪੰਨ ਦੇਸ਼ ਹੈ। 193 ਵਿਚੋਂ 146 ਮੈਂਬਰਾਂ ਇਸ ਦੇ ਹੱਕ ਵਿੱਚ ਵੋਟ ਪਾਈ। ਤਾਜ਼ੇ 17 ਸਤੰਬਰ ਨੂੰ ਪਾਸ ਕੀਤੇ ਮਤੇ ਵਿੱਚ ਵੀ ਇੱਕ ਸਾਲ ਦੇ ਅੰਦਰ ਫ਼ਲਸਤੀਨ ਦਾ ਕਬਜ਼ਾ ਛੱਡਣ ਦਾ ਇਜ਼ਰਾਇਲ ਨੂੰ ਨਿਰਦੇਸ਼ ਦਿੱਤਾ ਹੈ, ਜਿਸਨੂੰ ਮੰਨਣ ਤੋਂ ਉਸਨੇ ਇਨਕਾਰ ਕਰ ਦਿੱਤਾ ਹੈ।

ਕਿਸੇ ਵੇਲੇ 'ਅਰਬ ਲੀਗ' ਅਤੇ 'ਗੁੱਟ ਨਿਰਲੇਪ' ਮੁਲਕਾਂ ਦੇ ਸੰਗਠਨ ਸਨ, ਜੋ ਅਮਰੀਕੀ ਅਤੇ 'ਨਾਟੋ' ਫ਼ੌਜੀ ਧੌਂਸ ਦੇ ਚਲਦਿਆਂ ਮਰ ਮੁੱਕ ਗਏ। ਸੋਵੀਅਤ ਯੂਨੀਅਨ ਦੇ ਪਤਨ ਮਗਰੋਂ ਅਮਰੀਕਾ ਨੇ ਸਗੋਂ 'ਨਾਟੋ' ਦਾ ਹੋਰ ਬੇਲੋੜਾ ਵਿਸਥਾਰ ਕਰਦਿਆਂ ਆਪਣੇ ਨਾਲ ਅਸਹਿਮਤ ਦੇਸ਼ਾਂ ਨੂੰ ਫ਼ੌਰੀ ਮਸਲਨ ਦੀ ਨੀਤੀ ਫ਼ੜੀ। ਝੂਠੇ ਖੋਖਲੇ ਬਹਾਨੇ ਬਣਾ ਕੇ ਇਰਾਕ ਅਤੇ ਲਿਬੀਆ ਮਸਲ ਸੁੱਟੇ। ਇਰਾਕੀ ਰਾਸ਼ਟਰਪਤੀ ਸੱਦਾਮ ਹੁਸੈਨ ਅਰਬ ਏਕਤਾ ਦਾ ਨਾਹਰਾ ਦਿੰਦਾ ਸੀ।

ਪਹਿਲਾਂ ਕਿਹਾ ਕਿ ਇਰਾਕ ਕੋਲ ਰਸਾਇਣਕ ਹਥਿਆਰਾਂ ਦੇ ਭੰਡਾਰ ਹਨ, ਉਸਦੇ ਘਰ ਦੀ ਵੀ ਤਲਾਸ਼ੀ ਲਈ। ਕੁਛ ਨਾ ਮਿਲਿਆ। ਫ਼ਿਰ ਨਾਦਰਸ਼ਾਹੀ ਫ਼ੁਰਮਾਨ ਦਿੱਤਾ ਕਿ ਤਿੰਨ ਦਿਨਾਂ 'ਚ ਗੱਦੀ ਛੱਡੇ ਤੇ ਫ਼ਿਰ ਹਮਲਾ ਕਰ ਦਿੱਤਾ। ਸੱਦਾਮ

ਹੁਸੈਨ ਫ਼ਾਹੇ ਟੰਗਤਾ। ਅੱਜ ਤੱਕ ਪੰਜ ਲੱਖ ਇਰਾਕੀ ਮਾਰੇ ਗਏ, ਦੇਸ਼ ਖਿੱਲਰ ਗਿਆ ਤੇ ਹੁਣ ਇਰਾਕ ਵਿੱਚ ਪੱਕਾ ਅਮਰੀਕੀ ਫ਼ੌਜੀ ਅੱਡਾ ਵੀ ਹੈ। ਲਿਬੀਆ ਦਾ ਰਾਸ਼ਟਰਪਤੀ ਕਰਨਲ ਗੱਦਾਫ਼ੀ 'ਗਰੀਨ ਬੁੱਕ' ਲਿਖ ਕੇ ਪੱਛਮੀ ਤਰਜ਼ ਦੇ ਵਿਕਾਸ ਮਾਡਲ ਦੀ ਬਜਾਏ ਸਥਾਨਕ ਹਿੱਤਾਂ ਅਨੁਕੂਲ ਵਿਕਾਸ ਮਾਡਲ ਨੂੰ ਪਰਚਾਰਦਾ ਸੀ। 1992 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਲਿਬੀਆ ਸਰਕਾਰ ਵੱਲੋਂ ਸਪਾਂਸਰਡ ਇੱਕ ਸੈਮੀਨਾਰ ਵਿੱਚ, ਮੇਰੇ ਵਿਸ਼ਵ ਮੁੱਦਿਆਂ ਉੱਤੇ ਅਖਬਾਰਾਂ ਵਿੱਚ ਲੇਖ ਛਪਦੇ ਹੋਣ ਕਰਕੇ, ਮੈਨੂੰ ਵੀ ਬੋਲਣ ਲਈ ਬੁਲਾਇਆ ਗਿਆ ਸੀ। ਅਮਰੀਕੀਆਂ ਆਖਿਆ ਕਿ ਲਿਬੀਆ ਵਿੱਚ ਤਾਨਾਸ਼ਾਹੀ ਹੈ, ਗੱਦਾਫ਼ੀ ਨੂੰ ਬਹਾਨੇ ਬਣਾ ਕੇ ਮਾਰ ਮੁਕਾਇਆ। ਫ਼ਿਰ ਖਾਨਾਜੰਗੀ ਤੇ ਅੱਜ ਲਿਬੀਅਨ ਸ਼ਰਨਾਰਥੀ ਮੰਗਤੇ ਬਣੇ ਬੈਠੇ। ਇਸ ਤੋਂ ਬਾਅਦ ਫ਼ਿਰ ਤਾਨਾਸ਼ਾਹੀ ਵਾਲਾ ਬਹਾਨਾ ਲਾ ਕੇ ਰੂਸ ਪੱਖੀ ਮੁਲਕ ਸੀਰੀਆ ਦੀ ਸਰਕਾਰ ਡੇਗਣ ਲਈ ਧਾਵਾ ਬੋਲਿਆ ਪਰ ਵਿੱਚ ਰੂਸ ਆ ਖਲੋਤਾ। ਇੰਝ ਉੱਤਰੀ ਕੋਰੀਆ, ਇਰਾਨ ਅਤੇ ਕਿਊਬਾ ਬਚ ਨਿਕਲੇ, ਭਾਵੇਂ ਕਿ ਸਖਤ ਆਰਥਿਕ ਪਾਬੰਦੀਆਂ ਦੀ ਮਾਰ ਹੇਠ ਹਨ।

1979 ਤੱਕ ਇਰਾਨ ਦਾ ਸ਼ਾਸਕ ਮੁਹੰਮਦ ਰਜ਼ਾ ਪਹਿਲਵੀ ਅਮਰੀਕਾ ਇਸਰਾਈਲ ਪੱਖੀ ਸੀ। ਜਿਸ ਨੂੰ ਆਇਤੁਲਾ ਖੁਮੈਨੀ ਦੀ ਅਗਵਾਈ ਵਿੱਚ ਗੱਦੀ ਤੋਂ ਲਾਹ ਕੇ ਇਸਲਾਮਿਕ ਸਰਕਾਰ ਬਣੀ। ਇਰਾਨ ਉੱਤੇ ਸਖ਼ਤ ਅਮਰੀਕੀ ਪਾਬੰਦੀਆਂ ਲੱਗੀਆਂ। ਇਰਾਨ ਨੇ ਫਲਸਤੀਨ ਦੀ ਥਾਂ ਵਸਾਏ ਯਹੂਦੀ ਮੁਲਕ ਇਜ਼ਰਾਇਲ ਦੀ ਹੋਂਦ ਨੂੰ ਅਸਵੀਕਾਰ ਕੀਤਾ। ਤੇ ਇੰਝ ਵਧਦਾ ਵਧਦਾ ਕਲੇਸ਼ ਅੱਜ ਦੀ ਜੰਗ ਤੱਕ ਪੁੱਜਾ। ਅੱਜ ਇਜ਼ਰਾਇਲ ਅਮਰੀਕਾ ਦਾ ਲੈਫ਼ਟੀਨੈਂਟ ਅਤੇ ਪੱਕੀ ਠਾਹਰ ਹੈ, ਲਾਕੜੀ ਹੈ। ਕਈ ਵਾਰ ਅਮਰੀਕਾ ਨਾਲ ਰਲ ਕੇ ਇਰਾਕ ਇਰਾਨ ਦੇ ਪ੍ਰਮਾਣੂ ਕੇਂਦਰਾਂ ਉੱਤੇ ਸਿੱਧਾ ਹਮਲਾ ਕਰ ਚੁੱਕਾ।

ਫਲਸਤੀਨੀਆਂ ਨੂੰ ਉਹਨਾਂ ਦੀ ਬਣਦੀ ਅੱਧੀ ਭੂਮੀ ਦੇ ਕੇ ਪ੍ਰਭੂਸੱਤਾ ਸੰਪੰਨ ਮੁਲਕ ਵਜੋਂ ਮਾਣ ਮਾਨਤਾ ਦੇਣ ਤੋਂ ਬਿਨਾ ਮਸਲੇ ਦਾ ਕੋਈ ਵੀ ਹੋਰ ਫ਼ੌਜੀ ਹੱਲ ਹੰਢਣਸਾਰ ਨਹੀਂ ਲਗਦਾ। ਫਲਸਤੀਨ ਨੂੰ ਹੱਕ ਦਿਵਾਉਣ ਦੀ ਕੋਈ ਚਰਚਾ ਨੀ ਹੋ ਰਹੀ। ਮੁੱਦਾ ਸਾਈਡ ਕਰ ਦਿੱਤਾ ਗਿਆ ਹੈ। ਚਰਚਾ ਇਹ ਫ਼ੈਲਾ ਦਿੱਤੀ ਗਈ ਹੈ ਕਿ ਇਹ ਤਾਂ ਕੋਈ ਹਮਾਸ ਅਤੇ ਹਿਜ਼ਬੁਲਾ ਵਰਗੇ ਅੱਤਵਾਦੀ ਸੰਗਠਨਾ ਨੂੰ ਕਾਬੂ ਕਰਨ ਦਾ ਮੁੱਦਾ ਹੈ।

ਕੈਦੀਆਂ ਦੇ ਵਟਾਂਦਰੇ ਨਾਲ ਇਸਰਾਈਲੀ ਬੰਧਕ ਛੁਡਾਏ ਜਾ ਰਹੇ ਸਨ, ਬਾਕੀ ਵੀ ਛੁਡਾਏ ਜਾ ਸਕਦੇ ਸਨ, ਪਰ ਰੋਕ ਕੇ ਗੱਲ ਲੜਾਈ ਵਧਾਉਣ ਵਾਲੇ ਬੰਨੇ ਤੋਰ ਕੇ ਗਾਜ਼ਾ ਦਾ ਮੁਕੰਮਲ ਉਜਾੜਾ, ਇਰਾਨ ਦੇ ਪਰਮਾਣੂ ਫ਼ੌਜੀ ਅਤੇ ਤੇਲ

ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦਾ ਅਸਲ ਗੁੱਝਾ ਟੀਚਾ ਹਾਸਲ ਕਰਨ ਉੱਤੇ ਕੇਂਦਰਿਤ ਕੀਤੀ ਜਾ ਰਹੀ ਹੈ।

ਅਮਰੀਕਾ ਦੇ ਇਸ ਖਿੱਤੇ ਵਿੱਚ ਇਸਰਾਈਲ ਤੋਂ ਇਲਾਵਾ ਤੁਰਕੀ, ਇਰਾਕ, ਸੀਰੀਆ, ਬਹਿਰੀਨ, ਸਾਊਦੀ ਅਰਬ, ਕਤਰ, ਯੂ.ਏ.ਈ, ਓਮਾਨ, ਕੁਵੈਤ, ਸਾਈਪਰਸ ਵਿਚ ਪੱਕੇ ਫ਼ੌਜੀ ਅੱਡੇ ਹਨ, ਜਿੱਥੇ ਉਹਨਾਂ ਅਨੁਸਾਰ 40 ਹਜ਼ਾਰ

ਫ਼ੌਜੀ ਤਾਇਨਾਤ ਹਨ, ਜੋ ਇਸ ਤੇਲ ਖਿੱਤੇ ਉੱਤੇ ਜ਼ੋਰਾਵਰੀ ਕਾਬੂ ਕਬਜੇ ਲਈ ਹਨ। ਸਾਡਾ ਮੀਡੀਆ ਚੇਤੇ ਰੱਖੇ ਕਿ ਬੰਗਲਾ ਦੇਸ਼ ਵਿੱਚ ਮੌਜੂਦਾ ਹਾਲਾਤ ਜੋ ਬਣੇ ਹਨ, ਜਿਵੇਂ ਉਥੇ ਹਿੰਦੂਆਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ, ਇਸ ਵਿੱਚ ਹੋਰ ਕਾਰਨਾਂ ਦੇ ਨਾਲ ਅਮਰੀਕਾ ਦਾ ਵੀ ਹੱਥ ਹੋਣ ਦੇ ਸਪੱਸ਼ਟ ਇਲਜ਼ਾਮ ਲੱਗੇ ਹਨ।

ਯੂਕਰੇਨ, ਫਲਸਤੀਨ, ਤਾਈਵਾਨ, ਉੱਤਰੀ ਕੋਰੀਆ ਆਦਿ ਸਭ ਵੱਡੇ ਕਲੇਸ਼ਖਾਨਿਆਂ ਵਿੱਚ ਹਰ ਥਾਂ ਇੱਕ ਪਾਸਿਉਂ ਅਮਰੀਕਾ ਮੋਹਰੀ ਹੈ। ਸਭ ਵਪਾਰਕ ਆਰਥਕ ਹਿੱਤਾਂ ਲਈ ਹੋ ਰਿਹਾ। ਇਹ ਆਮ ਅਮਰੀਕੀ ਲੋਕਾਂ ਦੇ ਹਿੱਤ ਵਿੱਚ ਵੀ ਨਹੀਂ। ਵੱਡੀ ਜੰਗ ਭੜਕੀ ਤਾਂ ਵਪਾਰੀਆਂ ਨੇ ਤਾਂ ਨਹੀਂ ਮਰਨਾ, ਨਾ ਕਦੀ ਪਹਿਲਾਂ ਮਰੇ।

(ਬਾਕੀ ਸਫ਼ਾ 31 'ਤੇ)

# ਦਲਿਤ ਮਜ਼ਦੂਰ ਨਾਲ ਨਿਆਂ ਕਿਉਂ ਨਹੀਂ ?



ਹਰਪ੍ਰੀਤ ਕੌਰ
ਸਹਾਇਕ ਪ੍ਰੋਫ਼ੈਸਰ (ਪੰਜਾਬੀ), ਐੱਸ.ਐੱਸ.ਡੀ. ਕਾਲਜ, ਬਰਨਾਲਾ।



ਸੰਗਰੂਰ ਜ਼ਿਲ੍ਹੇ ਦੀ ਸੁਨਾਮ ਤਹਿਸੀਲ ਵਿੱਚ ਪੈਂਦੇ ਪਿੰਡ ਬਖ਼ਸ਼ੀਪੁਰਾ ਵਿੱਚ ਮਗਨਰੇਗਾ ਤਹਿਤ ਕੰਮ ਕਰਦੇ ਦਲਿਤ ਮਜ਼ਦੂਰਾਂ ਦੀ ਹਾਦਸਾ ਹੋਣ ਨਾਲ ਮੌਤ ਤੋਂ ਬਾਅਦ ਉਨ੍ਹਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਲਈ ਚੱਲ ਰਹੇ ਸੰਘਰਸ਼ ਨੇ ਭਾਰਤੀ ਅਤੇ ਪੰਜਾਬੀ ਸਮਾਜ ਲਈ ਬਹੁਤ ਸਾਰੇ ਸਵਾਲ ਖੜ੍ਹੇ ਕਰ ਦਿੱਤੇ ਹਨ। ਪਿਛਲੇ ਇੱਕ ਦਹਾਕੇ ਤੋਂ ਦੇਸ਼ ਵਿੱਚ ਦਲਿਤ ਮਜ਼ਦੂਰਾਂ ਦੇ ਅੰਦੋਲਨ ਆਪਣੀ ਪਛਾਣ ਅਤੇ ਮੁਕਤੀ ਲਈ ਚੱਲ ਰਹੇ ਹਨ ਪਰ ਉਨ੍ਹਾਂ ਦੇ ਇਸ ਅੰਦੋਲਨ ਨੂੰ ਸਿਰਫ਼ ਵੋਟ ਰਾਜਨੀਤੀ ਦੇ ਪੱਖ ਤੋਂ ਦੇਖਿਆ ਵਿਚਾਰਿਆ ਗਿਆ ਹੈ, ਅੰਦੋਲਨ ਦੇ ਹੋਰ ਪੱਖ ਜਿਨ੍ਹਾਂ ਨੇ ਦਲਿਤਾਂ ਨੂੰ ਮੁਕਤੀ ਦਿਵਾਉਣੀ ਹੈ, ਅਣਗੌਲੇ ਹੀ ਰਹਿ ਗਏ ਹਨ।

ਭਾਰਤੀ ਸਮਾਜ ਵਿੱਚ ਦਲਿਤ ਸਭ ਤੋਂ ਦਰੜਿਆ, ਲਤਾੜਿਆ ਅਤੇ ਆਪਣੇ ਮੌਲਿਕ ਅਧਿਕਾਰਾਂ ਤੋਂ ਪੂਰੀ ਤਰ੍ਹਾਂ ਵਾਂਝਾ ਕੀਤਾ ਹੋਇਆ ਮਨੁੱਖ ਹੈ। ਉਸ ਦੀਆਂ ਰੋਟੀ, ਕੱਪੜਾ ਤੇ ਮਕਾਨ ਵਰਗੀਆਂ ਨਿਤ ਦਿਨ ਦੀਆਂ ਜ਼ਰੂਰੀ ਲੋੜਾਂ ਦੀ ਪੂਰਤੀ ਅਜੇ ਤੱਕ ਸਾਡੇ ਦੇਸ਼ ਦੀਆਂ ਸਰਕਾਰਾਂ ਨਹੀਂ ਕਰ ਸਕੀਆਂ। ਦੇਸ਼ ਵਿੱਚ ਬਹੁਤ ਸਾਰੇ ਅਜਿਹੇ ਮਸਲੇ ਉੱਠਦੇ ਹਨ ਜਿਨ੍ਹਾਂ ਦਾ ਸਿੱਧੇ ਰੂਪ ਵਿੱਚ ਦਲਿਤ ਅੰਦੋਲਨ ਨਾਲ ਸਰੋਕਾਰ ਹੁੰਦਾ ਹੈ ਪਰ ਕੁਝ ਦਿਨਾਂ ਦੇ ਸੰਘਰਸ਼ ਤੋਂ ਬਾਅਦ ਸੰਘਰਸ਼ ਆਪਣੇ ਆਪ ਖ਼ਤਮ ਹੋ ਜਾਂਦਾ ਹੈ।

ਲਗਭਗ ਇਕ ਦਹਾਕੇ ਤੋਂ ਸੰਗਰੂਰ ਜ਼ਿਲ੍ਹੇ ਦੇ ਪਿੰਡਾਂ ਵਿੱਚ ਦਲਿਤ ਮਜ਼ਦੂਰ ਆਪਣੀਆਂ ਮੰਗਾਂ ਨੂੰ ਲੈ ਕੇ ਲਗਾਤਾਰ ਸੰਘਰਸ਼ ਕਰ ਰਹੇ ਹਨ ਅਤੇ ਚਰਚਾ ਵਿੱਚ ਵੀ ਹਨ। ਉਨ੍ਹਾਂ ਨੇ ਆਪਣੇ ਸੰਘਰਸ਼ ਨਾਲ ਪਿੰਡਾਂ ਵਿੱਚ ਸਰਕਾਰੀ ਤੌਰ 'ਤੇ ਪੰਚਾਇਤੀ ਜ਼ਮੀਨ ਵਿੱਚੋਂ ਮਿਲਣ ਵਾਲੇ ਤੀਜੇ ਹਿੱਸੇ 'ਤੇ ਆਪਣਾ ਪੱਕਾ ਹੱਕ ਜਮਾ ਲਿਆ ਹੈ। ਇਸੇ ਸੰਘਰਸ਼ ਦੌਰਾਨ ਦਲਿਤ ਬਜ਼ੁਰਗ ਔਰਤ ਗੁਰਦੇਵ ਕੌਰ ਦੀ ਮੌਤ ਹੋਈ ਅਤੇ ਬਾਲਦ ਕਲਾਂ, ਝਨੇੜੀ, ਜਲੂਰ ਤੇ ਮੀਮਸਾ ਵਰਗੇ ਦਰਜਨਾਂ ਪਿੰਡਾਂ ਦੇ ਦਲਿਤ ਮਜ਼ਦੂਰ ਸੰਘਰਸ਼ ਦੌਰਾਨ ਤਸ਼ੱਦਦ ਦਾ ਸ਼ਿਕਾਰ ਹੋਏ ਹਨ। ਇਸ ਤੋਂ ਇਲਾਵਾ ਦੋ ਹੋਰ ਸੰਘਰਸ਼ ਸੰਗਰੂਰ ਜ਼ਿਲ੍ਹੇ ਵਿੱਚ ਬਹੁਤ ਤਿੱਖੇ ਰੂਪ ਵਿੱਚ ਉਭਰ ਕੇ ਸਾਹਮਣੇ ਆਏ ਜਿਨ੍ਹਾਂ ਵਿੱਚੋਂ ਇੱਕ ਲਹਿਰਾਗਾਗਾ ਇਲਾਕੇ ਦੇ ਪਿੰਡ ਚੰਗਾਲੀਵਾਲਾ ਦੇ ਦਲਿਤ ਮਜ਼ਦੂਰ ਦੀ ਕੁੱਟਮਾਰ ਦਾ ਮਾਮਲਾ ਹੈ ਅਤੇ ਦੂਸਰਾ ਸੰਗਰੂਰ ਜ਼ਿਲ੍ਹੇ ਦੇ ਪਿੰਡ ਘਰਾਚੋਂ ਦੇ ਦਲਿਤ ਮੁੰਡਿਆਂ ਨਾਲ ਕੀਤੀ ਕੁੱਟਮਾਰ। ਹੁਣ ਸੁਨਾਮ ਦੇ ਨੇੜੇ ਪਿੰਡ ਬਖਸ਼ੀਪੁਰਾ ਦਾ ਮਾਮਲਾ ਸਾਹਮਣੇ ਆਇਆ ਹੈ। ਜਦੋਂ ਵੀ ਕੋਈ ਦਲਿਤ ਸੰਘਰਸ਼ ਉਭਰਦਾ ਹੈ ਤਾਂ ਦਲਿਤਾਂ ਦੀਆਂ ਕੁਝ ਕੁ ਮੰਗਾਂ ਮੰਨਣ ਤੋਂ ਬਾਅਦ ਸੰਘਰਸ਼ ਸਮਾਪਤ ਕਰ ਜਾਂ ਕਰਵਾ ਦਿੱਤਾ ਜਾਂਦਾ ਹੈ। ਦੇਸ਼ ਦੇ ਵੱਖ-ਵੱਖ ਖੇਤਰਾਂ ਵਿੱਚ ਦਲਿਤਾਂ ਦੇ ਸੰਘਰਸ਼ ਕਿਉਂ ਉਭਰ ਰਹੇ ਹਨ ਅਤੇ ਦੇਸ਼ ਦੀਆਂ ਸਰਕਾਰਾਂ ਉਨਾਂ ਦਾ ਪੱਕਾ ਹੱਲ ਕਿਉਂ ਨਹੀਂ ਕਰ ਰਹੀਆਂ ? ਸਰਕਾਰਾਂ ਵੱਲੋਂ ਦਲਿਤਾਂ ਨਾਲ ਇਸ ਤਰ੍ਹਾਂ ਕੀਤੇ ਜਾਂਦੇ ਵਿਤਕਰੇ ਦੇ ਕਾਰਨਾਂ ਦੇ ਪਿਛੋਕੜ ਬਾਰੇ ਚਰਚਾ ਕਰਨਾ ਵੀ ਅਹਿਮ ਹੈ।

ਦਲਿਤ ਭਾਰਤੀ ਸਮਾਜਿਕ ਪ੍ਰਬੰਧ ਵਿੱਚ ਸਦੀਆਂ ਤੋਂ ਦਬਾਈਆਂ ਅਤੇ ਲਤਾੜੀਆਂ ਗਈਆਂ ਧਿਰਾਂ ਵਿੱਚ ਆਉਂਦੇ ਹਨ ਜਿਨ੍ਹਾਂ ਦਾ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਧਾਰਮਿਕ ਖੇਤਰਾਂ ਵਿੱਚ ਪਛੜੇ ਹੋਣ ਦਾ ਕਾਰਨ ਜਾਤੀਗਤ ਤੌਰ 'ਤੇ ਦਬਾਇਆ ਜਾਣਾ ਅਤੇ ਸ਼ੋਸ਼ਣ ਕਰਨਾ ਹੈ। ਦਲਿਤਾਂ ਦੀ ਛੋਹ, ਭਾਗੀਦਾਰੀ ਅਤੇ ਜੀਵਨ ਨੂੰ ਅਪਵਿੱਤਰ ਅਸਮਾਜਿਕ ਮੰਨਿਆ ਜਾਂਦਾ ਰਿਹਾ ਹੈ। ਇਸ ਸਾਰੇ ਦਲਿਤ ਵਿਰੋਧੀ ਪ੍ਰਬੰਧ ਪਿੱਛੇ ਹਿੰਦੂ ਧਰਮ ਜਾਂ ਹਿੰਦੂ ਸਮਾਜ ਦੀਆਂ ਸਦੀਆਂ ਪੁਰਾਣਾ ਹਿੰਦੂ ਵੇਦਾਂ ਤੇ ਗ੍ਰੰਥਾਂ ਆਧਾਰਿਤ ਸਮਾਜਿਕ ਪ੍ਰਬੰਧ ਕੰਮ ਕਰਦਾ ਹੈ। ਸਮਾਜ ਵਿੱਚ ਜਾਤੀਗਤ ਵੰਡ ਨੂੰ ਪੱਕੇ ਕਰਨ ਅਤੇ ਉਸ ਨੂੰ ਭਾਰਤੀ ਮਨੁੱਖ ਦੀ ਮਾਨਸਿਕਤਾ ਵਿੱਚ ਸਮਾਉਣ ਲਈ ਧਰਮ ਦਾ ਵਿਸ਼ੇਸ਼ ਰੋਲ ਰਿਹਾ ਹੈ। ਜਾਤੀ ਨੂੰ ਧਰਮ ਨਾਲ ਜੋੜ ਕੇ ਵਿਅਕਤੀਗਤ ਜੀਵਨ ਅਤੇ ਸਮੂਹ ਦਾ ਭਵਿੱਖ ਧਰਮ ਸ਼ਾਸਤਰਾਂ ਦੁਆਰਾ ਨਿਸ਼ਚਿਤ ਅਤੇ ਇੱਕ ਦਾਇਰੇ ਵਿੱਚ ਨਿਰਧਾਰਿਤ ਕਰ ਦਿੱਤਾ ਗਿਆ ਸੀ ਜੋ ਸਦੀਆਂ ਤੋਂ ਲੈ ਕੇ ਹੁਣ ਤੱਕ ਲਗਾਤਾਰ ਜਾਰੀ ਹੈ।

ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਜਾਤੀਗਤ ਵਿਤਕਰੇ ਦਾ ਬਹੁ-ਪਰਤੀ ਰੂਪ ਹੈ। ਉਨ੍ਹਾਂ ਵਿੱਚ ਜਾਤੀ ਵਿਤਕਰੇ ਦਾ ਦਰਦ ਆਰਥਿਕ ਤੰਗੀਆਂ, ਆਰਥਿਕ ਸ਼ੋਸ਼ਣ, ਘਰੋਗੀ ਕੰਗਾਲੀ, ਪ੍ਰਤੀਕੂਲ ਹਾਲਾਤ ਦੀਆਂ ਘੁੰਮਣ ਘੇਰੀਆਂ, ਸਰਬਜਨਕ ਥਾਵਾਂ ਉੱਪਰ ਪਾਬੰਦੀ, ਛੂਤ-ਛਾਤ, ਸਮਾਜਿਕ ਤੇ ਮਾਨਸਿਕ ਤਸ਼ੱਦਦ, ਅੰਧ-ਵਿਸ਼ਵਾਸ, ਅਨਪੜ੍ਹਤਾ, ਔਰਤਾਂ ਦੀ ਦੁਰਦਸ਼ਾ, ਗੰਦੀਆਂ ਰਹਿਣ ਸਹਿਣ ਵਾਲੀਆਂ ਥਾਵਾਂ 'ਤੇ ਬਿਮਾਰੀਆਂ ਨਾਲ ਹੋਣ ਵਾਲੀਆਂ ਮੌਤਾਂ, ਮੁਢਲੀਆਂ ਲੋੜਾਂ ਦੀ ਪੂਰਤੀ ਨਾ ਹੋਣਾ ਆਦਿ ਹਨ। ਪੰਜਾਬ ਨੂੰ ਛੱਡ ਕੇ ਵੱਖ-ਵਖ ਭਾਰਤ ਦੇ ਰਾਜਾਂ ਵਿੱਚ ਦਲਿਤ ਮਨੁੱਖ ਦਾ ਸਵਰਨ ਜਾਤੀਆਂ ਨਾਲ ਜਾਤੀਗਤ ਟਕਰਾ ਸਿੱਧੇ ਰੂਪ ਵਿੱਚ ਨਜ਼ਰ ਆਉਂਦਾ ਹੈ। ਇਹ ਟਕਰਾ ਪੰਜਾਬ ਵਿੱਚ ਅਸਿੱਧੇ ਰੂਪ ਵਿੱਚ ਹੈ। ਪੰਜਾਬ ਵਿੱਚ ਜਾਤੀ ਵੰਡ ਤਾਂ ਮੌਜੂਦ ਹੈ ਪਰ ਜਾਤੀ ਟਕਰਾਓ ਜਾਂ ਤਣਾਅ ਸਮੇਂ ਕੁਝ ਲੋਕ ਉੱਚ ਜਾਤੀ ਵਿੱਚ ਹੋਣ ਦੇ ਬਾਵਜੂਦ ਦਲਿਤਾਂ ਨਾਲ ਹਮਦਰਦੀ ਅਤੇ ਆਪਣੀ ਜਾਤੀ ਦੇ ਵਿਰੁੱਧ ਖੜ੍ਹਦੇ ਹਨ।

ਭਾਰਤ ਦੇ ਦਲਿਤਾਂ ਦੀ ਚੇਤਨਾ ਜਾਂ ਪ੍ਰੇਰਨਾ ਦਾ ਸਰੋਤ ਬੁੱਧ, ਚਾਰਵਾਕ, ਭਗਤੀ ਲਹਿਰ, ਭਗਤੀ ਸਹਿਤ, ਪ੍ਰਗਤੀਵਾਦੀ ਸਾਹਿਤ ਜਾਂ ਮਾਰਕਸਵਾਦੀ ਸਾਹਿਤ, ਸਮਾਜਿਕ ਜਾਂ ਰਾਜਨੀਤਕ ਲਹਿਰਾਂ ਅਤੇ ਵਿਚਾਰ ਮੁਢਲੇ ਰੂਪ ਵਿੱਚ ਪ੍ਰਭਾਵਿਤ ਕਰਦੇ ਜਾਂ ਪ੍ਰੇਰਨਾ ਦਿੰਦੇ ਹਨ ਪਰ ਦਲਿਤਾਂ ਦੀ ਮੂਲ ਪ੍ਰੇਰਨਾ ਦਾ ਆਧਾਰ ਡਾ. ਭੀਮ ਰਾਓ ਅੰਬੇਡਕਰ ਦਾ ਜੀਵਨ ਸੰਘਰਸ਼ ਅਤੇ ਵਿਚਾਰ ਹੀ ਹਨ ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਉਨ੍ਹਾਂ ਨੇ ਆਪਣੀ ਚੇਤਨਾ ਨੂੰ ਤਿੱਖਾ ਕੀਤਾ ਹੈ। ਪੰਜਾਬ ਵਿੱਚ ਜਾਤੀ ਵਿਵਸਥਾ ਅਤੇ ਗਰੀਬੀ ਦਾ ਉਹ ਕਰੂਰ ਰੂਪ ਨਹੀਂ ਹੈ ਜੋ ਭਾਰਤ ਦੇ ਹੋਰਨਾਂ ਪ੍ਰਦੇਸ਼ਾਂ ਵਿੱਚ ਹੈ। ਇਸ ਦਾ ਕਾਰਨ ਪੰਜਾਬ ਦੀ ਜ਼ਰਖੇਜ਼ ਭੂਮੀ ਖੇਤਰ ਅਤੇ ਸਿੱਖ ਧਰਮ ਵਰਗੇ ਕ੍ਰਾਂਤੀਕਾਰੀ ਧਰਮ ਦੇ ਪਸਾਰ ਨਾਲ ਹੈ।

ਵਰਤਮਾਨ ਸਮੇਂ ਵਿੱਚ ਵੀ ਜਾਤ ਦੀ ਰਾਜਨੀਤੀ ਅਤੇ ਅਧੀਨ ਰਾਜਨੀਤਕ ਸਰਗਰਮੀਆਂ ਵਿੱਚ ਦਲਿਤ ਜਾਤੀਆਂ ਨੂੰ ਵੋਟ ਦੇ ਨਾਂ 'ਤੇ ਭਰਮਾਇਆ ਜਾਂਦਾ ਹੈ ਅਤੇ ਆਪਸ ਵਿੱਚ ਲੜਾਇਆ ਜਾਂਦਾ ਹੈ। ਪੰਜਾਬ ਵਿੱਚ ਤਾਂ ਜਾਤ ਦੀ ਰਾਜਨੀਤੀ ਦਾ ਸ਼ਿਕਾਰ ਗੁਰਦੁਆਰਿਆਂ ਉੱਪਰ ਸਮਾਜ ਦੀ ਸਾਧਨਾਂ ਵਾਲੀ ਸ੍ਰੇਣੀ ਨੇ ਕਬਜ਼ਾ ਕਰ ਕੇ ਦਲਿਤ ਧਿਰਾਂ ਨੂੰ ਵੱਖਰੇ ਗੁਰਦੁਆਰੇ ਉਸਾਰਨ ਲਈ ਮਜਬੂਰ ਕੀਤਾ ਜਾਂ ਉਨਾਂ ਨੂੰ ਡੇਰਿਆਂ ਦੀ ਪਨਾਹ ਲੈਣ ਲਈ ਮਜਬੂਰ ਹੋਣਾ ਪਿਆ।

ਦੇਸ਼ ਦੇ ਕਿਸੇ ਵੀ ਹਿੱਸੇ ਵਿੱਚ ਦਲਿਤਾਂ ਵੱਲੋਂ ਚੱਲ ਰਹੇ ਆਰਥਿਕ ਬਰਾਬਰੀ ਦੀ ਸੰਘਰਸ਼ਾਂ ਨੂੰ ਸਿਰਫ਼ ਮੁਆਵਜ਼ੇ ਤੱਕ ਸੀਮਤ ਕਰਨਾ ਕਾਫ਼ੀ ਹੱਦ ਤੱਕ ਘਟਾ ਕੇ ਦੇਖਣ ਦੇ ਬਰਾਬਰ ਹੈ। ਦਲਿਤਾਂ ਦੀ ਮੁਕਤੀ ਸਿਰਫ਼ ਇਸ ਗੱਲ ਵਿੱਚ ਹੈ ਕਿ ਸਰਕਾਰਾਂ ਸੁਹਿਰਦ ਰੂਪ ਵਿੱਚ ਉਨ੍ਹਾਂ ਦਲਿਤਾਂ ਨੂੰ ਆਰਥਿਕ ਰਾਜਨੀਤਕ ਧਾਰਮਿਕ ਅਤੇ ਸੱਭਿਆਚਾਰਕ ਤੌਰ 'ਤੇ ਬਰਾਬਰੀ ਦੇਣ ਦੇ ਗੰਭੀਰ ਯਤਨ ਕਰਨ ਜੇ ਸਰਕਾਰਾਂ ਦੇ ਯਤਨ ਇਸ ਦਿਸ਼ਾ ਵਿੱਚ ਨਹੀਂ ਹੋਣਗੇ ਤਾਂ ਕਿਤੇ ਨਾ ਕਿਤੇ ਦਲਿਤਾਂ ਨਾਲ ਜਾਤੀਗਤ ਤੌਰ 'ਤੇ ਵਿਤਕਰਾ ਤੇ ਭੇਦਭਾਵ ਹੁੰਦਾ ਰਹੇਗਾ।

# ਆਰਥਿਕ ਸੁਧਾਰਾਂ 'ਤੇ ਬਣੇ ਆਮ ਸਹਿਮਤੀ

ਜੀ.ਐੱਨ. ਵਾਜਪਾਈ
(ਲੇਖਕ ਸੇਬੀ ਅਤੇ ਐੱਲ.ਆਈ.ਸੀ. ਦਾ ਸਾਬਕਾ ਚੇਅਰਮੈਨ ਹੈ)



ਬੇਯਕੀਨੀ ਵਾਲੇ ਵਿਸ਼ਵ ਪੱਧਰੀ ਹਾਲਾਤ 'ਚ ਵੀ ਭਾਰਤੀ ਅਰਥਚਾਰਾ ਤੇਜ਼ ਰਫ਼ਤਾਰ ਨਾਲ ਅੱਗੇ ਵਧ ਰਿਹਾ ਹੈ। ਇਸ ਸਮੇਂ ਵਾਧੇ ਦੀ ਜੋ ਰਫ਼ਤਾਰ ਹੈ, ਉਸ ਦੇ ਆਧਾਰ 'ਤੇ ਭਾਰਤ 2030 ਤੱਕ ਸੱਤ ਟ੍ਰਿਲੀਅਨ (ਲੱਖ ਕਰੋੜ) ਡਾਲਰ ਦਾ ਅਰਥਚਾਰਾ ਬਣ ਕੇ ਵਿਸ਼ਵ ਦਾ ਤੀਜਾ ਸਭ ਤੋਂ ਵੱਡਾ ਅਰਥਚਾਰਾ ਬਣ ਜਾਵੇਗਾ। ਵੱਡੀ ਆਰਥਿਕ ਸਥਿਰਤਾ, ਨੌਜਵਾਨ ਆਬਾਦੀ, ਗਤੀਸ਼ੀਲ ਅਤੇ ਜੀਵੰਤ ਲੋਕਤੰਤਰ ਤੇ ਨਿਰਪੱਖ ਭੂ-ਰਾਜਨੀਤਕ ਨਜ਼ਰੀਏ ਵਰਗੇ ਪਹਿਲੂਆਂ ਕਾਰਨ ਭਾਰਤ ਵਿਦੇਸ਼ੀ ਨਿਵੇਸ਼ਕਾਂ ਲਈ ਨਿਵੇਸ਼ ਦੇ ਪਸੰਦੀਦਾ ਟਿਕਾਣੇ ਦੇ ਰੂਪ 'ਚ ਉੱਭਰਿਆ ਹੈ।

ਇਸ ਦੇ ਬਾਵਜੂਦ ਲਗਾਤਾਰ ਤੇਜ਼ ਵਾਧੇ ਲਈ ਜ਼ਮੀਨ, ਕਿਰਤ ਤੇ ਖੇਤੀ ਦੇ ਮੋਰਚੇ 'ਤੇ ਤਤਕਾਲ ਸੁਧਾਰਾਂ ਦੀ ਲੋੜ ਹੈ। ਤਦ ਹੀ ਦੇਸ਼ 2047 ਤੱਕ ਵਿਕਸਤ ਰਾਸ਼ਟਰ ਬਣ ਸਕਦਾ ਹੈ। ਚੰਗੀ ਗੱਲ ਹੈ ਕਿ ਦੇਸ਼ ਦੇ ਕੁਝ ਸੂਬਿਆਂ 'ਚ ਵਿਕਾਸ ਨੂੰ ਲੈ ਕੇ ਮੁਕਾਬਲਾ ਦਿਖਾਈ ਦੇ ਰਿਹਾ ਹੈ।

ਇਨ੍ਹਾਂ ਸੂਬਿਆਂ ਦੀਆਂ ਸਰਕਾਰਾਂ ਨਿਵੇਸ਼ਕਾਂ ਪ੍ਰਤੀ ਉਦਾਰਤਾ ਦਿਖਾਉਣ 'ਚ ਕੁਤਾਹੀ ਨਹੀਂ ਵਰਤ ਰਹੀਆਂ। ਯਾਦ ਰਹੇ ਕਿ ਉੱਦਮੀ ਵੱਧ ਤੋਂ ਵੱਧ ਲਾਭ ਹਾਸਲ ਕਰਨ ਲਈ ਹੀ ਆਪਣੀ ਪੂੰਜੀ ਤੇ ਯੋਗਤਾ ਨੂੰ ਦਾਅ 'ਤੇ ਲਾ ਕੇ ਕੋਸ਼ਿਸ਼ ਕਰਦੇ ਹਨ। ਕਿਸੇ ਉਦਯੋਗ ਜਾਂ ਇਲਾਕੇ 'ਚ ਨਿਵੇਸ਼ ਦੇ ਫ਼ੈਸਲੇ 'ਤੇ ਪੁੱਜਣ ਲਈ ਕਈ ਪਹਿਲੂ ਅਸਰਦਾਰ ਹੁੰਦੇ ਹਨ। ਇਨ੍ਹਾਂ 'ਚ ਉਸ ਇਲਾਕੇ ਤੱਕ ਪਹੁੰਚ, ਉੱਦਮ ਚਲਾਉਣ ਦੀ ਲਾਗਤ, ਮਨੁੱਖੀ ਸਾਧਨਾਂ ਦੀ ਉਪਲਬਧਤਾ, ਨਿਵੇਸ਼, ਜੀਵਨ ਅਤੇ ਜਾਇਦਾਦ ਦੀ ਸੁਰੱਖਿਆ ਤੋਂ ਇਲਾਵਾ ਸ਼ਾਸਨ ਅਤੇ ਟੈਕਸ ਵਿਵਸਥਾ, ਨਿਯਮ ਤੇ ਕਾਨੂੰਨ ਦੇ ਪੱਧਰ 'ਤੇ ਲਗਾਤਾਰਤਾ ਵਰਗੇ ਪਹਿਲੂ ਬਹੁਤ ਫ਼ੈਸਲਾਕੁਨ ਭੂਮਿਕਾ ਨਿਭਾਉਂਦੇ ਹਨ। ਕੁੱਲ-ਮਿਲਾ ਕੇ ਘੱਟੋ-ਘੱਟ ਜੋਖ਼ਮ ਨਾਲ ਵੱਧ ਤੋਂ ਵੱਧ ਲਾਭ ਹੀ ਨਿਵੇਸ਼ ਦਾ ਆਧਾਰ ਮੰਤਰ ਬਣਦਾ ਹੈ।



ਭਾਰਤੀ ਸੂਬਿਆਂ 'ਚ ਆਰਥਿਕ ਪੱਧਰ 'ਤੇ ਕਈ ਅਸਮਾਨਤਾਵਾਂ ਦਿਖਾਈ ਦਿੰਦੀਆਂ ਹਨ। ਗੋਆ ਤੇ ਸਿੱਕਿਮ ਵਰਗੇ ਸੂਬਿਆਂ ਦੇ ਸਮੁੱਚੇ ਘਰੇਲੂ ਉਤਪਾਦ ਭਾਵ ਜੀ.ਐੱਸ.ਡੀ.ਪੀ. ਨੂੰ ਦੇਖੀਏ ਤਾਂ ਲਗਪਗ 7,169 ਡਾਲਰ ਦੇ ਨਾਲ ਇਹ ਰਾਸ਼ਟਰੀ ਔਸਤ ਤੋਂ ਲਗਪਗ ਤਿੰਨ ਗੁਣਾ ਵੱਧ ਹੈ। ਉੱਥੇ ਹੀ ਬਿਹਾਰ ਦੀ ਜੀ.ਐੱਸ.ਡੀ.ਪੀ. 1,000 ਡਾਲਰ ਤੋਂ ਵੀ ਹੇਠਾਂ ਭਾਵ ਰਾਸ਼ਟਰੀ ਔਸਤ ਤੋਂ ਤਿੰਨ ਗੁਣਾ ਘੱਟ ਹੈ। ਅਪ੍ਰੈਲ-ਜੂਨ, 2024 ਦੇ ਸ਼ਹਿਰੀ ਯੁਵਾ ਰੁਜ਼ਗਾਰ ਸਥਿਤੀ ਦੇ ਅੰਕੜੇ ਦਰਸਾਉਂਦੇ ਹਨ ਕਿ ਬਿਹਾਰ 'ਚ ਮਰਦਾਂ ਦੀ ਕਿਰਤ ਹਿੱਸੇਦਾਰੀ ਦਰ 32.9 ਫ਼ੀਸਦੀ ਜਦਕਿ ਔਰਤਾਂ ਦੀ ਸਿਰਫ਼ 5.3 ਫ਼ੀਸਦੀ ਰਹੀ। ਇਹ ਦੇਸ਼ 'ਚ ਕਿਰਤ ਹਿੱਸੇਦਾਰੀ ਦਾ ਸਭ ਤੋਂ ਹੇਠਲਾ ਪੱਧਰ ਰਿਹਾ। ਜਦਕਿ ਮਹਾਰਾਸ਼ਟਰ 'ਚ ਮਰਦਾਂ 'ਚ ਇਹ ਦਰ 55.2 ਫ਼ੀਸਦੀ ਤੇ ਔਰਤਾਂ 'ਚ 22.9 ਫ਼ੀਸਦੀ ਰਹੀ। ਰੁਜ਼ਗਾਰ ਦੀ ਦਰ ਸੂਬੇ ਦੀ ਅਰਥ-ਵਿਵਸਥਾ ਦੀ ਸਿਹਤ ਨੂੰ ਦਰਸਾਉਂਦੀ ਹੈ। ਵੱਧ ਅਮੀਰ ਸੂਬਿਆਂ 'ਚ ਇਹ ਦਰ ਕਾਫ਼ੀ ਉੱਚੀ ਹੈ। ਅਜਿਹਾ ਫ਼ਰਕ ਵੱਡੇ ਪੱਧਰ 'ਤੇ ਅੰਦਰੂਨੀ ਹਿਜਰਤ ਤੇ ਸਮਾਜਿਕ ਚਿੰਤਾ ਵਧਾਉਣ ਦੇ ਨਾਲ ਹੀ ਰਾਸ਼ਟਰੀ ਚਿੰਤਾ ਨੂੰ ਵਧਾਉਂਦਾ ਹੈ।

ਇਹ ਫ਼ਰਕ ਦੀ ਹਾਲਤ ਅਚਾਨਕ ਨਹੀਂ ਬਣੀ। ਇਸ ਪਿੱਛੇ ਤਤਕਾਲੀ ਸਰਕਾਰਾਂ ਦਾ ਇਹ ਰਵੱਈਆ ਮੁੱਖ ਤੌਰ 'ਤੇ ਜ਼ਿੰਮੇਵਾਰ ਹੈ ਕਿ ਉਨ੍ਹਾਂ ਨੇ ਉੱਦਮੀਆਂ ਦਾ ਭਰੋਸਾ ਜਿੱਤਣ ਦੀ ਕੋਸ਼ਿਸ਼ ਨਹੀਂ ਕੀਤੀ। ਸ਼ਾਸਨ ਦੀ ਗੁਣਵੱਤਾ, ਸਿਆਸੀ ਅਸਥਿਰਤਾ ਤੇ ਕੁਝ ਮਾਮਲਿਆਂ 'ਚ ਕਾਨੂੰਨ ਅਤੇ ਵਿਵਸਥਾ ਦੀ ਖ਼ਰਾਬ ਹਾਲਤ ਸਭ ਤੋਂ ਵੱਡੇ ਕਾਰਕ ਰਹੇ। ਸੂਬੇ ਵੱਲੋਂ ਆਰਥਿਕ ਵਾਧੇ ਦੇ ਖੰਭ ਲਾ ਕੇ ਹੀ ਇਸ ਫ਼ਰਕ ਨੂੰ ਦੂਰ ਕੀਤਾ ਜਾ ਸਕਦਾ ਹੈ। ਇਹ ਫ਼ਰਕ ਸਿਆਸੀ ਪੱਧਰ 'ਤੇ ਵੀ ਮੁੱਦਾ ਬਣ ਜਾਂਦਾ ਹੈ। ਇਸ ਮੋਰਚੇ ਨੂੰ ਠੀਕ ਕਰਨ ਦਾ ਦਾਰੋਮਦਾਰ ਵੀ ਸਿਆਸੀ ਬਰਾਦਰੀ 'ਤੇ ਹੀ ਹੈ। ਅਫ਼ਸੋਸ ਹੈ ਕਿ ਭਾਰਤੀ ਸਮਾਜ ਜਾਤ, ਨਸਲ ਤੇ ਧਰਮ ਵਰਗੇ ਸਾਰੇ ਆਧਾਰਾਂ 'ਤੇ ਵੰਡਿਆ ਹੋਇਆ ਹੈ। ਅਜਿਹੀ ਸਮਾਜਿਕ ਵੰਡ ਨਾ ਹੁੰਦੀ ਤਾਂ ਭਾਰਤ ਵਿਦੇਸ਼ੀ ਮੁਲਕਾਂ ਤੋਂ ਕਿਤੇ ਅੱਗੇ ਹੁੰਦਾ। ਇਕ ਸਮੇਂ ਭਾਰਤ ਨੂੰ 'ਸੋਨੇ ਦੀ ਚਿੜੀ' ਕਿਹਾ ਜਾਂਦਾ ਸੀ। ਜਾਤ-ਪਾਤ ਦੀਆਂ ਤਕਸੀਮਾਂ ਨੇ ਵਿਦੇਸ਼ੀ ਧਾੜਵੀਆਂ ਲਈ ਦਰ ਖੋਲ੍ਹੇ ਸਨ।

ਉਨ੍ਹਾਂ ਨੇ ਭਾਰਤ ਦੀ ਹਰ-ਪੱਖੋਂ ਲੁੱਟ ਕੀਤੀ ਅਤੇ ਬੇਸ਼ੁਮਾਰ ਧਨ-ਦੌਲਤ ਆਪੋ-ਆਪਣੇ ਮੁਲਕਾਂ ਨੂੰ ਲੈ ਗਏ ਸਨ। ਹਾਲਾਤ ਅੱਜ ਵੀ ਨਹੀਂ ਬਦਲੇ ਕਿਉਂਕਿ ਨੁਕਸਦਾਰ ਆਰਥਿਕ ਨੀਤੀਆਂ ਕਾਰਨ ਮੁਲਕ ਨੂੰ ਤਰ੍ਹਾਂ-ਤਰ੍ਹਾਂ ਦਾ ਨੁਕਸਾਨ ਸਹਿਣਾ ਪੈ ਰਿਹਾ ਹੈ। ਅਜਿਹੇ ਵਿਚ ਆਰਥਿਕ ਸੁਧਾਰਾਂ ਦੇ ਰਾਹ 'ਤੇ ਅੱਗੇ ਵਧਣਾ ਬਹੁਤ ਜ਼ਰੂਰੀ ਹੋ ਗਿਆ ਹੈ। ਲੋਕਤੰਤਰ 'ਚ ਲੋਕਾਂ ਦੇ ਫ਼ੈਸਲਿਆਂ 'ਚ ਅਕਸਰ ਸਿਆਸਤ ਤੇ ਸਮਾਜਿਕ ਮੁੱਦੇ ਆਰਥਿਕ ਪਹਿਲੂਆਂ 'ਤੇ ਭਾਰੂ ਹੋ ਜਾਂਦੇ ਹਨ। ਇਨ੍ਹਾਂ ਕਾਰਕਾਂ ਦੇ ਸਾਂਝੇ ਪ੍ਰਭਾਵ ਦਾ ਹੀ ਨਤੀਜਾ ਹੈ ਕਿ ਚੋਣਾਂ 'ਚ ਕਾਮਯਾਬੀ ਲਈ ਮਿਸ਼ਰਤ ਸਮੀਕਰਨਾਂ ਦਾ ਆਸਰਾ ਲੈਣਾ ਪੈਂਦਾ ਹੈ। ਜਿੱਤ ਦਾ ਫਾਰਮੂਲਾ ਤਿਆਰ ਕਰਨ ਦੀ ਮਜਬੂਰੀ 'ਚ ਕੁਝ ਸਮਝੌਤੇ ਕਰਨੇ ਪੈ ਜਾਂਦੇ ਹਨ ਜਿਸ ਨਾਲ ਹਿੱਤਾਂ ਦੇ ਟਕਰਾਅ ਤੇ ਸਿਆਸੀ ਅਸਥਿਰਤਾ ਦੀ ਸਥਿਤੀ ਬਣਦੀ ਹੈ। ਅਜਿਹੀ ਸਥਿਤੀ 'ਚ ਕੁਝ ਆਪੇ ਐਲਾਨੇ ਸਮਾਜਿਕ ਸੰਗਠਨ ਸਾਹਮਣੇ ਆ ਜਾਂਦੇ ਹਨ ਜੋ ਆਪਣੇ ਸਮਰਥਨ ਦੀ ਆੜ 'ਚ ਵਾਰੇ-ਨਿਆਰੇ ਕਰਨ ਲੱਗਦੇ ਹਨ। ਭਾਰਤੀਆਂ ਨੇ ਕਹਿਣ ਲਈ ਤਾਂ ਅੰਗਰੇਜ਼ਾਂ ਦੀ 'ਫੁੱਟ ਪਾਓ ਤੇ ਰਾਜ ਕਰੋ' ਵਾਲੀ ਨੀਤੀ ਨੂੰ ਤਿਆਗ ਦਿੱਤਾ ਹੈ ਪਰ ਵਿਵਹਾਰ 'ਚ ਕਥਿਤ ਸਮਾਜਿਕ ਨਿਆਂ ਦੇ ਨਾਂ 'ਤੇ ਪਰਤ-ਦਰ-ਪਰਤ ਵੰਡ ਨੂੰ ਹੋਰ ਮਜ਼ਬੂਤ ਕਰਦੇ ਗਏ।

ਇਸ ਨਾਲ ਕੋਈ ਵੀ ਅਸਹਿਮਤ ਨਹੀਂ ਹੋ ਸਕਦਾ ਕਿ ਆਰਥਿਕ ਤੌਰ 'ਤੇ ਬੇਸਹਾਰਾ ਲੋਕਾਂ ਦੀਆਂ ਮੁਸ਼ਕਲਾਂ ਦਾ ਅੰਤ ਹੀ ਅਫਰਮੇਟਿਵ ਐਕਸ਼ਨ ਭਾਵ ਰਾਖਵਾਂਕਰਨ ਵਰਗੀ ਕਿਸੇ ਵਿਵਸਥਾ ਦੇ ਮੂਲ 'ਚ ਹੋਣਾ ਚਾਹੀਦਾ ਹੈ। ਇਸ ਲਈ ਢੁੱਕਵੀਆਂ ਨੀਤੀਆਂ ਦਾ ਬਣਾਇਆ ਜਾਣਾ ਬਹੁਤ ਜ਼ਰੂਰੀ ਹੈ। ਇਸ ਵਾਸਤੇ ਕੀ ਕਦਮ ਚੁੱਕੇ ਜਾਣ, ਉਨ੍ਹਾਂ ਨੂੰ ਲਾਗੂ ਕਰਨ ਦਾ ਕੀ ਵਾਜਬ ਤਰੀਕਾ ਹੋ ਸਕਦਾ ਹੈ ਤੇ ਉਨ੍ਹਾਂ ਦੇ ਸੰਭਾਵਤ ਨਤੀਜਿਆਂ ਵਰਗੇ ਪਹਿਲੂਆਂ 'ਤੇ ਸੰਸਦ ਤੇ ਰਾਜ ਵਿਧਾਨ ਮੰਡਲਾਂ 'ਚ ਵਿਸਥਾਰਤ ਚਰਚਾ ਹੋਣੀ ਚਾਹੀਦੀ ਹੈ। ਤਿਆਰ ਯੋਜਨਾ ਦੇ ਅਸਰਦਾਰ ਢੰਗ ਨਾਲ ਲਾਗੂ ਹੋਣ ਤੇ ਸੰਭਾਵਤ ਨਤੀਜਿਆਂ ਸਬੰਧੀ ਸਰਕਾਰ ਨੂੰ ਜਵਾਬਦੇਹ ਬਣਾਇਆ ਜਾਣਾ ਵੀ ਓਨਾ ਹੀ ਜ਼ਰੂਰੀ ਹੈ। ਸਿਆਸੀ ਮੁਕਾਬਲੇ 'ਚ ਇਕ-ਦੂਜੇ ਤੋਂ ਅੱਗੇ ਨਿਕਲਣ ਦੀ ਦੌੜ ਕੁਝ ਮਾਮਲਿਆਂ 'ਚ ਉੱਚੇ ਆਰਥਿਕ ਵਾਧੇ ਲਈ ਢੁੱਕਵੀਂ ਨਹੀਂ ਰਹਿ ਗਈ ਹੈ।

(ਬਾਕੀ ਸਫ਼ਾ 31 'ਤੇ)



ਗੁਰਮੀਤ ਸਿੰਘ ਪਲਾਹੀ
9815802070

# ਪਰਾਲ਼ੀ ਦਾ ਮੁੱਦਾ – ਹਵਾ ਪ੍ਰਦੂਸ਼ਣ

ਜਦੋਂ ਮੌਸਮ ਬਦਲਦਾ ਹੈ, ਸਰਦੀ ਦਰਵਾਜ਼ਾ ਖੜਕਾਉਂਦੀ ਹੈ, ਪਰਾਲੀ ਦਾ ਮੁੱਦਾ, ਸਿਆਸੀ ਸਫਾਂ ਅਤੇ ਕੋਰਟ-ਕਚਿਹਰੀਆਂ 'ਚ ਵੱਡੀ ਚਰਚਾ ਬਣ ਜਾਂਦਾ ਹੈ। ਪਰਾਲੀ ਜਲਾਉਣ ਦੇ ਮਾਮਲੇ 'ਚ ਹਾਹਾਕਾਰ ਮਚਦੀ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਦੇ ਹਾਕਮ ਸਾਰਾ ਸਾਲ ਕੁੰਭਕਰਨ ਦੀ ਨੀਂਦ ਸੁੱਤੇ, ਸੁੱਤ-ਉਨੀਂਦੇ ਜਾਗਦੇ ਹਨ, ਫਰਮਾਨ ਜਾਰੀ ਕਰਦੇ ਹਨ, ਕਚਿਹਰੀਆਂ 'ਚ 'ਲੋਕ ਹਿਤੈਸ਼ੀ' ਰਿੱਟਾਂ ਪਾਉਂਦੇ ਹਨ, ਵੱਡੀ ਕਚਿਹਰੀ ਹੁਕਮ ਸਾਦਰ ਕਰਦੀ ਹੈ। ਪਰ ਪਰਨਾਲਾ ਉਥੇ ਦਾ ਉਥੇ ਰਹਿੰਦਾ ਹੈ।

ਬਿਨਾਂ ਸ਼ੱਕ ਪਰਾਲੀ ਪ੍ਰਬੰਧਨ ਵੱਡਾ ਮਸਲਾ ਹੈ। ਬਹੁਤੇ ਕਿਸਾਨ ਅਗਲੀ ਫਸਲ ਦੀ ਤਿਆਰੀ ਲਈ ਇਸ ਦਾ ਸੌਖਾ ਹੱਲ ਇਸ ਨੂੰ ਜਲਾਉਣ 'ਚ ਵੇਖਦੇ ਹਨ। ਇਸ ਨਾਲ ਵੱਡਾ ਨੁਕਸਾਨ ਹੁੰਦਾ ਹੈ। ਪਰਾਲੀ ਜਲਾਉਣ ਨਾਲ ਜ਼ਮੀਨ ਦੀ ਕੁੱਖ 'ਚ ਮੌਜੂਦ ਅਨੇਕਾਂ ਲਾਭਦਾਇਕ ਸੂਖਮ ਜੀਵ-ਜੰਤੂ ਨਸ਼ਟ ਹੋ ਜਾਂਦੇ ਹਨ, ਜੋ ਖੇਤੀ ਉਪਜ ਲਈ ਸਹਾਇਕ ਹਨ। ਇੱਕ ਅਧਿਐਨ ਦੇ ਅਨੁਸਾਰ ਇੱਕ ਟਨ ਪਰਾਲੀ ਜਲਾਉਣ 'ਚ ਜ਼ਮੀਨ ਦੀ ਕੁੱਖ ਵਿੱਚ ਮੌਜੂਦ 5.5 ਕਿਲੋਗ੍ਰਾਮ ਨਾਈਟ੍ਰੋਜਨ 2.3 ਕਿਲੋਗ੍ਰਾਮ ਫਾਸਫੋਰਸ, 25 ਕਿਲੋਗ੍ਰਾਮ ਪੋਟਾਸ਼ੀਅਮ, 1.2 ਕਿਲੋਗ੍ਰਾਮ ਸਲਫਰ ਸਮੇਤ ਹੋਰ ਲਾਭਦਾਇਕ ਪੌਸ਼ਟਿਕ ਤੱਤ ਨਸ਼ਟ ਹੋ ਜਾਂਦੇ ਹਨ। ਅੰਤਰਰਾਸ਼ਟਰੀ ਖਾਧ ਨੀਤੀ ਅਨੁਸੰਧਾਨ ਸੰਸਥਾ ਦੀ ਇੱਕ ਰਿਪੋਰਟ ਮੁਤਾਬਿਕ ਭਾਰਤ ਦੇ ਵੱਖੋ-ਵੱਖਰੇ ਸੂਬਿਆਂ ਵਿੱਚ ਪਰਾਲੀ ਜਲਾਉਣ ਨਾਲ ਲਗਭਗ 2 ਲੱਖ ਕਰੋੜ ਰੁਪਏ ਦਾ ਵਿੱਤੀ ਨੁਕਸਾਨ ਪੁੱਜਦਾ ਹੈ।

ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਸੁਪਰੀਮ ਕੋਰਟ ਨੇ 24 ਸਤੰਬਰ 2024 ਨੂੰ ਪਰਾਲੀ ਜਲਾਉਣ ਦੇ ਮੁੱਦੇ ਉੱਤੇ ਹਵਾ ਗੁਣਵਤਾ ਪ੍ਰਬੰਧਨ ਕਮਿਸ਼ਨ (ਸੀ ਏ ਕਿਊ ਐਮ) ਤੋਂ ਜਵਾਬ ਤਲਬੀ ਕੀਤੀ ਅਤੇ ਪੁੱਛਿਆ ਕਿ ਪਿਛਲੇ ਹੁਕਮਾਂ ਦੀ ਤਾਮੀਲ ਕਿਉਂ ਨਹੀਂ ਕੀਤੀ ਗਈ ਅਤੇ 15 ਸਤੰਬਰ ਦੇ ਹਫ਼ਤੇ 'ਚ ਹੀ ਪਰਾਲੀ ਜਲਾਉਣ ਦੀਆਂ ਘਟਨਾਵਾਂ 'ਚ ਵਾਧਾ ਕਿਉਂ ਹੋਇਆ। ਸੀ ਏ ਕਿਊ ਐਮ ਐਕਟ ਦੀ ਧਾਰਾ-14 ਅਧੀਨ ਸਤੰਬਰ ਅਧਿਕਾਰੀਆਂ ਕਰਮਚਾਰੀਆਂ ਖ਼ਿਲਾਫ਼ ਕਾਰਵਾਈ ਕਿਉਂ ਨਹੀਂ ਕੀਤੀ ਜੋ ਪਰਾਲੀ ਸਾੜਨ ਦੇ ਮਾਮਲੇ 'ਚ ਜ਼ਿੰਮੇਵਾਰ ਹਨ। ਅਦਾਲਤ ਨੇ ਪੰਜਾਬ-ਹਰਿਆਣਾ ਸਰਕਾਰਾਂ ਨੂੰ ਵੀ ਫਿਟਕਾਰ ਲਗਾਈ ਕਿ ਉਹਨਾਂ ਨੇ ਕਿਸਾਨਾਂ ਵਿਰੁੱਧ ਪਰਾਲੀ ਜਲਾਉਣ ਦੇ ਅਮਲੇ 'ਚ ਕਠੋਰ ਕਾਰਵਾਈ ਕਿਉਂ ਨਹੀਂ ਕੀਤੀ।



ਅਸਲ ਵਿੱਚ ਵਰਿਆਂ ਤੋਂ ਸਰਕਾਰਾਂ ਚੁੱਪ ਹਨ। ਕਿਸਾਨਾਂ ਦੇ ਇਸ ਗੰਭੀਰ ਮਸਲੇ ਦਾ ਹੱਲ ਕਰਨ ਤੋਂ ਅਸਮਰਥ ਹਨ। ਜਿਹੜੇ ਨਿੱਕੇ-ਮੋਟੇ ਯਤਨ ਪਰਾਲੀ ਪ੍ਰਬੰਧਨ ਲਈ ਕੀਤੇ ਜਾਂਦੇ ਹਨ, ਉਹ ਸਹੀ ਅਰਥਾਂ 'ਚ 'ਸਰਕਾਰੀ ਸਕੀਮਾਂ' ਵਾਂਗਰ ਕਿਸਾਨਾਂ ਦੇ ਦਰ 'ਤੇ ਨਹੀਂ ਪੁੱਜਦੇ। ਜਦਕਿ ਬਹੁਤ ਸਾਰੀਆਂ ਸਕੀਮਾਂ ਬਣਦੀਆਂ ਹਨ, ਵਿੱਤੀ ਸਾਧਨਾਂ ਦੇ ਘਾਟ ਕਰਕੇ ਉਹ ਸਾਰੀਆਂ ਧਰੀਆਂ ਧਰਾਈਆਂ ਰਹਿ ਜਾਂਦੀਆਂ ਹਨ।

ਪਰਾਲੀ ਜਲਾਉਣ ਨਾਲ ਵਾਤਾਵਰਨ ਵਿਗੜਦਾ ਹੈ, ਪ੍ਰਦੂਸ਼ਿਤ ਹੁੰਦਾ ਹੈ। ਉਸ ਦਾ ਸਿਹਤ ਉੱਤੇ ਅਸਰ ਪੈਂਦਾ ਹੈ, ਸਿਰਫ਼ ਮਨੁੱਖੀ ਸਰੀਰ ਉੱਤੇ ਹੀ ਨਹੀਂ, ਸਗੋਂ ਹੋਰ ਜੀਵ-ਜਾਨਵਰਾਂ ਉੱਤੇ ਵੀ। ਸਰਦੀਆਂ ਦੇ ਸ਼ੁਰੂਆਤੀ ਦਿਨਾਂ 'ਚ ਇਸ ਪ੍ਰਦੂਸ਼ਣ ਵਾਧੇ ਨਾਲ ਸਾਹ ਘੁੱਟਣ ਲੱਗਦਾ ਹੈ। 24 ਸਤੰਬਰ 2024 ਤੱਕ ਦਿੱਲੀ ਖੇਤਰ ਵਿੱਚ ਹਵਾ ਦਾ ਗੁਣਵਤਾ ਅੰਸ 203 ਦਰਜ ਕੀਤਾ ਗਿਆ ਅਤੇ ਇਸ ਵਾਧੇ ਦਾ ਕਾਰਨ ਪੰਜਾਬ-ਹਰਿਆਣਾ 'ਚ ਪਰਾਲੀ ਜਲਾਉਣ ਦੇ ਮਾਮਲੇ ਨੂੰ ਮਿਥਿਆ ਜਾ ਰਿਹਾ ਹੈ। ਝੋਨੇ ਦੀ ਕਟਾਈ ਦੇ ਮੁੱਢਲੇ ਦਿਨਾਂ ਵਿੱਚ ਹੀ ਪੰਜਾਬ ਵਿਚ 23 ਅਤੇ ਹਰਿਆਣਾ ਵਿਚ 70 ਮਾਮਲੇ ਨੋਟਿਸ ਕੀਤੇ ਗਏ।

ਪਰ ਵੇਖਣ ਵਾਲੀ ਗੱਲ ਤਾਂ ਇਹ ਵੀ ਹੈ ਕਿ ਕੀ ਸਿਰਫ਼ ਪਰਾਲੀ ਜਲਾਉਣ ਨਾਲ ਹੀ ਹਵਾ ਪ੍ਰਦੂਸ਼ਨ ਹੁੰਦਾ ਹੈ। ਦਿੱਲੀ, ਹੋਰ ਵੱਡੇ ਸ਼ਹਿਰਾਂ 'ਚ ਚੱਲਦੇ ਵਾਹਨ ਮੋਟਰ, ਗੱਡੀਆਂ, ਟਰੱਕ, ਕਾਰਾਂ, ਇਹਨਾਂ ਖੇਤਰਾਂ 'ਚ ਲੱਗੀਆਂ ਫੈਕਟਰੀਆਂ ਬੇਇੰਤਹਾ ਬਿਨਾਂ ਰੋਕ-ਟੋਕ ਪ੍ਰਦੂਸ਼ਨ ਪੈਦਾ ਕਰਦੀਆਂ ਹਨ। ਉਹਨਾਂ ਦੀ ਨਿਗਰਾਨੀ ਕਰਨ ਤੋਂ ਸ਼ਾਸ਼ਨ, ਪ੍ਰਸਾਸ਼ਨ, ਸਰਕਾਰੀ ਸੰਸਥਾਵਾਂ ਆਖਿਰ ਚੁੱਪੀ ਕਿਉਂ ਵੱਟੀ ਬੈਠਦੀਆਂ ਹਨ। ਇਹਨਾਂ ਦਿਨਾਂ 'ਚ ਹੁੰਦੇ ਧਾਰਮਿਕ ਸਮਾਗਮਾਂ ਦੁਸਿਹਰਾ, ਦੀਵਾਲੀ ਤੇ ਹੋਰ ਤਿਉਹਾਰਾਂ 'ਤੇ ਹੁੰਦੀ ਪਟਾਕੇਬਾਜ਼ੀ ਵੱਡੇ ਹਵਾ ਪ੍ਰਦੂਸ਼ਨ ਦਾ ਕਾਰਨ ਬਣਦੀ ਹੈ। ਕੋਇਲਾ ਥਰਮਲ ਪਲਾਂਟ ਹਵਾ ਪ੍ਰਦੂਸ਼ਨ ਦਾ ਕਾਰਨ ਬਣਦੇ ਹਨ।

ਹਵਾ ਪ੍ਰਦੂਸ਼ਨ ਦੇ ਮਾਮਲੇ ਤੇ ਇਕ ਜਾਣਕਾਰੀ ਅਨੁਸਾਰ ਹੋਰ ਸ਼ਹਿਰਾਂ ਦੇ ਮੁਕਾਬਲੇ ਦਿੱਲੀ 'ਚ ਹਵਾ ਪ੍ਰਦੂਸ਼ਨ ਦੀ ਵੱਧ ਮਾਰ ਪੈ ਰਹੀ ਹੈ। ਇਸ ਪ੍ਰਦੂਸ਼ਨ ਨਾਲ ਦਿੱਲੀ ਵਾਸੀਆਂ ਦੀ ਉਮਰ 'ਚ ਸਾਢੇ ਛੇ ਸਾਲ ਦੀ ਕਮੀ ਆਈ ਹੈ। ਹਵਾ ਪ੍ਰਦੂਸ਼ਨ ਜਦੋਂ ਕਾਰਬਨ ਮੋਨੋਆਕਸਾਈਡ, ਕਾਰਬਨ ਡਾਈਆਕਸਾਈਡ, ਮੀਥੇਨ, ਹਾਈਡਰੋਕਾਰਬਨ ਜਿਹੀਆਂ ਜ਼ਹਿਰੀਲੀਆਂ ਗੈਸਾਂ ਪੈਦਾ ਕਰਦਾ ਹੈ ਤਾਂ ਦਮੇ, ਦਿਲ ਅਤੇ ਕੈਂਸਰ ਦੇ ਰੋਗੀਆਂ ਨੂੰ ਵੱਧ ਅਸਰ ਕਰਦਾ ਹੈ ਅਤੇ ਇਹਦਾ ਸ਼ਿਕਾਰ ਬਜ਼ੁਰਗ ਅਤੇ ਬੱਚੇ ਜ਼ਿਆਦਾ ਹੁੰਦੇ ਹਨ।

ਸਾਇੰਸਦਾਨਾਂ ਦਾ ਕਹਿਣਾ ਹੈ ਕਿ ਹਵਾ ਪ੍ਰਦੂਸ਼ਣ ਦੁਨੀਆਂ ਦੀ ਵੱਡੀ ਸਿਹਤ ਮਹਾਂਮਾਰੀ ਹੈ। ਦੁਨੀਆਂ ਦੇ ਸਿਰਫ਼ 7 ਦੇਸ਼ਾਂ ਸਾਫ਼-ਸੁਥਰੀ ਹਵਾ ਵਾਲੇ ਹਨ। ਇਹਨਾਂ ਦੇਸ਼ਾਂ ਵਿੱਚ ਨਿਊਜ਼ੀਲੈਂਡ, ਫਿਨਲੈਂਡ ਦੇਸ਼ ਸ਼ਾਮਲ ਹਨ। ਭਾਰਤ ਦੁਨੀਆਂ ਦੇ 134 ਦੇਸ਼ਾਂ ਵਿਚੋਂ ਬੰਗਲਾ ਦੇਸ਼, ਪਾਕਿਸਤਾਨ ਤੋਂ ਬਾਅਦ ਤੀਜੇ ਨੰਬਰ 'ਤੇ ਹਵਾ ਪ੍ਰਦੂਸ਼ਿਤ ਦੇਸ਼ ਹੈ ਅਤੇ ਦੇਸ਼ ਦੀ ਰਾਜਧਾਨੀ ਦਿੱਲੀ ਪ੍ਰਮੁੱਖ 10 ਹਵਾ ਪ੍ਰਦੂਸ਼ਿਤ ਸ਼ਹਿਰਾਂ ਵਿੱਚ ਪਹਿਲੇ ਨੰਬਰ 'ਤੇ ਹੈ।

ਹਵਾ ਪ੍ਰਦੂਸ਼ਨ ਤਦ ਹੁੰਦਾ ਹੈ, ਜਦੋਂ ਹਾਨੀਕਾਰਕ ਗੈਸਾਂ ਅਤੇ ਧੂੜ ਵਾਤਾਵਰਨ 'ਚ ਵਿਖਰਦੀ ਹੈ। ਇਸ ਦੇ ਸਰੋਤਾਂ 'ਚ ਜੰਗਲਾਂ ਦੀ ਅੱਗ, ਜਵਾਲਾਮੁਖੀ ਵਿਸਫੋਟ, ਆਟੋਮੋਬਾਇਲ, ਬਿਜਲੀ ਉਪਕਰਨਾਂ ਦਾ ਜ਼ਿਆਦਾ ਯੋਗਦਾਨ ਹੈ। ਇਹ ਪ੍ਰਦੂਸ਼ਨ ਮਨੁੱਖੀ ਸਰੀਰ ਅਤੇ ਵਾਤਾਵਰਨ ਉੱਤੇ ਵਿਰੋਧੀ ਅਸਰ ਪਹੁੰਚਾਉਂਦਾ ਹੈ। ਇੱਕ ਅੰਤਰਰਾਸ਼ਟਰੀ ਖੋਜ ਅਨੁਸਾਰ ਕੀਤੇ 200 ਅਧਿਐਨਾਂ ਅਨੁਸਾਰ ਵਾਹਨਾਂ ਨਾਲ ਸਭ ਤੋਂ ਵੱਧ ਪ੍ਰਦੂਸ਼ਨ ਹੁੰਦਾ ਹੈ, ਜੋ ਸਿਹਤ ਲਈ ਅਤਿਅੰਤ ਖ਼ਤਰਨਾਕ ਹੈ। ਦੁਨੀਆਂ ਭਰ ਵਿੱਚ ਚਲਦੀਆਂ ਅਰਬਾਂ ਪ੍ਰਦੂਸ਼ਨੀ ਕਾਰਾਂ ਸਿਹਤ ਦੀਆਂ ਵੱਡੀਆਂ ਦੁਸ਼ਮਣ ਹਨ। ਇਸ ਹਵਾ ਪ੍ਰਦੂਸ਼ਨ 'ਚ ਫਸਲਾਂ ਦੀ ਰਹਿੰਦ-ਖੂੰਹਦ, ਪਰਾਲੀ ਆਦਿ ਮੌਸਮੀ ਪੱਧਰ 'ਤੇ ਵੱਡਾ ਅਸਰ ਪਾਉਂਦਾ ਹੈ। ਕਿਉਂਕਿ ਵਾਹਨਾਂ ਆਦਿ ਨੂੰ ਲੋਕਾਂ ਨੇ 'ਪ੍ਰਦੂਸ਼ਨ' ਵਜੋਂ ਮਨੋਂ ਪ੍ਰਵਾਨ ਕੀਤਾ ਹੋਇਆ ਹੈ, ਪਰ ਲਗਦੀਆਂ ਅੱਗਾਂ, ਜੋ ਨਾਲੀ, ਪਰਾਲੀ, ਰਹਿੰਦ-ਖੂੰਹਦ ਕਾਰਨ ਦਿਖਦੀਆਂ ਹਨ, ਉਹ ਵੱਡੀ ਚਰਚਾ ਦਾ ਵਿਸ਼ਾ ਬਣਦੀਆਂ ਹਨ।

ਇਸ ਦਾ ਭਾਵ ਇਹ ਨਹੀਂ ਹੈ ਕਿ ਫਸਲੀ ਰਹਿੰਦ-ਖੂੰਹਦ ਨੂੰ ਅੱਗ ਲਾਉਣਾ ਸਹੀ ਹੈ, ਸਗੋਂ ਇਸ ਦਾ ਪ੍ਰਬੰਧਨ ਅਤਿਅੰਤ ਜ਼ਰੂਰੀ ਹੈ ਤਾਂ ਕਿ ਮਨੁੱਖੀ ਜਾਨ ਨੂੰ ਦਰਪੇਸ਼ ਖ਼ਤਰਿਆਂ 'ਤੇ ਕਾਬੂ ਪਾਇਆ ਜਾਵੇ।

ਸਰਕਾਰ ਨੇ ਪਿਛਲੇ ਵਰਿਆਂ ਤੋਂ ਪਰਾਲੀ ਜਲਾਉਣ ਦੇ ਮਾਮਲੇ ਦੇ ਹੱਲ ਲਈ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਯਤਨ ਕੀਤੇ ਹਨ। ਸਰਕਾਰ ਨੇ ਪਰਾਲੀ ਜਲਾਉਣ ਦੇ ਦੋਸ਼ੀ ਕਿਸਾਨਾਂ ਨੂੰ ਫਸਲ ਤੋਂ ਘੱਟੋ-ਘੱਟ ਕੀਮਤ ਲਾਭ ਨਾ ਦੇਣ ਦਾ ਫੈਸਲਾ ਕੀਤਾ ਹੈ। ਉਂਝ ਵੀ ਪਰਾਲੀ ਜਲਾਉਣ ਦੇ ਕੇਸਾਂ ਨੂੰ ਘੱਟ ਕਰਨ ਲਈ ਸੈਟੇਲਾਈਟ ਨਿਗਰਾਨੀ ਕੀਤੀ ਜਾਂਦੀ ਹੈ। ਇਹ ਵੀ ਤਹਿ ਹੋਇਆ ਕਿ ਸਰਕਾਰ ਪਰਾਲੀ ਨਾ ਜਲਾਉਣ ਵਾਲਿਆਂ ਨੂੰ ਪ੍ਰਤੀ ਏਕੜ ਪੰਜ ਹਜ਼ਾਰ ਰੁਪਏ ਦੀ ਆਰਥਿਕ ਮੱਦਦ ਦੇਵੇਗੀ। ਪਰ ਇਹ ਸਭ ਕੁਝ ਕਾਰਗਰ ਨਹੀਂ ਹੋ ਰਿਹਾ ਹੈ।

ਪਰਾਲੀ ਜਲਾਉਣ ਦਾ ਹੱਲ ਸਿਰਫ਼ ਸਰਕਾਰ ਹੀ ਨਹੀਂ ਕਰ ਸਕਦੀ। ਇਸ ਵਾਸਤੇ ਨਿੱਠ ਕੇ ਸਾਂਝੇ ਯਤਨਾਂ ਦੀ ਲੋੜ ਹੈ। ਕਿਸਾਨਾਂ ਨੂੰ ਵੀ ਜਾਗਰੂਕ ਹੋਣਾ ਪਵੇਗਾ ਕਿ ਪਰਾਲੀ ਜਲਾਉਣਾ ਉਹਨਾਂ ਦੀ ਜ਼ਮੀਨ ਲਈ ਹਾਨੀਕਾਰਕ ਹੈ। ਝੋਨੇ ਦੀਆਂ ਸੁਧਰੀਆਂ ਕਿਸਮਾਂ ਜੋ ਪਰਾਲੀ ਘੱਟ ਪੈਦਾ ਕਰਨ, ਲਗਾਉਣ ਦੀ ਜ਼ਰੂਰਤ ਹੋਏਗੀ। ਧਾਨ ਦੀ ਸਿੱਧੀ ਬਿਜਾਈ ਇਸ ਕੰਮ ਲਈ ਸਹਾਈ ਹੋ ਸਕਦੀ ਹੈ। ਪਰਾਲੀ ਦੇ ਬੰਡਲ ਬਣਾ ਕੇ ਇਹ ਥਰਮਲ ਪਲਾਟਾਂ ਵਿੱਚ ਵਰਤੇ ਜਾ ਸਕਦੇ ਹਨ। ਇਸ ਪਰਾਲੀ ਵਿੱਚ ਗੋਬਰ ਮਿਲਾ ਕੇ ਖਾਦ ਬਣਾਈ ਜਾ ਸਕਦੀ ਹੈ। ਗੋਬਰ ਗੈਸ ਪਲਾਟਾਂ 'ਚ ਇਸ ਦੀ ਵਰਤੋਂ ਸਹਾਇਕ ਸਿੱਧ ਹੋ ਸਕਦੀ ਹੈ।

ਪਰਾਲੀ ਵਰਗੀ ਰਹਿੰਦ-ਖੂੰਹਦ ਜਲਾਉਣ ਸਬੰਧੀ ਸਿਆਸਤ ਕਰਨ ਦੀ ਥਾਂ, ਹਵਾ ਪ੍ਰਦੂਸ਼ਨ ਦੇ ਮੁੱਖ ਮੁੱਦੇ ਨੂੰ ਸਮਝਣਾ ਹੋਵੇਗਾ। ਕਿੰਨਾ ਚੰਗਾ ਹੋਵੇਗਾ ਜੇਕਰ ਵਾਹਣਾਂ ਦੀ ਗਿਣਤੀ ਘੱਟ ਕਰਕੇ ਬਾਈ-ਸਾਈਕਲ ਅਪਨਾਇਆ ਜਾਏ, ਪੈਰੀਂ ਤੁਰਿਆ ਜਾਏ। ਕਰੋਨਾ-ਮਹਾਂਮਾਰੀ ਦੇ ਦਿਨ ਯਾਦ ਕਰਨ ਦੀ ਲੋੜ ਹੈ। (ਬਾਕੀ ਸਫ਼ਾ 31 'ਤੇ)

# ਕੰਮਕਾਜੀ ਥਾਵਾਂ 'ਤੇ ਔਰਤਾਂ ਦਾ ਸ਼ੋਸ਼ਣ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ



ਪ੍ਰੋ. ਕੰਵਲਜੀਤ ਕੌਰ ਗਿੱਲ
ਸਾਬਕਾ ਪ੍ਰੋਫੈਸਰ ਆਫ ਇਕਨਾਮਿਕਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਕਿਸੇ ਦੇਸ਼ ਜਾਂ ਸਮਾਜ ਦੇ ਵਿਕਾਸ ਦੇ ਪੱਧਰ ਦਾ ਅੰਦਾਜ਼ਾ ਲਾਉਣਾ ਹੋਵੇ ਤਾਂ ਮੰਨਿਆ ਜਾਂਦਾ ਹੈ ਕਿ ਉਸ ਸਮਾਜ ਵਿੱਚ ਔਰਤ ਦਾ ਸਥਾਨ ਕੀ ਹੈ। ਮਰਦ ਔਰਤ ਵਿਚਾਲੇ ਨਾ-ਬਰਾਬਰੀ ਦਾ ਘੱਟ ਤੋਂ ਘੱਟ ਹੋਣਾ ਹੀ ਕਿਸੇ ਸਮਾਜ ਦੇ ਵਿਕਸਿਤ ਅਤੇ ਸੱਭਿਅਕ ਹੋਣ ਦੀ ਨਿਸ਼ਾਨੀ ਹੈ। ਅੱਜ ਔਰਤ ਹਰ ਉਸ ਕਿੱਤੇ ਅਤੇ ਖਿੱਤੇ ਵਿੱਚ ਕੰਮ ਕਰ ਰਹੀ ਹੈ, ਜਿਹੜੇ ਕਦੇ ਉਸ ਲਈ ਵਰਜਿਤ ਸਨ। ਡਾਕਟਰ, ਅਧਿਆਪਕ, ਬੈਂਕਾਂ, ਦਫਤਰਾਂ, ਫੌਜ ਤੇ ਹੋਰ ਕੰਪਨੀਆਂ ਆਦਿ ਵਿੱਚ ਕੰਮ ਕਰਨ ਤੋਂ ਬਾਅਦ ਔਰਤ ਸਪੇਸ ਵਿੱਚ ਵੀ ਆਪਣੀ ਹਾਜ਼ਰੀ ਲਗਵਾ ਚੁੱਕੀ ਹੈ। ਪਰ ਇਸ ਸਭ ਦੇ ਬਾਵਜੂਦ ਰੁਜ਼ਗਾਰ ਵਿੱਚ ਔਰਤ ਨਾਲ ਪੈਰ ਪੈਰ 'ਤੇ ਵਿਤਕਰਾ ਹੁੰਦਾ ਹੈ। ਉਹ ਵੱਖਵਾਦ ਦੇ ਨਾਲ ਨਾਲ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹੈ। ਮਾਨਸਿਕ ਅਤੇ ਭਾਵਨਾਤਮਕ ਪਰੇਸ਼ਾਨੀ ਦਾ ਸਾਹਮਣਾ ਕਰਦੀ ਹੈ। ਉਹ ਆਪਣੇ ਕੰਮ ਕਰਨ ਵਾਲੇ ਸਥਾਨ, ਵਿੱਦਿਅਕ ਅਦਾਰੇ, ਹਸਪਤਾਲ, ਸਰਕਾਰੀ / ਗੈਰ ਸਰਕਾਰੀ ਦਫਤਰ, ਜਾਂ ਹੋਰ ਜਿੱਥੇ ਕਿਤੇ ਵੀ ਉਹ ਕੰਮ ਕਰਨ ਜਾਂਦੀ ਹੈ, ਆਪਣੇ ਆਪ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਅਸੁਰੱਖਿਅਤ ਸਮਝਦੀ ਹੈ ਕਿਉਂਕਿ ਉਸਦੇ ਕੰਮ ਕਰਨ ਵਾਲਾ ਮਾਹੌਲ, ਚੌਗਿਰਦਾ ਅਤੇ ਵਾਤਾਵਰਣ ਸੁਖਾਵਾਂ ਨਹੀਂ ਹੈ। ਸਰਕਾਰੀ ਤੌਰ 'ਤੇ ਵੀ ਅਜੇ ਕੋਈ ਅਜਿਹਾ ਮਾਪਦੰਡ ਲਾਗੂ ਕਰਨਾ ਜ਼ਰੂਰੀ ਨਹੀਂ ਸਮਝਿਆ ਗਿਆ ਜਿਸਦੀ ਸਹਾਇਤਾ ਨਾਲ ਅਸੀਂ ਔਰਤ ਕਰਮਚਾਰੀਆਂ ਨੂੰ ਕੰਮ ਦੌਰਾਨ ਮਿਲਦੀਆਂ ਸਹੂਲਤਾਂ ਪ੍ਰਤੀ ਸੰਤੁਸ਼ਟੀ ਦਾ ਪੱਧਰ ਮਾਪ ਸਕੀਏ।



ਰੁਜ਼ਗਾਰ ਦੌਰਾਨ ਔਰਤਾਂ ਪ੍ਰਤੀ ਹੁੰਦੇ ਅਪਰਾਧਾਂ ਦੀ ਗਿਣਤੀ ਦਿਨ ਪ੍ਰਤੀਦਿਨ ਵਧ ਰਹੀ ਹੈ। ਨੈਸ਼ਨਲ ਕ੍ਰਾਈਮ ਬਰਾਂਚ ਬਿਊਰੋ ਦਾ ਅੰਦਾਜ਼ਾ ਹੈ ਕਿ ਭਾਰਤ ਵਿੱਚ ਰੋਜ਼ਾਨਾ 86 ਕੇਸ ਔਰਤਾਂ ਵਿਰੁੱਧ ਅਪਰਾਧ ਜਾਂ ਹਿੰਸਕ ਘਟਨਾਵਾਂ ਦੇ ਹੁੰਦੇ ਹਨ। ਹਾਲ ਹੀ ਵਿੱਚ ਜਾਰੀ ਹੋਈ ਗਲੋਬਲ ਜੈਂਡਰ ਗੈਪ 2024 ਦੀ ਰਿਪੋਰਟ ਅਨੁਸਾਰ ਭਾਰਤ ਦਾ 146 ਦੇਸ਼ਾਂ ਵਿੱਚੋਂ 129ਵਾਂ ਸਥਾਨ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਭਾਰਤ ਦਾ ਵਿਕਾਸ ਕਿੰਨਾ ਕੁ 'ਸਭ ਕੀ ਸ਼ਮੂਲੀਅਤ ਵਾਲਾ' ਵਿਕਾਸ ਹੈ ਕਿਉਂਕਿ ਵਿਕਾਸ ਤੋਂ ਹੋਣ ਵਾਲੇ ਲਾਭਾਂ ਦੀ ਵੰਡ ਮਰਦ ਔਰਤ ਵਿਚਾਲੇ ਬਰਾਬਰ ਨਹੀਂ। ਭਾਰਤ ਵਿੱਚ ਕੇਵਲ 39% ਔਰਤਾਂ ਹੀ ਰੁਜ਼ਗਾਰ ਵਿੱਚ ਹਨ ਜਦੋਂ ਕਿ ਮਰਦਾਂ ਦੀ ਪ੍ਰਤੀਸ਼ਤਤਾ 76 ਹੈ। ਕੰਮ ਕਾਜੀ ਥਾਵਾਂ 'ਤੇ ਔਰਤਾਂ ਨਾਲ ਪੱਖਪਾਤ, ਜ਼ਿਆਦਤੀਆਂ ਅਤੇ ਅਪਰਾਧਿਕ ਘਟਨਾਵਾਂ ਦਾ ਹੋਣਾ ਆਮ ਵਰਤਾਰਾ ਹੈ, ਜਿਹੜਾ ਉਹਨਾਂ ਦੀ ਰੁਜ਼ਗਾਰ ਪ੍ਰਾਪਤੀ ਦੀ ਪ੍ਰਕਿਰਿਆ ਵੇਲੇ ਹੀ ਸ਼ੁਰੂ ਹੋ ਜਾਂਦਾ ਹੈ। ਇੰਟਰਵਿਊ ਦੌਰਾਨ ਭਿੰਨ ਭਿੰਨ ਪ੍ਰਕਾਰ ਦੇ ਅਣ-ਸੁਖਾਵੇਂ ਸਵਾਲ ਪੁੱਛਣੇ, ਪ੍ਰਾਈਵੇਟ ਅਦਾਰਿਆਂ ਅਤੇ ਕੰਪਨੀਆਂ ਆਦਿ ਵਿੱਚ ਮਰਦਾਂ ਦੇ ਬਰਾਬਰ ਕਾਬਲੀਅਤ ਹੋਣ ਦੇ ਬਾਵਜੂਦ ਪੇ-ਸਕੇਲ ਘੱਟ ਦੇਣਾ, ਪ੍ਰਸੂਤੀ ਛੁੱਟੀ ਲੈਣ ਦੇ ਮੁਢਲੇ ਅਧਿਕਾਰ ਦੇਣ ਵੇਲੇ ਵੀ ਆਨਾਕਾਨੀ ਕਰਨਾ, ਉੱਚ ਅਧਿਕਾਰੀਆਂ ਵੱਲੋਂ ਛੁੱਟੀ ਤੋਂ ਬਾਅਦ ਵੀ ਕੰਮ ਕਰਦੇ ਰਹਿਣ ਲਈ ਹੁਕਮ ਕਰਦੇ ਰਹਿਣਾ ਆਮ ਜਿਹੀ ਗੱਲ ਹੈ। ਔਰਤਾਂ ਲਈ ਵੱਖਰੇ ਅਤੇ ਸਾਫ ਸੁਥਰੇ ਬਾਥਰੂਮ, ਦੁਪਹਿਰ ਦੀ ਬਰੇਕ ਦੌਰਾਨ ਥੋੜ੍ਹਾ ਬਹੁਤ ਆਰਾਮ ਕਰਨ ਵਾਸਤੇ ਵੱਖਰਾ ਕਮਰਾ, ਨੌਜਵਾਨ ਤੇ ਛੋਟੇ ਬੱਚਿਆਂ ਦੀਆਂ ਮਾਵਾਂ ਲਈ ਕਰੈੱਚ ਆਦਿ ਕੁਝ ਸਹੂਲਤਾਂ ਹੋਣੀਆਂ ਲਾਜ਼ਮੀ ਹਨ। ਪਰ ਇਸ ਤੋਂ ਵੀ ਵਧੇਰੇ ਜ਼ਰੂਰੀ ਹੈ ਸੁਖਾਵਾਂ ਤੇ ਸੁਰੱਖਿਅਤ ਮਾਹੌਲ ਦਾ ਹੋਣਾ। ਭਾਵੇਂ ਸਰਕਾਰੀ ਅਦਾਰਿਆਂ ਵਿੱਚ ਕੰਮ ਦੌਰਾਨ ਇਹੋ ਜਿਹਾ ਵਰਤਾਰਾ ਜਾਂ ਵਿਤਕਰਾ ਜ਼ਾਹਰ ਤੌਰ 'ਤੇ ਨਜ਼ਰ ਨਹੀਂ ਆਉਂਦਾ ਪਰ ਕੁਝ ਸੰਸਥਾਵਾਂ ਵਿੱਚ ਦੇਰ ਰਾਤ ਤਕ ਡਿਊਟੀ ਨਿਭਾਉਂਦੇ ਹੋਏ ਔਰਤਾਂ ਨੂੰ ਜਿਣਸੀ ਸ਼ੋਸ਼ਣ ਦਾ ਸ਼ਿਕਾਰ ਵੀ ਬਣਾਇਆ ਜਾਂਦਾ ਹੈ। ਹਾਲ ਹੀ ਵਿੱਚ ਕਲਕੱਤਾ ਦੇ ਆਰ ਜੀ ਕਾਰ ਮੈਡੀਕਲ ਕਾਲਜ ਵਿੱਚ ਇੱਕ ਟ੍ਰੇਨਿੰਗ ਅਧੀਨ ਡਾਕਟਰ ਨਾਲ ਸਮੂਹਿਕ ਬਲਾਤਕਾਰ ਦੀ ਵਾਪਰੀ ਘਿਨਾਉਣੀ ਤੇ ਸ਼ਰਮਨਾਕ ਵਾਰਦਾਤ ਨੇ ਇੱਕ ਵਾਰ ਫਿਰ ਮਨੁੱਖਤਾ ਨੂੰ ਹਲੂਣ ਕੇ ਰੱਖ ਦਿੱਤਾ ਹੈ ਤੇ ਸੋਚਣ ਲਈ ਮਜਬੂਰ ਕੀਤਾ ਹੈ ਕਿ ਕੰਮ ਕਾਜੀ ਥਾਵਾਂ ਵਿੱਚ ਸਾਡੀਆਂ ਧੀਆਂ ਭੈਣਾਂ ਕਿੰਨੀਆਂ ਕੁ ਸੁਰੱਖਿਅਤ ਹਨ ? ਇਹੋ ਜਿਹੀਆਂ ਘਟਨਾਵਾਂ ਦੀਆਂ ਖਬਰਾਂ ਨਿੱਤ ਅਖਬਾਰਾਂ ਦੀਆਂ ਸੁਰਖੀਆਂ ਬਣ ਰਹੀਆਂ ਹਨ। ਲੋਕ ਰੋਹ ਪ੍ਰਦਰਸ਼ਨ ਕਰਦੇ ਹਨ। ਸੁੱਤੀ ਹਕੂਮਤ ਨੂੰ ਜਗਾਉਣ ਲਈ ਜਲਸੇ ਮੁਜ਼ਾਹਰੇ ਹੁੰਦੇ ਹਨ, ਮੋਮਬੱਤੀ ਮਾਰਚ ਆਯੋਜਿਤ ਕੀਤੇ ਜਾਂਦੇ ਹਨ ਅਤੇ ਇਨਸਾਫ ਦੀ ਮੰਗ ਬਾਰ ਬਾਰ ਦੁਹਰਾਈ ਜਾਂਦੀ ਹੈ। ਪਰ ਕੰਮ ਕਾਜੀ ਥਾਵਾਂ ਉੱਪਰ ਹੋ ਰਹੇ ਜਿਨਸੀ ਸ਼ੋਸ਼ਣ ਦੀਆਂ ਸ਼ਿਕਾਰ ਧੀਆਂ ਭੈਣਾਂ ਨੂੰ ਕਦੇ ਇਨਸਾਫ ਮਿਲਿਆ ਹੈ ? ਕਮੇਟੀਆਂ ਬਣਦੀਆਂ ਹਨ, ਜਾਂਚ ਪੜਤਾਲ ਹੁੰਦੀ ਹੈ ਤੇ ਕੁਝ ਅਰਸੇ ਬਾਅਦ ਦੋਸ਼ੀ ਨੂੰ ਜੁਰਮਾਨਾ ਜਾਂ ਕੈਦ ਦੀ ਸਜ਼ਾ ਸੁਣਾ ਦਿੱਤੀ ਜਾਂਦੀ ਹੈ। ਬੱਸ ! ਪਰ ਇਸ ਸਾਰੇ ਸਮੇਂ ਦੌਰਾਨ ਪੀੜਤ ਅਤੇ ਉਸਦੇ ਪਰਿਵਾਰਕ ਮੈਂਬਰਾਂ ਉੱਪਰ ਕੀ ਵਾਪਰਦਾ ਹੈ, ਸਮਾਜ ਵਿੱਚ ਰਹਿੰਦੇ ਹੋਏ ਉਹ ਕਿਸ ਨਮੋਸ਼ੀ ਦਾ ਸਾਹਮਣਾ ਕਰਦੇ ਹਨ ਤੇ (ਬਾਕੀ ਸਫ਼ਾ 30 'ਤੇ)

# ਇਜ਼ਰਾਇਲ ਅਤੇ ਈਰਾਨ ਵਿਚਾਲੇ ਤਣਾਓ 'ਚ ਅਮਰੀਕਾ ਦੀ ਭੂਮਿਕਾ

## ਈਰਾਨ ਨੂੰ ਰੂਸ ਦਾ ਮਿਲਿਆ ਸਮਰਥਨ, ਇਜ਼ਰਾਇਲ ਨੂੰ ਦਿੱਤੀ ਧਮਕੀ

## ਫ਼ਲਸਤੀਨੀ ਖੇਤਰ ਤਬਾਹ ਹੋਇਆ ਅਤੇ 42 ਹਜ਼ਾਰ ਤੋਂ ਵੱਧ ਲੋਕ ਮਾਰੇ ਗਏ

## ਇਜ਼ਰਾਇਲ ਦਾ ਈਰਾਨ ਉੱਪਰ ਸਾਈਬਰ ਹਮਲਾ, ਪ੍ਰਮਾਣੂ ਪਲਾਟਾਂ ਨੂੰ ਬਣਾਇਆ ਨਿਸ਼ਾਨਾ

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916



ਅਮਰੀਕੀ ਰਾਸ਼ਟਰਪਤੀ ਜੋ ਬਾਈਡੇਨ ਨੇ ਇਸ ਸਾਲ ਫ਼ਰਵਰੀ ਵਿੱਚ ਐਲਾਨ ਕੀਤਾ ਸੀ ਕਿ ਗਾਜ਼ਾ ਵਿੱਚ ਜੰਗ ਦਾ ਅੰਤ ਇੰਨਾ ਨੇੜੇ ਹੈ ਕਿ ਕੁਝ ਦਿਨਾਂ ਵਿੱਚ 'ਸ਼ਾਂਤੀ' ਸਥਾਪਤ ਹੋ ਸਕਦੀ ਹੈ। ਪਰ ਉਸ ਦੇ ਬਿਆਨ ਤੋਂ ਸੱਤ ਮਹੀਨਿਆਂ ਤੋਂ ਵੱਧ ਸਮੇਂ ਬਾਅਦ, ਇਜ਼ਰਾਇਲ ਦੀ ਬੰਬਾਰੀ ਨਾ ਸਿਰਫ਼ ਗਾਜ਼ਾ ਪੱਟੀ ਵਿੱਚ ਜਾਰੀ ਹੈ, ਸਗੋਂ ਹੁਣ ਲੇਬਨਾਨ, ਸੀਰੀਆ ਅਤੇ ਯਮਨ ਤੱਕ ਫ਼ੈਲ ਗਈ ਹੈ ਅਤੇ ਇਹ ਡਰ ਹੈ ਕਿ ਜੇਕਰ ਈਰਾਨ ਅਤੇ ਇਜ਼ਰਾਇਲ ਵਿਚਕਾਰ ਜੰਗ ਹੋ ਜਾਂਦੀ ਹੈ ਤਾਂ ਪੂਰਾ ਮੱਧ ਪੂਰਬ ਖ਼ਤਰੇ ਵਿੱਚ ਹੋ ਸਕਦਾ ਹੈ ਅਤੇ ਵੱਡੀ ਤਬਾਹੀ ਦਾ ਕਾਰਨ ਬਣ ਸਕਦਾ ਹੈ।

ਬਾਈਡੇਨ ਪ੍ਰਸ਼ਾਸਨ ਨੇ ਯੁੱਧ ਨੂੰ ਜਾਰੀ ਰੱਖਣ ਲਈ ਇਜ਼ਰਾਈਲ ਨੂੰ ਲਗਾਤਾਰ ਸਿਆਸੀ ਸਮਰਥਨ ਅਤੇ ਬੰਬਾਂ ਦੀ ਸਪਲਾਈ ਕੀਤੀ ਹੈ, ਹਾਲਾਂਕਿ ਜ਼ੁਬਾਨੀ ਤੌਰ 'ਤੇ, ਰਾਸ਼ਟਰਪਤੀ ਬਾਈਡੇਨ ਅਤੇ ਉਨ੍ਹਾਂ ਦੇ ਅਧਿਕਾਰੀਆਂ ਨੇ ਵਾਰ-ਵਾਰ ਤਣਾਅ ਨੂੰ ਖਤਮ ਕਰਨ ਲਈ ਕਿਹਾ ਹੈ, ਜਿਸਦਾ ਇਜ਼ਰਾਈਲ 'ਤੇ ਕੋਈ ਅਸਰ ਨਹੀਂ ਹੋਇਆ ਹੈ।



ਵਾਸ਼ਿੰਗਟਨ ਨੇ ਇਸ ਸਾਲ ਇਜ਼ਰਾਈਲ ਵਲੋਂ ਚੁੱਕੇ ਗਏ ਲਗਭਗ ਹਰ ਕਦਮ ਦਾ ਸਵਾਗਤ ਕੀਤਾ ਹੈ, ਜਿਸ ਵਿੱਚ ਬੇਰੂਤ ਅਤੇ ਤਹਿਰਾਨ ਵਿੱਚ ਹਮਾਸ ਦੇ ਨੇਤਾਵਾਂ ਦੀ ਹੱਤਿਆ, ਹਿਜ਼ਬੁੱਲਾ ਦੇ ਮੁਖੀ ਹਸਨ ਨਸਰੱਲਾਹ ਦੀ ਹੱਤਿਆ ਅਤੇ ਦੱਖਣੀ ਲੇਬਨਾਨ ਉੱਪਰ ਹਮਲਾ ਸ਼ਾਮਲ ਹੈ। ਗਾਜ਼ਾ ਵਿੱਚ ਜੰਗ ਸ਼ੁਰੂ ਹੋਣ ਦੇ ਇੱਕ ਸਾਲ ਤੋਂ ਜ਼ਿਆਦਾ ਸਮਾਂ ਬੀਤਣ ਬਾਅਦ ਹੁਣ ਫ਼ਲਸਤੀਨੀ ਖੇਤਰ ਤਬਾਹ ਹੋ ਚੁੱਕਿਆ ਹੈ ਅਤੇ 42 ਹਜ਼ਾਰ ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ, ਜਦੋਂ ਕਿ ਹੁਣ ਲੇਬਨਾਨ ਦੀ ਰਾਜਧਾਨੀ ਬੇਰੂਤ ਉੱਤੇ ਇਜ਼ਰਾਇਲ ਬੰਬਾਂ ਦੀ ਵਰਖਾ ਕਰ ਰਿਹਾ ਹੈ ਅਤੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਹਿਜ਼ਬੁੱਲਾ ਨੂੰ ਤਬਾਹ ਕਰਨ ਦਾ ਅਲਟੀਮੇਟਮ ਦਿਤਾ ਹੈ। ਪਰ, ਇੱਕ ਗੱਲ ਜੋ ਲਗਾਤਾਰ ਦੇਖੀ ਗਈ ਹੈ ਕਿ ਜਿਵੇਂ-ਜਿਵੇਂ ਮੱਧ ਪੂਰਬ ਵਿੱਚ ਸੰਘਰਸ਼ ਵਧਦਾ ਜਾ ਰਿਹਾ ਹੈ, ਬਾਈਡੇਨ ਪ੍ਰਸ਼ਾਸਨ ਦੀ ਕਹਿਣੀ ਅਤੇ ਕਰਨੀ ਵਿੱਚ ਪਾੜਾ ਵਧਦਾ ਜਾ ਰਿਹਾ ਹੈ।

ਇਸ ਲਈ ਇਹ ਸਵਾਲ ਉਠਾਉਣਾ ਸਭ ਤੋਂ ਜ਼ਰੂਰੀ ਹੋ ਗਿਆ ਹੈ ਕਿ ਕੀ ਬਾਇਡੇਨ ਪ੍ਰਸ਼ਾਸਨ ਇਜ਼ਰਾਇਲ ਨੂੰ ਕਾਬੂ ਕਰਨ ਵਿੱਚ ਨਾਕਾਮ ਰਿਹਾ ਹੈ, ਕੀ ਬਾਇਡੇਨ ਪ੍ਰਸ਼ਾਸਨ ਸੱਚਮੁੱਚ ਮੱਧ ਪੂਰਬ ਦੀ ਜੰਗ ਨੂੰ ਬੁਝਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਜਾਂ ਕੀ ਇਹ ਅਮਰੀਕਾ ਖੁਦ ਲਗਾਤਾਰ ਇਸ ਜੰਗ ਦੀ ਅੱਗ ਵਿੱਚ ਤੇਲ ਪਾ ਰਿਹਾ ਹੈ?

ਕਈ ਮਾਹਿਰ ਇਹ ਸਵਾਲ ਵੀ ਉਠਾ ਰਹੇ ਹਨ ਕਿ ਕੀ ਅਮਰੀਕਾ ਈਰਾਨ, ਹਮਾਸ ਅਤੇ ਹਿਜ਼ਬੁੱਲਾ ਖ਼ਿਲਾਫ਼ ਇੱਕ ਹਮਲਾਵਰ ਏਜੰਡੇ ਨੂੰ ਅੱਗੇ ਵਧਾਉਣ ਦੇ ਲਈ ਇਸ ਜੰਗ ਦਾ ਫ਼ਾਇਦਾ ਉਠਾ ਰਿਹਾ ਹੈ?

ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਅਮਰੀਕਾ ਇਜ਼ਰਾਇਲ ਨੂੰ ਲਗਾਤਾਰ ਹਥਿਆਰਾਂ ਦੀ ਸਪਲਾਈ ਦੇ ਨਾਲ-ਨਾਲ ਕੂਟਨੀਤਕ ਸਮਰਥਨ ਵੀ ਦੇ ਰਿਹਾ ਹੈ ਅਤੇ ਬਾਈਡੇਨ ਪ੍ਰਸ਼ਾਸਨ ਮੱਧ ਪੂਰਬ ਵਿੱਚ ਲਗਾਤਾਰ ਤਣਾਅ ਨੂੰ ਭੜਕਾ ਰਿਹਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਬਾਇਡੇਨ ਪ੍ਰਸ਼ਾਸਨ ਦੇ ਇਰਾਦਿਆਂ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ, ਪਰ ਸਬੂਤ ਦਰਸਾਉਂਦੇ ਹਨ ਕਿ ਬਾਇਡੇਨ ਪ੍ਰਸ਼ਾਸਨ ਇਜ਼ਰਾਈਲ ਨਾਲ ਤਾਲਮੇਲ ਬਣਾ ਰਿਹਾ ਹੈ।

ਗਾਜ਼ਾ ਵਿੱਚ ਜੰਗਬੰਦੀ ਖਤਮ ਕਰਨ ਲਈ ਮਹੀਨਿਆਂ ਦੇ ਜਨਤਕ ਯਤਨਾਂ ਤੋਂ ਬਾਅਦ, ਅਮਰੀਕਾ ਨੇ ਲੇਬਨਾਨ ਵਿੱਚ ਇਜ਼ਰਾਇਲੀ ਹਮਲੇ ਦਾ ਸਮਰਥਨ ਕਰਕੇ ਦਰਸਾ ਦਿੱਤਾ ਕਿ ਉਹ ਇਜ਼ਰਾਇਲ ਦੀਆਂ ਭੜਕਾਊ ਤੇ ਜੰਗਜੂ ਨੀਤੀਆਂ ਨਾਲ ਸਹਿਮਤ ਹੈ। ਅਮਰੀਕੀ ਰੱਖਿਆ ਸਕੱਤਰ ਲੋਇਡ ਆਸਟਿਨ ਨੇ ਪਿਛਲੇ ਹਫ਼ਤੇ ਦੱਖਣੀ ਲੇਬਨਾਨ ਵਿੱਚ ਇਜ਼ਰਾਇਲ ਦੀ ਜ਼ਮੀਨੀ ਜੰਗਜੂ ਮੁਹਿੰਮ ਦਾ ਸਮਰਥਨ ਕੀਤਾ ਸੀ, ਜਿਸ ਤੋਂ ਬਾਅਦ ਇਹ ਡਰ ਹੈ ਕਿ ਇਜ਼ਰਾਇਲ ਹੁਣ ਪੂਰੇ ਲੇਬਨਾਨ ਵਿੱਚ ਜ਼ਮੀਨੀ ਫ਼ੌਜੀ ਮੁਹਿੰਮ ਚਲਾ ਸਕਦਾ ਹੈ।



ਔਸਟਿਨ ਨੇ ਹੁਣੇ ਜਿਹੇ ਆਪਣੇ ਇਜ਼ਰਾਇਲੀ ਹਮਰੁਤਬਾ ਯੋਵ ਗੈਲੈਂਟ ਨਾਲ ਗੱਲਬਾਤ ਤੋਂ ਬਾਅਦ ਕਿਹਾ ਸੀ ਕਿ ਸੰਯੁਕਤ ਰਾਜ ਅਮਰੀਕਾ ਇਜ਼ਰਾਇਲ ਦੇ ਸਵੈ-ਰੱਖਿਆ ਦੇ ਅਧਿਕਾਰ ਦਾ ਸਮਰਥਨ ਕਰਦਾ ਹੈ ਤਾਂ ਜੋ ਜਿਹਾਦੀ ਹਿੰਸਕ ਤੱਤ ਇਜ਼ਰਾਇਲ ਨੂੰ ਨੁਕਸਾਨ ਨਾ ਪਹੁੰਚਾ ਸਕਣ। ਉਨ੍ਹਾਂ ਨੇ ਦੱਖਣੀ ਇਜ਼ਰਾਇਲ 'ਤੇ ਫ਼ਲਸਤੀਨੀ ਖਾੜਕੂ ਸੰਗਠਨ ਹਮਾਸ ਦੇ ਹਮਲੇ ਦਾ ਜ਼ਿਕਰ ਕੀਤਾ, ਜਿਸ ਵਿੱਚ 1200 ਲੋਕਾਂ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ ਸੀ ਅਤੇ ਇਸ ਤੋਂ ਬਾਅਦ ਇਜ਼ਰਾਇਲ ਨੇ ਗਾਜ਼ਾ ਵਿੱਚ ਕਾਰਵਾਈ ਸ਼ੁਰੂ ਕੀਤੀ ਅਤੇ ਉਸੇ ਦਿਨ ਤੋਂ ਹਿਜ਼ਬੁੱਲਾ ਨੇ ਵੀ ਇਜ਼ਰਾਈਲ 'ਤੇ ਹਮਲੇ ਸ਼ੁਰੂ ਕਰ ਦਿੱਤੇ। ਇਸ ਸੰਘਰਸ਼ ਨੇ ਹਜ਼ਾਰਾਂ ਲੋਕਾਂ ਨੂੰ ਆਪਣੇ ਘਰ ਛੱਡਣ ਲਈ ਮਜ਼ਬੂਰ ਕੀਤਾ ਹੈ ਅਤੇ ਲੇਬਨਾਨ ਅਤੇ ਇਜ਼ਰਾਇਲ ਦੋਵਾਂ ਦੇ ਸਰਹੱਦੀ ਖੇਤਰਾਂ ਵਿੱਚ ਇੱਕ ਮਿਲੀਅਨ ਤੋਂ ਵੱਧ ਇਜ਼ਰਾਇਲੀ ਅਤੇ ਲੇਬਨਾਨੀ ਨਾਗਰਿਕਾਂ ਨੂੰ ਬੇਘਰ ਕਰ ਦਿੱਤਾ ਹੈ।

ਲੇਬਨਾਨ ਵਿੱਚ ਇਜ਼ਰਾਇਲੀ ਹਮਲੇ ਸ਼ੁਰੂ ਹੋਣ ਤੋਂ ਪਹਿਲਾਂ, ਵ੍ਹਾਈਟ ਹਾਊਸ ਮਹੀਨਿਆਂ ਤੋਂ ਕਹਿ ਰਿਹਾ ਸੀ ਕਿ ਉਹ ਲੇਬਨਾਨ-ਇਜ਼ਰਾਇਲ ਸਰਹੱਦ 'ਤੇ ਸੰਕਟ ਦਾ ਕੂਟਨੀਤਕ ਹੱਲ ਲੱਭਣ ਲਈ ਕੰਮ ਕਰ ਰਿਹਾ ਹੈ। ਅਮਰੀਕੀ ਰਾਜਦੂਤ ਅਮੋਸ ਹੋਚਸਟੀਨ ਨੇ ਵਾਰ-ਵਾਰ ਖੇਤਰ ਦਾ ਦੌਰਾ ਕੀਤਾ ਅਤੇ ਵਧਦੇ ਤਣਾਅ ਦੇ ਵਿਰੁੱਧ ਚਿਤਾਵਨੀ ਦਿੱਤੀ, ਪਰ ਕੋਈ ਫ਼ਾਇਦਾ ਨਹੀਂ ਹੋਇਆ।

ਲੇਬਨਾਨ ਅਤੇ ਇਜ਼ਰਾਇਲ ਵਿੱਚ ਵਿਗੜਦੀ ਸਥਿਤੀ ਦੇ ਵਿਚਕਾਰ, ਬਾਇਡੇਨ ਪ੍ਰਸ਼ਾਸਨ ਨੇ ਅਰਬ ਅਤੇ ਯੂਰਪੀਅਨ ਦੇਸ਼ਾਂ ਨੂੰ ਇੱਕਜੁੱਟ ਕੀਤਾ ਅਤੇ ਲੜਾਈ ਨੂੰ ਰੋਕਣ ਲਈ 25 ਸਤੰਬਰ ਨੂੰ ਤੁਰੰਤ 21 ਦਿਨਾਂ ਦੀ ਜੰਗਬੰਦੀ ਦਾ ਪ੍ਰਸਤਾਵ ਦਿੱਤਾ ਸੀ।

ਫ਼ਿਰ ਵੀ ਦੋ ਦਿਨ ਬਾਅਦ, ਜਦੋਂ ਇਜ਼ਰਾਇਲ ਨੇ ਬੇਰੂਤ ਵਿੱਚ ਕਈ ਰਿਹਾਇਸ਼ੀ ਇਮਾਰਤਾਂ 'ਤੇ ਇੱਕ ਵੱਡੇ ਬੰਬ ਹਮਲੇ ਵਿੱਚ ਨਸਰੁੱਲਾ ਨੂੰ ਮਾਰਿਆ, ਜਿਸ ਨਾਲ ਜੰਗਬੰਦੀ ਦੀ ਕਿਸੇ ਵੀ ਸੰਭਾਵਨਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਖਤਮ ਕੀਤਾ ਗਿਆ। ਵ੍ਹਾਈਟ ਹਾਊਸ ਵੱਲੋਂ ਇਸ ਹਮਲੇ ਦੀ ਨਿਆਂ ਦੇ ਉਪਾਅ ਵਜੋਂ ਸ਼ਲਾਘਾ ਕੀਤੀ ਗਈ ਸੀ। ਨਸਰੱਲਾ ਦੀ ਹੱਤਿਆ ਦਾ ਹੁਕਮ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਅਮਰੀਕੀ ਧਰਤੀ ਤੋਂ ਉਸ ਸਮੇਂ ਦਿੱਤਾ ਸੀ ਜਦੋਂ ਉਹ ਨਿਊਯਾਰਕ ਵਿੱਚ ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਹਿੱਸਾ ਲੈ ਰਹੇ ਸਨ।

ਅਮਰੀਕਾ ਗਾਜ਼ਾ ਅਤੇ ਬਾਕੀ ਖੇਤਰ ਵਿੱਚ ਇਜ਼ਰਾਇਲ ਦੀਆਂ ਕਾਰਵਾਈਆਂ ਦਾ ਸਿੱਧਾ ਭਾਈਵਾਲ ਅਤੇ ਸਮਰਥਕ ਰਿਹਾ ਹੈ, ਪਰ ਬਾਇਡੇਨ ਪ੍ਰਸ਼ਾਸਨ ਨੇ ਘਰੇਲੂ ਆਲੋਚਨਾ ਤੋਂ ਆਪਣੇ ਆਪ ਨੂੰ ਬਚਾਉਣ ਲਈ ਜੰਗਬੰਦੀ ਦੀ ਗੱਲਬਾਤ ਨੂੰ ਘਰੇਲੂ ਰਾਜਨੀਤੀ ਦੀ ਚਾਲ ਵਜੋਂ ਵਰਤਿਆ। ਮਾਹਿਰਾਂ ਦਾ ਕਹਿਣਾ ਹੈ ਕਿ ਅਸਲ ਵਿੱਚ ਅਮਰੀਕਾ ਜੰਗ ਖਤਮ ਨਹੀਂ ਕਰਨਾ ਚਾਹੁੰਦਾ। ਉਹ ਇਜ਼ਰਾਇਲ ਰਾਹੀਂ ਇਸਲਾਮੀ ਖਾੜਕੂਵਾਦ ਨੂੰ ਦਬਾਅ ਕੇ ਤੇਲ ਭੰਡਾਰਾਂ ਉੱਪਰ ਕਬਜ਼ਾ ਕਰਨਾ ਚਾਹੁੰਦਾ ਹੈ। ਅਸਲੀਅਤ ਇਹ ਹੈ ਕਿ ਗਾਜ਼ਾ ਵਿੱਚ ਹਜ਼ਾਰਾਂ ਨਾਗਰਿਕ ਮਾਰੇ ਗਏ ਹਨ, ਜਿਨ੍ਹਾਂ ਲਈ ਜਵਾਬਦੇਹ ਲੈਣ ਵਾਲਾ ਕੋਈ ਨਹੀਂ ਹੈ।

ਰੂਸ ਈਰਾਨ ਦੇ ਹੱਕ ਵਿੱਚ

ਇਜ਼ਰਾਇਲ ਤੇ ਈਰਾਨ ਵਿਚਕਾਰ ਤਣਾਅ ਸਿਖਰ 'ਤੇ ਹੈ। ਇਸ ਦੌਰਾਨ ਰੂਸ ਇਜ਼ਰਾਇਲ ਅਤੇ ਈਰਾਨ ਦੇ ਨਾਲ ਖੁੱਲ੍ਹ ਕੇ ਸਾਹਮਣੇ ਆ ਗਿਆ ਹੈ। ਰੂਸ ਨੇ ਇਜ਼ਰਾਇਲ ਨੂੰ ਭੜਕਾਉਣ ਲਈ ਪੱਛਮੀ ਦੇਸ਼ਾਂ ਤੇ ਖਾਸ ਕਰਕੇ ਅਮਰੀਕਾ ਦੀ ਆਲੋਚਨਾ ਕੀਤੀ। ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਕਿਹਾ ਕਿ ਈਰਾਨ ਉੱਪਰ ਇਜ਼ਰਾਇਲੀ ਹਮਲੇ ਨਾਲ ਖੇਤਰ ਵਿੱਚ ਤਣਾਅ ਵਧਣ ਦੀ ਸੰਭਾਵਨਾ ਹੈ ਤੇ ਜੇਕਰ ਈਰਾਨ ਦੇ ਨਾਗਰਿਕ ਪਰਮਾਣੂ ਟਿਕਾਣਿਆਂ 'ਤੇ ਹਮਲਾ ਕਰਨ ਦੀ ਕੋਈ ਧਮਕੀ ਦਿੱਤੀ ਗਈ ਤਾਂ ਇਸ ਨੂੰ ਅੰਤਰਰਾਸ਼ਟਰੀ ਭਾਈਚਾਰਾ ਗੰਭੀਰ ਉਕਸਾਉਣ ਦੇ ਤੌਰ 'ਤੇ ਦੇਖੇਗਾ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਖੁੱਲ੍ਹ ਕੇ ਈਰਾਨ ਦਾ ਸਮਰਥਨ ਕੀਤਾ ਤੇ ਇਜ਼ਰਾਇਲ ਨੂੰ ਚਿਤਾਵਨੀ ਦਿੰਦੇ ਹੋਏ ਪੁਤਿਨ ਨੇ ਤਾੜਨਾ ਕੀਤੀ ਕਿ ਜੇ ਈਰਾਨ 'ਤੇ ਹਮਲਾ ਕੀਤਾ ਤਾਂ ਭਿਅੰਕਰ ਸਿਟੇ ਨਿਕਲਣਗੇ।

ਹੁਣੇ ਜਿਹੇ ਇਜ਼ਰਾਇਲ ਨਾਲ ਤਣਾਅ ਦਰਮਿਆਨ ਈਰਾਨ 'ਤੇ ਬੀਤੇ ਸ਼ਨੀਵਾਰ ਨੂੰ ਵੱਡਾ ਸਾਈਬਰ ਹਮਲਾ ਕੀਤਾ ਹੈ। ਈਰਾਨ ਇੰਟਰਨੈਸ਼ਨਲ ਦੀ ਰਿਪੋਰਟ ਮੁਤਾਬਕ ਦੇਸ਼ ਦੀ ਸੁਪਰੀਮ ਕੌਂਸਲ ਆਫ਼ ਸਾਈਬਰਸਪੇਸ ਦੇ ਸਾਬਕਾ ਸਕੱਤਰ ਫ਼ਿਰੋਜ਼ਾਬਾਦੀ ਨੇ ਇਨ੍ਹਾਂ ਹਮਲਿਆਂ ਦੀ ਪੁਸ਼ਟੀ ਕਰਦਿਆਂ ਕਿਹਾ ਸੀ ਕਿ ਈਰਾਨ ਦੀ ਸਰਕਾਰ ਦੀਆਂ ਲਗਭਗ ਤਿੰਨੋਂ ਸ਼ਾਖਾਵਾਂ - ਨਿਆਂਪਾਲਿਕਾ, ਵਿਧਾਨ ਸਭਾ ਅਤੇ ਕਾਰਜਕਾਰੀ ਸ਼ਾਖਾ - ਵੱਡੇ ਸਾਈਬਰ ਹਮਲੇ ਦੀ ਮਾਰ ਹੇਠ ਹਨ। ਉਨ੍ਹਾਂ ਦੀ ਜਾਣਕਾਰੀ ਚੁਰਾ ਲਈ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਸਾਡੇ ਪਰਮਾਣੂ ਪਲਾਂਟਾਂ ਨੂੰ ਵੀ ਸਾਈਬਰ ਹਮਲਿਆਂ ਦਾ ਨਿਸ਼ਾਨਾ ਬਣਾਇਆ ਗਿਆ ਹੈ। ਨਾਲ ਹੀ, ਈਂਧਨ ਵੰਡ, ਸਿਟੀ ਨੈਟਵਰਕ, ਆਵਾਜਾਈ ਨੈਟਵਰਕ, ਪੋਰਟ ਨੈਟਵਰਕ ਅਤੇ ਹੋਰ ਸਮਾਨ ਨੈਟਵਰਕ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਦੂਜੇ ਪਾਸੇ ਈਰਾਨ ਨੇ ਧਮਕੀ ਦਿੱਤੀ ਹੈ ਕਿ ਇਸ ਵਾਰ ਉਹ ਹੋਰ ਤਾਕਤ ਨਾਲ ਜਵਾਬ ਦੇਣਗੇ।

ਅਹਿਮ ਸਵਾਲ ਇਹ ਹੈ ਕਿ ਕੀ ਇਜ਼ਰਾਇਲ ਵਾਕਈ ਈਰਾਨ ਨੂੰ ਨਿਸ਼ਾਨਾ ਬਣਾਉਣ ਅਤੇ ਉਸ ਨੂੰ ਵਿਆਪਕ ਯੁੱਧ ਵਿੱਚ ਘਸੀਟਣ ਦਾ ਇਰਾਦਾ ਰੱਖਦਾ ਹੈ ਜਾਂ ਸ਼ਾਇਦ ਸਥਿਤੀ ਦਾ ਫ਼ਾਇਦਾ ਚੁੱਕ ਕੇ ਈਰਾਨ ਦੇ ਪਰਮਾਣੂ ਟਿਕਾਣਿਆਂ ਉੱਤੇ ਹਮਲਾ ਕਰਨਾ ਚਾਹੁੰਦਾ ਹੈ। ਇਹ ਸੱਚ ਹੈ ਕਿ ਈਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਤਬਾਹ ਕਰਨਾ ਇਜ਼ਰਾਇਲ ਦਾ ਚਿਰੋਕਣਾ ਮਕਸਦ ਰਿਹਾ ਹੈ। ਸੰਭਾਵਨਾ ਇਹ ਹੈ ਕਿ ਇਜ਼ਰਾਇਲ ਈਰਾਨ ਦੇ ਖ਼ਿਲਾਫ਼ ਵੱਡੇ ਕਦਮ ਚੁੱਕ ਸਕਦਾ ਹੈ, ਜਿਨ੍ਹਾਂ ਨੂੰ ਰੋਕਣਾ ਸੰਭਵ ਨਹੀਂ ਹੋਵੇਗਾ। ਬੇਸ਼ੱਕ ਇਸ ਨਾਲ ਇੱਕ ਖੇਤਰੀ ਯੁੱਧ ਛਿੜ ਸਕਦਾ ਹੈ ਅਤੇ ਜੇ ਈਰਾਨ ਨੂੰ ਖ਼ਾਸ ਤੌਰ ਉੱਤੇ ਨਿਸ਼ਾਨਾ ਬਣਾਇਆ ਜਾਂਦਾ ਹੈ ਤਾਂ ਇਸ ਵਿੱਚ ਰੂਸ ਤੇ ਚੀਨ ਵੀ ਸ਼ਾਮਲ ਹੋ ਸਕਦੇ ਹਨ। ਇਸ ਨਾਲ ਸੰਭਾਵਿਤ ਰੂਪ ਨਾਲ ਆਲਮੀ ਸੰਘਰਸ਼ ਦਾ ਖ਼ਤਰਾ ਹੋ ਸਕਦਾ ਹੈ।



# ਧਰਤੀ ਹੇਠਲੇ ਪਾਣੀ ਵਿੱਚ ਯੂਰੇਨੀਅਮ ਦੀ ਭਰਮਾਰ

## ਹਰਿਆਣਾ ਤੇ ਚੰਡੀਗੜ੍ਹ ਨੂੰ ਹਾਈ ਕੋਰਟ ਨੇ ਪਾਣੀ ਦੇ ਨਮੂਨੇ ਲੈ ਕੇ ਨਵੇਂ ਸਿਰੇ ਤੋਂ ਜਾਂਚ ਦੇ ਦਿੱਤੇ ਹੁਕਮ

## ਹਰਿਆਣਾ ਤੇ ਪੰਜਾਬ ਸਰਕਾਰ ਤੋਂ ਮੰਗਿਆ ਜਵਾਬ

## ਕਈ ਕਿਸਮ ਦੀਆਂ ਬਿਮਾਰੀਆਂ ਦੀ ਲਪੇਟ ਵਿੱਚ ਹਨ ਲੋਕ







ਮਾਲਵਾ ਖੇਤਰ ਦੇ ਪਾਣੀਆਂ ਵਿੱਚ ਯੂਰੇਨੀਅਮ ਦੀ ਮੌਜੂਦਗੀ ਅਤੇ ਇਸ ਕਾਰਨ ਫੈਲਣ ਵਾਲੇ ਕੈਂਸਰ ਵਿਰੁੱਧ ਜਨਹਿਤ ਪਟੀਸ਼ਨ ਦੀ ਸੁਣਵਾਈ ਦੌਰਾਨ ਹਾਈ ਕੋਰਟ ਨੇ ਨੋਟਿਸ ਜਾਰੀ ਕਰਦਿਆਂ ਹਰਿਆਣਾ ਅਤੇ ਚੰਡੀਗੜ੍ਹ ਨੂੰ ਵੀ ਇਸ ਮਾਮਲੇ ਵਿੱਚ ਧਿਰ ਬਣਾ ਕੇ ਜਵਾਬ ਮੰਗਿਆ ਹੈ।

ਅਦਾਲਤ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਪੰਜਾਬ ਵਿੱਚ ਹੀ ਨਹੀਂ ਸਗੋਂ ਹਰਿਆਣਾ ਅਤੇ ਚੰਡੀਗੜ੍ਹ ਵਿੱਚ ਵੀ ਧਰਤੀ ਹੇਠਲਾ ਪਾਣੀ ਖਰਾਬ ਹੈ, ਜਿਸ ਤੋਂ ਬਾਅਦ ਅਦਾਲਤ ਨੇ ਇਸ ਮਾਮਲੇ ਵਿੱਚ ਹਰਿਆਣਾ ਅਤੇ ਪੰਜਾਬ ਤੋਂ ਜਵਾਬ ਮੰਗਿਆ ਹੈ ਅਤੇ ਉਨ੍ਹਾਂ ਨੂੰ 21 ਨਵੰਬਰ ਤੱਕ ਜਵਾਬ ਦਾਖ਼ਲ ਕਰਨ ਦੇ ਹੁਕਮ ਦਿੱਤੇ ਹਨ। ਇਸ ਮਾਮਲੇ ਵਿੱਚ ਹਾਈ ਕੋਰਟ ਨੇ ਮਾਲਵੇ ਅਤੇ ਖਾਸ ਕਰਕੇ ਬਠਿੰਡਾ ਦੇ ਧਰਤੀ ਹੇਠਲੇ ਪਾਣੀ ਵਿੱਚ ਯੂਰੇਨੀਅਮ ਦੀ ਮੌਜੂਦਗੀ ਤੇ ਕੈਂਸਰ ਦੇ ਵੱਧ ਰਹੇ ਕੇਸ ਬਾਰੇ 14 ਸਾਲਾਂ ਤੋਂ ਲਟਕ ਰਹੀ ਇੱਕ ਪਟੀਸ਼ਨ ’ਤੇ ਸਾਵਧਾਨੀ ਦੇ ਤੌਰ ’ਤੇ ਮੁੱਖ ਸਕੱਤਰ ਨੂੰ ਪੂਰੇ ਸੂਬੇ ਦੇ ਧਰਤੀ ਹੇਠਲੇ ਪਾਣੀ ਦੀ ਨਵੇਂ ਸਿਰੇ ਤੋਂ ਜਾਂਚ ਕਰਵਾਉਣ ਦੇ ਹੁਕਮ ਵੀ ਦਿੱਤੇ ਹਨ।

ਸਾਲ 2010 ਵਿੱਚ ਮੁਹਾਲੀ ਵਾਸੀ ਬ੍ਰਿਜੇਂਦਰ ਸਿੰਘ ਲੂੰਬਾ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਮਾਲਵਾ ਖੇਤਰ ਦੇ ਧਰਤੀ ਹੇਠਲੇ ਪਾਣੀ ਵਿੱਚ ਯੂਰੇਨੀਅਮ ਦੀ ਮੌਜੂਦਗੀ ਅਤੇ ਇਸ ਕਾਰਨ ਕੈਂਸਰ ਦੇ ਵੱਧ ਰਹੇ ਕੇਸਾਂ ਦਾ ਮੁੱਦਾ ਉਠਾਇਆ ਸੀ। ਹਾਈ ਕੋਰਟ ਨੂੰ ਦੱਸਿਆ ਗਿਆ ਕਿ ਇਸ ਖੇਤਰ ਵਿੱਚ ਕੈਂਸਰ ਦੇ ਮਾਮਲੇ ਤੇਜ਼ੀ ਨਾਲ ਵੱਧ ਰਹੇ ਹਨ ਪਰ ਸਰਕਾਰ ਲੋਕਾਂ ਨੂੰ ਸਾਫ਼ ਪਾਣੀ ਮੁਹੱਈਆ ਕਰਵਾਉਣ ਲਈ ਕੋਈ ਕੰਮ ਨਹੀਂ ਕਰ ਰਹੀ। ਹਾਈ ਕੋਰਟ ਦੇ ਹੁਕਮਾਂ ’ਤੇ ਭਾਭਾ ਪਰਮਾਣੂ ਖੋਜ ਕੇਂਦਰ (ਬੀ.ਏ.ਆਰ.ਸੀ.) ਨੇ ਮਾਲਵਾ ਖੇਤਰ ਦੇ ਪਾਣੀ ਵਿੱਚ ਯੂਰੇਨੀਅਮ ਦੀ ਪਰਖ ਕਰਨ ਲਈ ਬਠਿੰਡਾ, ਫ਼ਿਰੋਜ਼ਪੁਰ, ਫ਼ਰੀਦਕੋਟ ਅਤੇ ਮਾਨਸਾ ਵਿੱਚ 1500 ਪਾਣੀ ਦੇ ਨਮੂਨੇ ਲਏ ਹਨ।

ਐਟੋਮਿਕ ਐਨਰਜੀ ਰੈਗੂਲੇਟਰੀ ਬੋਰਡ ਮੁਤਾਬਕ ਪੀਣ ਵਾਲੇ ਪਾਣੀ ਵਿੱਚ ਯੂਰੇਨੀਅਮ ਦੀ ਮਾਤਰਾ 60 ਪੀਪੀਬੀ ਤੋਂ ਵੱਧ ਨਹੀਂ ਹੋਣੀ ਚਾਹੀਦੀ। ਪਰ ਬਠਿੰਡਾ ਜ਼ਿਲ੍ਹੇ ਦੇ ਪਾਣੀ ਵਿੱਚ ਇਹ ਮਾਤਰਾ 10 ਗੁਣਾ 684 ਪੀ.ਪੀ.ਬੀ. ਅਜਿਹੀ ਸਥਿਤੀ ਵਿੱਚ ਇਹ ਪਾਣੀ ਪੀਣ ਯੋਗ ਨਹੀਂ ਮੰਨਿਆ ਜਾਂਦਾ ਸੀ। ਉਦੋਂ ਤੋਂ ਹੀ ਹਾਈਕੋਰਟ ਵਿੱਚ ਇਸ ਮਾਮਲੇ ਦੀ ਲਗਾਤਾਰ ਸੁਣਵਾਈ ਹੋ ਰਹੀ ਸੀ ਅਤੇ ਸਰਕਾਰ ਵੱਲੋਂ ਲੋਕਾਂ ਨੂੰ ਸਾਫ਼ ਪਾਣੀ ਮੁਹੱਈਆ ਕਰਵਾਉਣ ਲਈ ਚੁੱਕੇ ਗਏ ਕਦਮਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਸੀ।

ਇਸ ਮਾਮਲੇ ਵਿੱਚ ਅਦਾਲਤ ਦੀ ਸਹਾਇਤਾ ਕਰ ਰਹੇ ਸੀਨੀਅਰ ਵਕੀਲ ਰੁਪਿੰਦਰ ਸਿੰਘ ਖੋਸਲਾ ਨੇ ਹਾਈ ਕੋਰਟ ਨੂੰ ਦੱਸਿਆ ਕਿ ਹੁਣ ਤੱਕ ਪੀਣ ਵਾਲੇ ਪਾਣੀ ਵਿੱਚ ਯੂਰੇਨੀਅਮ ਦੀ ਸਮੱਸਿਆ ਦੀ ਜਾਂਚ ਸਿਰਫ਼ ਮਾਲਵੇ ਤੱਕ ਹੀ ਸੀਮਤ ਰਹੀ ਹੈ। ਬਾਕੀ ਦੋ ਖੇਤਰਾਂ ਵਿੱਚ ਵੀ ਇਸ ਦੀ ਜਾਂਚ ਹੋਣੀ ਚਾਹੀਦੀ ਹੈ। ਧਰਤੀ ਹੇਠਲਾ ਪਾਣੀ ਇੱਕ ਸਮੱਸਿਆ ਹੈ ਪਰ ਸਾਨੂੰ ਹੱਲ ਜਾਂ ਬਦਲ ਬਾਰੇ ਸੋਚਣਾ ਚਾਹੀਦਾ ਹੈ। ਦਰਿਆਵਾਂ ਅਤੇ ਝੀਲਾਂ ਵਿੱਚ ਮੌਜੂਦ ਪਾਣੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਬਠਿੰਡਾ ਛਾਉਣੀ ਵਿੱਚ ਵੀ ਭਾਖੜਾ ਤੋਂ ਹੀ ਪਾਣੀ ਦੀ ਸਪਲਾਈ ਹੋ ਰਹੀ ਹੈ। ਅਜਿਹੀ ਸਥਿਤੀ ਵਿੱਚ ਦਰਿਆਵਾਂ ਅਤੇ ਝੀਲਾਂ ਤੋਂ ਹੋਰ ਥਾਵਾਂ ’ਤੇ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਦੇ ਵਿਕਲਪ ’ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ।





### ਬਿਮਾਰੀਆਂ ਵਿੱਚ ਘਿਰੇ ਪੰਜਾਬੀ

ਮਾਲਵਾ ਖੇਤਰ ਦਾ ਧਰਤੀ ਹੇਠਲਾ ਪਾਣੀ ਹੁਣ ਪੀਣ ਯੋਗ ਨਹੀਂ ਰਿਹਾ ਜਦੋਂ ਕਿ ਫ਼ਸਲਾਂ ਲਈ ਵੀ ਇਹ ਪਾਣੀ ਚੰਗਾ ਨਹੀ ਹੈ। ਧਰਤੀ ਹੇਠਲੇ ਪਾਣੀ ਵਿੱਚ ਸਿਹਤ ਲਈ ਖ਼ਤਰਨਾਕ ਕਈ ਕਿਸਮ ਦੇ ਤੱਤਾਂ ਦੀ ਬਹੁਤਾਤ ਪਾਈ ਜਾ ਰਹੀ ਹੈ। ਪਾਣੀ ਵਿੱਚ ਯੂਰੇਨੀਅਮ ਦੀ ਮਾਤਰਾ ਮਾਪਦੰਡ ਤੋਂ ਕਈ ਗੁਣਾ ਜ਼ਿਆਦਾ ਪਾਈ ਗਈ ਹੈ।ਮਾਲਵਾ ਖੇਤਰ ਦੀ ਵੱਡੀ ਗਿਣਤੀ ਵਸੋਂ ਅਜੇ ਵੀ ਧਰਤੀ ਹੇਠਲਾ ਅਸ਼ੁੱਧ ਪਾਣੀ ਪੀਣ ਲਈ ਮਜਬੂਰ ਹੈ। ਇਸ ਦਾ ਹੀ ਨਤੀਜਾ ਹੈ ਕਿ ਮਾਲਵੇ ਦੇ ਲੋਕ ਕਈ ਤਰ੍ਹਾਂ ਦੀਆਂ ਗੰਭੀਰ ਬਿਮਾਰੀਆਂ ਦੀ ਗ੍ਰਿਫ਼ਤ ਵਿੱਚ ਆ ਰਹੇ ਹਨ। ਪਰ ਪੰਜਾਬ ਸਰਕਾਰ ਵਲੋਂ ਕੋਈ ਧਿਆਨ ਨਹੀਂ ਦਿੱਤਾ ਗਿਆ। ਜ਼ਹਿਰ ਬਣਦੇ ਜਾ ਰਹੇ ਧਰਤੀ ਹੇਠਲੇ ਪਾਣੀ ਜਿਹੇ ਗੰਭੀਰ ਮੁੱਦਿਆਂ ’ਤੇ ਵੀ ਚੋਣਾਂ ਸਮੇਂ ਕੋਈ ਬਹੁਤੀ ਚਰਚਾ ਨਹੀਂ ਹੁੰਦੀ। ਭਾਵੇਂ ਮਾਲਵਾ ਖੇਤਰ ’ਚ ਲੋਕਾਂ ਨੇ ਪਾਣੀ ਸ਼ੁੱਧ ਕਰਨ ਲਈ ਘਰਾਂ ਵਿੱਚ ਆਰ.ਓ. ਲਗਾਏ ਹਨ ਪਰ ਯੂਰੇਨੀਅਮ ਦੀ ਜਾਂਚ ਕਰਨ ਵਾਲੀਆਂ ਸੰਸਥਾਵਾਂ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਆਰ.ਓ. ਪਾਣੀ ’ਚੋਂ ਯੂਰੇਨੀਅਮ ਨੂੰ ਸਾਫ਼ ਨਹੀਂ ਕਰ ਸਕਦਾ। ਅਸ਼ੁੱਧ ਪਾਣੀ ਦਾ ਹੀ ਸਿੱਟਾ ਹੈ ਕਿ ਮਾਲਵਾ ਦੇ ਲੋਕਾਂ ਨੂੰ ਗੰਭੀਰ ਰੋਗਾਂ ਨੇ ਘੇਰਿਆ ਹੋਇਆ ਹੈ। ਭਾਵੇਂ ਪਾਣੀ ਵਿੱਚ ਯੂਰੇਨੀਅਮ ਦੇ ਮਾਮਲੇ ਕਈ ਵਾਰ ਜਾਂਚ ਹੋ ਚੁੱਕੀ ਹੈ ਜਿਸ ਦੀ ਰਿਪੋਰਟ ਵੀ ਅਲੱਗ-ਅਲੱਗ ਹੈ।ਸਰਕਾਰ ਵੱਲੋਂ ਯੂਰੇਨੀਅਮ ਦੇ ਸਰੋਤ ਦੀ ਜਾਂਚ ਲਈ ਬਣਾਇਆ ਕੋਰ ਗੁਰੁੱਪ ਭਾਬਾ ਆਟੋਮਿਕ ਰਿਸਰਚ ਸੈਂਟਰ ਮੁੰਬਈ ਦੀ ਮਦਦ ਨਾਲ ਧਰਤੀ ਹੇਠਲੇ ਪਾਣੀ ਵਿੱਚ ਆਈ ਯੂਰੇਨੀਅਮ ਦੀ ਮਾਪਦੰਡ ਤੋਂ ਕਈ ਗੁਣਾ ਜ਼ਿਆਦਾ ਮਾਤਰਾ ਦੀ ਪੁਸ਼ਟੀ ਕਰ ਚੁੱਕਾ ਹੈ।

ਗਰਾਊਡੂੰਡ ਵਾਟਰ ਸੈੱਲ ਤੋਂ ਸੇਵਾਮੁਕਤ ਅਧਿਕਾਰੀ ਡਾ. ਬੀ.ਐੱਸ. ਬਰਾੜ ਦਾ ਕਹਿਣਾ ਸੀ ਕਿ ਸਭ ਤੋਂ ਪਹਿਲਾਂ ਬਾਬਾ ਫਰੀਦ ਸੈਂਟਰ ਫਾਰ ਸਪੈਸ਼ਲ ਚਿਲਡਰਨ, ਫ਼ਰੀਦਕੋਟ ਤੇ ਜਰਮਨੀ ਦੀ ਮਾਈਕ੍ਰੋਟਰੇਸ ਮਿਨਰਲ ਲੈਬ ਨੇ 149 ਮੰਦਬੁੱਧੀ ਬੱਚਿਆਂ ਦੀ ਜਾਂਚ ਕੀਤੀ ਸੀ ਜਿਨ੍ਹਾਂ ਵਿੱਚ 82 ਤੋਂ 87 ਫ਼ੀਸਦੀ ਬੱਚਿਆਂ ਦੇ ਸਰੀਰ ਵਿੱਚ ਯੂਰੇਨੀਅਮ ਦੀ ਮਾਤਰਾ ਖ਼ਤਰਨਾਕ ਪੱਧਰ ਤੱਕ ਪਾਈ ਗਈ ਸੀ।

### ਬਹੁਤੇ ਬੱਚੇ ਗੰਭੀਰ ਬਿਮਾਰੀਆਂ ਤੋਂ ਪੀੜਤ

ਵਿਸ਼ਵ ਸਿਹਤ ਸੰਗਠਨ ਨੇ 2004 ’ਚ ਪਾਣੀ ਵਿੱਚ ਯੂਰੇਨੀਅਮ ਦੀ ਮਾਤਰਾ 15 ਮਾਈਕ੍ਰੋਗ੍ਰਾਮ ਪ੍ਰਤੀ ਲੀਟਰ ਤੇ ਇੰਟਰਨੈਸ਼ਨਲ ਕਮਿਸ਼ਨ ਆਫ਼ ਰੇਡੀਓਲਾਜਿਕਲ ਪ੍ਰੋਟੈਕਸ਼ਨ (1979) ਨੇ 1.9 ਮਾਈਕ੍ਰੋਗ੍ਰਾਮ ਪ੍ਰਤੀ ਲੀਟਰ ਨੂੰ ਸੁਰੱਖਿਅਤ ਮੰਨਿਆ ਹੈ ਪਰ ਬਠਿੰਡਾ ਦੇ 22 ਪਿੰਡਾਂ ਦੇ ਪਾਣੀ ਵਿੱਚ ਯੂਰੇਨੀਅਮ (ਮਾਈਕ੍ਰੋਗ੍ਰਾਮ ਪ੍ਰਤੀ ਲੀਟਰ) ਦੀ ਮਾਤਰਾ ਤੋਂ ਕਈ ਗੁਣਾ ਜ਼ਿਆਦਾ ਪਾਈ ਗਈ। ਜੱਜਲ, ਗਿਆਨਾ, ਮਲਕਾਨਾ ’ਚ ਸਭ ਤੋਂ ਜ਼ਿਆਦਾ ਯੂਰੇਨੀਅਮ ਦੀ ਮਾਤਰਾ ਮਿਲੀ ਹੈ। ਇਨ੍ਹਾਂ ਪਿੰਡਾਂ ਵਿੱਚ ਕੈਂਸਰ ਦੀ ਬਿਮਾਰੀ ਸਭ ਤੋਂ ਜ਼ਿਆਦਾ ਹੈ। ਇਸ ਖੇਤਰ ਦੇ ਪਿੰਡ ਸ਼ੇਖਪੁਰਾ ’ਚ ਬਹੁਤੇ ਬੱਚੇ ਅਜੀਬ ਕਿਸਮ ਦੀਆਂ ਬਿਮਾਰੀਆਂ ਤੋਂ ਪੀੜਤ ਹਨ। ਪਿੰਡ ਜੱਜਲ ਤਾਂ ਕੈਂਸਰ ਕਾਰਨ ਦੁਨੀਆਂ ਵਿੱਚ ਜਾਣਿਆ ਜਾਣ ਲੱਗਾ ਹੈ।

### ਖਾਣ-ਪੀਣ ਵਾਲੀਆਂ ਵਸਤਾਂ ਵਿੱਚ ਵੀ ਯੂਰੇਨੀਅਮ ਜ਼ਿਆਦਾ

ਭਾਬਾ ਆਟੋਮਿਕ ਰਿਸਰਚ ਸੈਂਟਰ ਮੁੰਬਈ ਨੇ ਬਠਿੰਡਾ ਜ਼ਿਲ੍ਹੇ ਦੇ ਚਾਰ ਪਿੰਡਾਂ ਕਰਮਗੜ੍ਹ ਸੱਤਰਾਂ, ਢਿੱਲਵਾਂ, ਗਿਆਨਾ ਤੇ ਘੁੱਦਾ ਦੇ ਪਾਣੀ ਵਿੱਚ ਯੂਰੇਨੀਅਮ ਦਾ ਖੁਲਾਸਾ ਕੀਤਾ ਹੈ। ਇਨ੍ਹਾਂ ਪਿੰਡਾਂ ਦੇ ਲੋਕ ਵੀ ਤੈਅ ਮਾਤਰਾ ਤੋਂ ਪੰਜ ਗੁਣਾ ਵੱਧ ਯੂਰੇਨੀਅਮ ਵਾਲਾ ਪਾਣੀ ਰਾਹੀ ਪੀ ਰਹੇ ਹਨ। ਖਾਣ-ਪੀਣ ਵਾਲੀਆਂ ਵਸਤਾਂ ਜਿਵੇਂ ਦੁੱਧ, ਦਾਲਾਂ ਤੇ ਸਬਜ਼ੀਆਂ ਵਿੱਚ ਵੀ ਯੂਰੇਨੀਅਮ ਦੀ ਮਾਤਰਾ ਜ਼ਿਆਦਾ ਪਾਈ ਗਈ ਹੈ। 2010 ਵਿੱਚ ਬੁੱਢੇ ਨਾਲੇ ਵਿਚੋਂ ਲਏ ਗਏ ਪਾਣੀ ਦੇ ਨਮੂਨਿਆਂ ਵਿੱਚ ਭਾਰੀ ਧਾਤਾਂ ਅਤੇ ਯੂਰੇਨੀਅਮ ਵੱਡੀ ਮਾਤਰਾ ਵਿੱਚ ਪਾਏ ਗਏ। ਇਨ੍ਹਾਂ ਤੋਂ ਇਲਾਵਾ ਅਮੋਨੀਆ, ਫਾਸਫੇਟ, ਕਲੋਰਾਈਡ, ਕਰੋਮੀਅਮ, ਆਰਸੈਨਿਕ ਅਤੇ ਕੀਟਨਾਸ਼ਕ ਵੀ ਇਨ੍ਹਾਂ ਨਮੂਨਿਆਂ ਵਿਚੋਂ ਮਿਲੇ ਸਨ। ਰਿਪੋਰਟ ਅਨੁਸਾਰ ਜ਼ਿਲ੍ਹੇ ਦੇ ਪਿੰਡ ਗਿਆਨਾ ’ਚ ਪ੍ਰਤੀ ਦਿਨ ਯੂਰੇਨੀਅਮ ਦਾ ਸੇਵਨ (ਬਿਨ੍ਹਾਂ ਪਾਣੀ ਦੇ) 41.09 ਮਾਈਕ੍ਰੋਗ੍ਰਾਮ ਤੱਕ ਪਹੁੰਚ ਚੁੱਕਿਆ ਹੈ, ਜਦੋਂਕਿ ਪਾਣੀ ਦੇ ਨਾਲ ਇਹ ਮਾਤਰਾ 138.41 ਮਾਈਕ੍ਰੋਗ੍ਰਾਮ ਪ੍ਰਤੀ ਦਿਨ ਹੈ। ਪਰ ਪੰਜਾਬ ਸਰਕਾਰ ਨੇ ਬੁੱਢੇ ਨਾਲੇ ਬਾਰੇ ਲੁਧਿਆਣੇ ਦੀ ਇੰਡਸਟਰੀ ਉੱਪਰ ਕੋਈ ਕਾਰਵਾਈ ਨਹੀਂ ਕੀਤੀ ਜੋ ਕਿ ਪਾਣੀ ਪ੍ਰਦੂਸ਼ਿਤ ਕਰਨ ਦੇ ਜ਼ਿੰਮੇਵਾਰ ਹਨ।

### ਕਿੱਥੋਂ ਆਇਆ ਯੂਰੇਨੀਅਮ, ਹੋ ਰਹੀ ਹੈ ਜਾਂਚ

ਭਾਰਤ ਵਿੱਚ ਨਾ ਕਦੇ ਯੂਰੇਨੀਅਮ ਦਾ ਉਪਯੋਗ ਹੋਇਆ ਤੇ ਨਾ ਹੀ ਕੋਈ ਐਟਮੀ ਪਲਾਂਟ ਹੈ। ਸਟੱਡੀ ਵਿੱਚ ਯੂਰੇਨੀਅਮ ਪਾਏ ਜਾਣ ਦਾ ਮੁੱਖ ਕਾਰਨ ਇਰਾਕ, ਈਰਾਨ ਤੇ ਅਫਗਾਨਿਸਤਾਨ ਵਿੱਚ ਅਮਰੀਕਾ ਵੱਲੋਂ ਕੀਤੇ ਹਮਲੇ ਵਿੱਚ ਵਰਤੀ ਗਈ ਡੈਪਲੀਟਡ ਯੂਰੇਨੀਅਮ ਨੂੰ ਠਹਿਰਾਇਆ ਗਿਆ, ਜੋ ਇੱਕ ਹਜ਼ਾਰ ਕਿਲੋਮੀਟਰ ਤਕ ਬੁਰਾ ਪ੍ਰਭਾਵ ਪਾਉਂਦੀ ਹੈ। ਖੇਤੀ ਮਾਹਰ ਡਾ. ਬਲਜੀਤ ਸਿੰਘ ਬਰਾੜ ਦਾ ਕਹਿਣਾ ਸੀ ਕਿ ਈਰਾਨ ਤੋਂ ਪੰਜਾਬ ਦੀ ਦੂਰੀ 932 ਕਿਲੋਮੀਟਰ, ਅਫ਼ਗਾਨਿਸਤਾਨ ਤੋਂ 332 ਕਿਲੋਮੀਟਰ ਹੈ। ਇਸ ਲਈ ਪੰਜਾਬ, ਹਰਿਆਣਾ, ਦਿੱਲੀ ਤੇ ਜੰਮੂ-ਕਸ਼ਮੀਰ ਇਸ ਦੇ ਬੁਰੇ ਪ੍ਰਭਾਵ ਦੇ ਦਾਇਰੇ ਵਿੱਚ ਆ ਗਏ ਜਦਕਿ ਜੀ.ਐੱਨ.ਯੂ. ਨੇ ਮਾਲਵਾ ਦੇ ਪਾਣੀ ਵਿੱਚ ਯੂਰੇਨੀਅਮ ਦੀ ਜ਼ਿਆਦਾ ਮਾਤਰਾ ਦਾ ਕਾਰਨ ਗੁਆਂਢੀ ਸੂਬੇ ਹਰਿਆਣਾ ਦੇ ਭਵਾਨੀ ਜ਼ਿਲ੍ਹੇ ਵਿੱਚ ਸਥਿਤ ਤੋਮਾਸ਼ ਦੀਆਂ ਪਹਾੜੀਆਂ ਨੂੰ ਦੱਸਿਆ ਹੈ। ਡੀ.ਏ.ਵੀ. ਕਾਲਜ ਜਲੰਧਰ ਦੇ ਫਿਜ਼ਿਕਸ ਵਿਭਾਗ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਫਿਜ਼ਿਕਸ ਤੇ ਕੈਮਿਸਟਰੀ ਵਿਭਾਗ ਦੀ ਰਿਪੋਰਟ ਅਨੁਸਾਰ ਰਾਜਸਥਾਨ ਵਿੱਚ ਜਿਪਸਮ, ਲਾਈਮਸਟੋਨ ਤੇ ਫਾਸਫੇਟ ਦੀਆਂ ਚੱਟਾਨਾਂ ’ਚ ਯੂਰੇਨੀਅਮ ਦੀ ਮਾਤਰਾ 100 ਤੋਂ 140 ਪਾਰਟ ਪ੍ਰਤੀ ਬਿਲੀਅਨ ਮਿਲੀ ਹੈ। ਉੱਤਰ-ਪੱਛਮ ਰਾਜਸਥਾਨ ਵਿੱਚ ਪਾਣੀ ਦਾ ਪ੍ਰਵਾਹ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਸ੍ਰੀ ਮੁਕਤਸਰ ਸਾਹਿਬ, ਬਠਿੰਡਾ, ਫਿਰੋਜ਼ਪੁਰ ਤੇ ਫ਼ਰੀਦਕੋਟ ਵੱਲ ਹੈ। ਇਸ ਲਈ ਟੀਮ ਨੇ ਰਾਜਸਥਾਨ ’ਚ ਸਥਿਤ ਚੱਟਾਨਾਂ ਨੂੰ ਹੀ ਮਾਲਵਾ ਦੇ ਪਾਣੀ ਵਿੱਚ ਯੂਰੇਨੀਅਮ ਦਾ ਸ੍ਰੋਤ ਮੰਨਿਆ ਹੈ। ਇਸ ਤੋਂ ਇਲਾਵਾ ਮਾਲਵਾ ਖੇਤਰ ਵਿੱਚ ਕੀੜੇਮਾਰ ਦਵਾਈਆਂ ਤੇ ਖਾਦਾਂ ਦੀ ਵਰਤੋਂ ਨੂੰ ਵੀ ਪਾਣੀ ਦੂਸ਼ਿਤ ਕਰਨ ਦਾ ਇਕ ਕਾਰਨ ਮੰਨਿਆ ਗਿਆ ਹੈ। ਹੁਣ ਤੱਕ ਹੋਈ ਜਾਂਚ ਵਿੱਚ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਮਾਲਵਾ ਖੇਤਰ ਦਾ ਪੀਣ ਵਾਲਾ ਪਾਣੀ ਐਨਾ ਕਿਸ ਤਰ੍ਹਾਂ ਦੂਸ਼ਿਤ ਹੋ ਗਿਆ ਹੈ।



# ਵਿਦੇਸ਼ ਵੱਸਦੇ ਧੀ-ਪੁੱਤ ਨਾਲ ਰੱਖੋ ਤਾਲਮੇਲ





**ਅਜੀਤ ਖੰਨਾ**

ਜਦੋਂ ਸਾਡੇ ਬੱਚੇ ਵਿਦੇਸ਼ ਚਲੇ ਜਾਂਦੇ ਹਨ, ਕਈ ਵਾਰ ਅਸੀਂ ਕੁਝ ਸਮੇਂ ਪਿੱਛੋਂ ਉਨਾਂ ਨਾਲ ਤਾਲਮੇਲ ਘਟਾ ਦਿੰਦੇ ਹਾਂ, ਜੋ ਗ਼ਲਤ ਹੈ। ਵਿਦੇਸ਼ੀ ਵੱਸਦੇ ਧੀਆਂ-ਪੁੱਤਾਂ ਨਾਲ ਹਮੇਸ਼ਾ ਤਾਲਮੇਲ ਬਣਾ ਕੇ ਜੁੜੇ ਰਹੋ। ਉਨ੍ਹਾਂ ਨਾਲ ਜੁੜੇ ਰਹਿਣ ਨਾਲ ਪਰਿਵਾਰ ’ਚ ਮੋਹ ਮੁਹੱਬਤ ਬਣਿਆ ਰਹਿੰਦਾ ਹੈ। ਚੰਗੇ ਮਾੜੇ ਵਕਤ ’ਚ ਆਉਣ ਵਾਲੀਆਂ ਮੁਸ਼ਕਿਲਾਂ ਨਾਲ ਮਿਲ ਕੇ ਨਜਿੱਠਣਾ ਅਸਾਨ ਰਹਿੰਦਾ ਹੈ। ਗੱਲਬਾਤ ਕਰਦੇ ਰਹਿਣ ਨਾਲ ਤੁਸੀਂ ਇਕੱਲਤਾ ਮਹਿਸੂਸ ਨਹੀਂ ਕਰੋਗੇ। ਡਿਪਰੈਸ਼ਨ ਦਾ ਸ਼ਿਕਾਰ ਨਹੀਂ ਹੋਵੇਗੇ ਨਾ ਤੁਸੀਂ ਤੇ ਨਾ ਹੀ ਤੁਹਾਡੇ ਧੀਆਂ-ਪੁੱਤ। ਫੋਨ ’ਤੇ ਤਾਲਮੇਲ ਰੱਖਣ ਨਾਲ ਤੁਹਾਡੇ ਧੀਆਂ-ਪੁੱਤਾਂ ਨੂੰ ਲੱਗੂਗਾ ਕਿ ਤੁਸੀਂ ਉਨ੍ਹਾਂ ਨੂੰ ਜ਼ਿੰਦਗੀ ’ਚ ਅਹਿਮੀਅਤ ਦਿੰਦੇ ਹੋ। ਉਨ੍ਹਾਂ ਦੀ ਕਦਰ ਕਰਦੇ ਹੋ। ਜੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋ। ਉਹ ਵੀ ਪਿਆਰ ਕਰਨਗੇ। ਤੁਹਾਡਾ ਦੁੱਖ-ਸੁੱਖ ਪੁੱਛਣਗੇ। ਜੇ ਤੁਸੀਂ ਸੰਪਰਕ ਨਹੀਂ ਰੱਖਦੇ ਤਾਂ ਉਹ ਗ਼ਲਤ ਰਸਤੇ ਵੱਲ ਜਾ ਸਕਦੇ ਹਨ। ਸਦਾ ਯਾਦ ਰੱਖੋ! ਜ਼ਿੰਦਗੀ ਸੰਘਰਸ਼ ਹੈ। ਜਿਸ ਨੇ ਆਪਣੀ ਚਾਲੇ ਚੱਲਦੇ ਰਹਿਣਾ ਹੈ।

ਮਾੜਾ ਚੰਗਾ ਦੌਰ ਆਉਂਦਾ ਜਾਂਦਾ ਰਹਿੰਦਾ ਹੈ। ਘਬਰਾਓ ਨਾ। ਮੁਸ਼ਕਿਲ ਤੋਂ ਭੱਜੋਗੇ ਤਾਂ ਮੁਸ਼ਕਿਲ ਤੁਹਾਡੇ ਪਿੱਛੇ ਭੱਜੇਗੀ। ਅਗਰ ਤੁਸੀਂ ਹੱਲ ਕਰੋਗੇ ਤਾਂ ਹੱਲ ਹੋ ਜਾਵੇਗੀ। ਬੱਚਿਆਂ ਨਾਲ ਤਾਲਮੇਲ ’ਚ ਰਹਿੰਦੇ ਹੋ ਤਾਂ ਜੀਵਨ ਸੁਖਾਲਾ ਰਹਿੰਦਾ ਹੈ। ਧੀ-ਪੁੱਤ ਨਾਲ ਗੱਲ ਕਰ ਕੇ ਤੁਹਾਨੂੰ ਅਤੇ ਤੁਹਾਡੇ ਤੋਂ ਲੱਖਾਂ ਮੀਲ ਦੂਰ ਸੱਤ ਸਮੁੰਦਰੋਂ ਪਾਰ ਬੈਠੇ ਤੁਹਾਡੇ ਬੱਚਿਆਂ ਨੂੰ ਸਕੂਨ ਮਿਲਦਾ ਹੈ। ਕਿਸੇ ਵੀ ਦਿੱਕਤ ਨੂੰ ਜੇ ਤੁਸੀਂ ਮਿਲ ਕੇ ਨਜਿੱਠਦੇ ਹੋ ਤਾਂ ਉਹ ਦਿੱਕਤ ਨਹੀਂ ਰਹਿੰਦੀ। ਉਹ ਦਿੱਕਤ ਅੱਧੀ ਜਾਪਣ ਲੱਗਦੀ ਹੈ। ਉਹ ਆਸਾਨੀ ਨਾਲ ਹੱਲ ਹੋ ਜਾਂਦੀ ਹੈ। ਜ਼ਿੰਦਗੀ ਦਾ ਸਧਾਰਣ ਜੇਹਾ ਫੰਡਾ ਹੈ ਕਿ ਜ਼ਿੰਦਗੀ ’ਚ ਆਉਣ ਵਾਲੇ ਹਰ ਦੁੱਖ-ਸੁੱਖ ਦਾ ਰਲ ਕੇ ਸਾਹਮਣਾ ਕਰੋ। ਜੇ ਤੁਹਾਡਾ ਵਿਦੇਸ਼ ਰਹਿੰਦੇ ਆਪਣੇ ਧੀਆਂ-ਪੁੱਤਾਂ ਨਾਲ ਤਾਲਮੇਲ ਨਹੀਂ ਜਾਂ ਤੁਸੀਂ ਉਨ੍ਹਾਂ ਨਾਲ ਕਈ-ਕਈ ਦਿਨ ਸੰਪਰਕ ਤੋੜ ਕੇ ਰੱਖਦੇ ਹੋ ਤਾਂ ਸਮਝੋ, ਤੁਸੀਂ ਵੱਡੀ ਭੁੱਲ ਕਰ ਰਹੇ ਹੋ ਜੋ ਬੇਹੱਦ ਖ਼ਤਰਨਾਕ ਸਾਬਤ ਹੋ ਸਕਦੀ ਹੈ। ਤੁਹਾਡੇ ਧੀਆਂ-ਪੁੱਤਾਂ ਨੇ ਤੁਹਾਡੇ ਤੋਂ ਬਹੁਤ ਕੁਝ ਸਿੱਖਣਾ ਹੁੰਦਾ ਹੈ।

ਜੇ ਤੁਸੀਂ ਉਨ੍ਹਾਂ ਨਾਲ ਤਾਲਮੇਲ ਤੋੜ ਦਿੰਦੇ ਹੋ ਜਾਂ ਵਾਹਵਾ ਦਿਨ ਫ਼ੋਨ ’ਤੇ ਗੱਲਬਾਤ ਨਹੀਂ ਕਰਦੇ ਤਾ ਉਹ ਉਨ੍ਹਾਂ ਸੰਸਕਾਰਾਂ ਤੋ ਵਾਂਝੇ ਰਹਿ ਜਾਣਗੇ ਜੋ ਸੱਭਿਅਕ ਜ਼ਿੰਦਗੀ ਜਿਊਣ ਵਾਸਤੇ ਲੋੜੀਂਦੇ ਹੁੰਦੇ ਹਨ। ਕੋਸ਼ਿਸ਼ ਕਰੋ ਉਹ ਜਦੋਂ ਵੀ ਫ੍ਰੀ ਹੋਣ ਉਨ੍ਹਾਂ ਨਾਲ ਦਿਨ ਵਿਚ ਇਕ ਦੋ ਵਾਰ ਜ਼ਰੂਰ ਗੱਲ ਕਰੋ। ਹਾਲ-ਚਾਲ ਪੁੱਛੋ। ਕੀ ਖਾਧਾ ਹੈ ? ਉਨ੍ਹਾਂ ਸਾਰਾ ਦਿਨ ਅੱਜ ਕੀ ਕੀਤਾ ? ਕਿਸ-ਕਿਸ ਨੂੰ ਮਿਲੇ? ਕੀ-ਕੀ ਗੱਲ ਹੋਈ? ਕੰਮ ਕਿਵੇਂ ਚੱਲ ਰਿਹਾ ਹੈ? ਕੋਈ ਮੁਸ਼ਕਿਲ ਤਾਂ ਨਹੀਂ? ਕਿਸੇ ਚੀਜ਼ ਦੀ ਜ਼ਰੂਰਤ ਹੈ, ਵਗ਼ੈਰਾ! ਉਹ ਵੀ ਪੁੱਛੋ। ਜੋ ਸਾਡੇ ਧੀਆਂ-ਪੁੱਤਾਂ ਨੂੰ ਸਾਡੇ ਹੋਰ ਨੇੜੇ ਲਿਆਉਣ ’ਚ ਲਾਹੇਵੰਦ ਸਾਬਤ ਹੋਵੇਗਾ। ਧੀ-ਪੁੱਤ ’ਚ ਕਦੇ ਫ਼ਰਕ ਨਾ ਕਰੋ। ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਕਰੋ। ਜਿਸ ਨਾਲ ਉਹ ਤੁਹਾਡੀ ਹੋਰ ਇੱਜ਼ਤ ਕਰਨਗੇ।

# ਲਾਇਬ੍ਰੇਰੀਆਂ ਦੀ ਘਾਟ

**ਮੁਨੀਸ਼ ਭਾਟੀਆ**

ਲਾਇਬ੍ਰੇਰੀਆਂ ਵਿਚਲੀਆਂ ਕਿਤਾਬਾਂ ’ਚ ਗਿਆਨ ਦਾ ਭੰਡਾਰ ਹੁੰਦਾ ਹੈ ਜੋ ਸਾਨੂੰ ਮਾਨਸਿਕ ਸ਼ਾਂਤੀ ਅਤੇ ਸੰਤੁਲਨ ਪ੍ਰਦਾਨ ਕਰ ਸਕਦਾ ਹੈ। ਚੰਗੀਆਂ ਕਿਤਾਬਾਂ ਦਾ ਅਧਿਐਨ ਕਰਨ ਨਾਲ ਨਾ ਸਿਰਫ਼ ਸਾਡੀ ਸਮਝ ਅਤੇ ਸੋਚ ਦਾ ਵਿਸਤਾਰ ਹੁੰਦਾ ਹੈ, ਸਗੋਂ ਸਾਨੂੰ ਸਵੈ-ਗਿਆਨ ਅਤੇ ਆਤਮਿਕ-ਸ਼ਾਂਤੀ ਵੀ ਮਿਲਦੀ ਹੈ।

ਕਿਤਾਬਾਂ ਸਾਡੇ ਵਿਚਾਰਾਂ ਨੂੰ ਸਪੱਸ਼ਟ ਅਤੇ ਸਕਾਰਾਤਮਕ ਦਿਸ਼ਾ ਦੇਣ ਵਿੱਚ ਮਦਦ ਕਰਦੀਆਂ ਹਨ ਜਿਸ ਨਾਲ ਅਸੀਂ ਆਪਣੇ ਅੰਦਰੂਨੀ ਕਲੇਸ਼ਾਂ ਅਤੇ ਮੁਸੀਬਤਾਂ ਨੂੰ ਦੂਰ ਕਰ ਸਕਦੇ ਹਾਂ। ਅੱਜ ਦੇ ਸਮੇਂ ਵਿੱਚ ਸੁਚੇਤ ਰਹਿਣਾ ਬਹੁਤ ਜ਼ਰੂਰੀ ਹੈ ਅਤੇ ਇਨ੍ਹਾਂ ਕਿਤਾਬਾਂ ਨੂੰ ਪੜ੍ਹ ਕੇ ਚੰਗੇ ਅਤੇ ਮਾੜੇ ਵਿੱਚ ਫ਼ਰਕ ਕਰਨ ਦੀ ਸਮਰੱਥਾ ਵਿਕਸਤ ਕਰਨ ਵਿੱਚ ਮਦਦ ਮਿਲ ਸਕਦੀ ਹੈ। ਕਿਤਾਬਾਂ ਵਿੱਚ ਲੁਕਿਆ ਗਿਆਨ ਦਾ ਪ੍ਰਕਾਸ਼ ਸਾਨੂੰ ਸਹੀ ਦਿਸ਼ਾ ਹੀ ਨਹੀਂ ਦਿਖਾਉਂਦਾ, ਸਗੋਂ ਸਾਡੀ ਸੋਚ ਨੂੰ ਵਿਸ਼ਾਲ ਅਤੇ ਪ੍ਰਫੁੱਲਤ ਵੀ ਕਰਦਾ ਹੈ। ਅੱਜ-ਕੱਲ੍ਹ ਬੱਚਿਆਂ ਵਿੱਚ ਕਿਤਾਬਾਂ ਪ੍ਰਤੀ ਦਿਲਚਸਪੀ ਹੌਲੀ-ਹੌਲੀ ਘਟ ਰਹੀ ਹੈ। ਲਾਇਬ੍ਰੇਰੀਆਂ ਦੀ ਘਟਦੀ ਗਿਣਤੀ ਅਤੇ ਉਨ੍ਹਾਂ ਵਿੱਚ ਬੱਚਿਆਂ ਦੀ ਘਟਦੀ ਮੌਜੂਦਗੀ ਚਿੰਤਾ ਦਾ ਵਿਸ਼ਾ ਬਣ ਰਹੀ ਹੈ।

ਇਸ ਪਿੱਛੇ ਕਈ ਕਾਰਨ ਹੋ ਸਕਦੇ ਹਨ। ਅੱਜਕੱਲ੍ਹ ਦੇ ਬੱਚਿਆਂ ’ਚ ਡਿਜੀਟਲ ਯੁੱਗ ਦਾ ਪ੍ਰਭਾਵ ਸਭ ਤੋਂ ਵੱਧ ਹੈ। ਸਮਾਰਟਫੋਨ, ਟੈਬਲੇਟ ਅਤੇ ਕੰਪਿਊਟਰ ਦੀ ਵੱਧ ਰਹੀ ਵਰਤੋਂ ਕਾਰਨ ਬੱਚੇ ਡਿਜੀਟਲ ਸਮੱਗਰੀ ਵਿੱਚ ਜ਼ਿਆਦਾ ਦਿਲਚਸਪੀ ਲੈ ਰਹੇ ਹਨ। ਇਸ ਤੋਂ ਇਲਾਵਾ ਬੱਚਿਆਂ ਦੀ ਪੜ੍ਹਾਈ ਅਤੇ ਹੋਰ ਗਤੀਵਿਧੀਆਂ ਵਿੱਚ ਰੁਝੇਵੇਂ ਭਰੀ ਜੀਵਨ ਸ਼ੈਲੀ ਵੀ ਇੱਕ ਕਾਰਨ ਹੈ। ਲਾਇਬ੍ਰੇਰੀਆਂ ਵਿੱਚ ਘੱਟ ਹਾਜ਼ਰੀ ਲਈ ਲਾਇਬ੍ਰੇਰੀਆਂ ਦੀ ਗ਼ੈਰ-ਆਧੁਨਿਕਤਾ ਵੀ ਜ਼ਿੰਮੇਵਾਰ ਹੈ।

ਅੱਜ ਵੀ ਕਈ ਲਾਇਬ੍ਰੇਰੀਆਂ ਪੁਰਾਣੇ ਢੰਗ ਨਾਲ ਚੱਲ ਰਹੀਆਂ ਹਨ। ਲੁੜੀਂਦੇ ਪ੍ਰਚਾਰ ਅਤੇ ਲਾਇਬ੍ਰੇਰੀਆਂ ਦੀਆਂ ਸੇਵਾਵਾਂ ਬਾਰੇ ਜਾਣਕਾਰੀ ਦੀ ਘਾਟ ਵੀ ਬੱਚਿਆਂ ਨੂੰ ਆਕਰਸ਼ਿਤ ਕਰਨ ਵਿੱਚ ਰੁਕਾਵਟ ਵਜੋਂ ਕੰਮ ਕਰਦੀ ਹੈ। ਇਸ ਸਮੱਸਿਆ ਨੂੰ ਹੱਲ ਕਰਨ ਲਈ ਚੁੱਕੇ ਜਾਣ ਵਾਲੇ ਕਦਮਾਂ ਵਿੱਚ ਡਿਜੀਟਲ ਸਮੱਗਰੀ ਨੂੰ ਸ਼ਾਮਲ ਕਰਨਾ ਸ਼ਾਮਲ ਹੈ। ਲਾਇਬ੍ਰੇਰੀਆਂ ਵਿੱਚ ਈ-ਕਿਤਾਬਾਂ ਅਤੇ ਆਡੀਓ-ਬੁੱਕਾਂ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ।

ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਕਈ ਤਰ੍ਹਾਂ ਦੇ ਮੁਕਾਬਲੇ ਅਤੇ ਪ੍ਰੋਗਰਾਮ ਕਰਵਾਏ ਜਾ ਸਕਦੇ ਹਨ। ਲਾਇਬ੍ਰੇਰੀਆਂ ਆਰਾਮਦਾਇਕ ਬੈਠਣ ਦੀ ਵਿਵਸਥਾ, ਇੰਟਰਨੈੱਟ ਦੀ ਸਹੂਲਤ ਅਤੇ ਹੋਰ ਆਕਰਸ਼ਕ ਸਹੂਲਤਾਂ ਪ੍ਰਦਾਨ ਕਰ ਸਕਦੀਆਂ ਹਨ। ਬੱਚਿਆਂ ਵਿੱਚ ਪੜ੍ਹਨ ਦੀ ਆਦਤ ਪੈਦਾ ਕਰਨ ਲਈ ਮਾਪਿਆਂ ਅਤੇ ਅਧਿਆਪਕਾਂ ਨੂੰ ਵੀ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ। ਇਨ੍ਹਾਂ ਯਤਨਾਂ ਨਾਲ ਬੱਚਿਆਂ ਵਿੱਚ ਪੁਸਤਕਾਂ ਪ੍ਰਤੀ ਦਿਲਚਸਪੀ ਵਧਾਈ ਜਾ ਸਕਦੀ ਹੈ ਅਤੇ ਲਾਇਬ੍ਰੇਰੀਆਂ ਦੀ ਉਪਯੋਗਤਾ ਨੂੰ ਮੁੜ ਸਥਾਪਿਤ ਕੀਤਾ ਜਾ ਸਕਦਾ ਹੈ।

# ਬੇਰੀਆਂ ਨੂੰ ਬੂਰ ਪੈ ਗਿਆ...



**ਬਲਜਿੰਦਰ ਮਾਨ**

ਬਚਪਨ ਵਿੱਚ (ਸਕੂਲੋਂ ਅੱਧੀ ਛੁੱਟੀ ਵੇਲੇ) ਮਲ੍ਹਿਆਂ ਦੇ ਖੱਟੇ-ਮਿੱਠੇ ਬੇਰ ਖਾਣ ਦਾ ਆਪਣਾ ਹੀ ਸਵਾਦ ਹੁੰਦਾ ਸੀ। ਸ਼ਾਇਦ ਇਹ ਸਵਾਦ ਅਜੋਕੀ ਪੀੜ੍ਹੀ ਨਾ ਚੱਖ ਸਕੇ ਕਿਉਂਕਿ ਅਸੀਂ ਸਰਬ-ਪੱਖੀ ਤਰੱਕੀ ਕਰ ਰਹੇ ਹਾਂ। ਬੰਜਰ ਪਈ ਜ਼ਮੀਨ ਜਿੱਥੇ ਇਹ ਮਲ੍ਹੇ ਤੇ ਝਾੜੀਆਂ ਉੱਗਦੇ ਸਨ ਉੱਥੇ ਹੁਣ ਬਾਸਮਤੀ ਜਾਂ ਸੂਰਜਮੁਖੀ ਲਹਿਰਾਉਂਦੀ ਹੈ ਪਰ ਜਦੋਂ ਬੇਰੀਆਂ ’ਤੇ ਜੋਬਨ ਆਉਂਦਾ ਹੈ ਤਾਂ ਜਵਾਨ ਦਿਲ ਖੁਦ-ਬ-ਖੁਦ ਮਚਲਾ ਉਠਦਾ ਹੈ-

ਮੈਂ ਬੇਰੀਆਂ ਦੇ ਟਾਹਣ ਹਿਲਾਵਾਂ, ਪੱਕੇ-ਪੱਕੇ ਬੇਰ ਚੁਗ ਲੈ।

ਮੁੱਖ ਤੌਰ ’ਤੇ ਬੇਰੀਆਂ ਦੀਆਂ 40 ਕਿਸਮਾਂ ਹਨ ਜਿਨ੍ਹਾਂ ਵਿਚੋਂ ਬਹੁਤੀਆਂ ਕਿਸਮਾਂ ਭਾਰਤ, ਚੀਨ, ਸ੍ਰੀਲੰਕਾ, ਅਫ਼ਗਾਨਿਸਤਾਨ, ਅਫ਼ਰੀਕਾ ਆਸਟ੍ਰੇਲੀਆ ਤੇ ਅਮਰੀਕਾ ਵਿੱਚ ਉੱਗਦੀਆਂ ਜਾਂ ਉਗਾਈਆਂ ਜਾਂਦੀਆਂ ਹਨ। ਭਾਵੇਂ ਇੱਕ ਅੰਦਾਜ਼ੇ ਅਨੁਸਾਰ 4000 ਸਾਲ ਪਹਿਲਾਂ ਬੇਰ ਚੀਨ ਦੀ ਧਰਤੀ ’ਤੇ ਉੱਗਾਇਆ ਗਿਆ। ਪਰ ਰਮਾਇਣ ਵਿੱਚ ਭੀਲਣੀ ਦੀ ਘਟਨਾ ਬੇਰੀਆਂ ਵਿੱਚ ਭਾਰਤ ਨੂੰ ਮੋਹਰੀ ਬਣਾ ਦਿੰਦੀ ਹੈ-

‘ਭੀਲਣੀ ਦੇ ਬੇਰ ਜੂਠੇ ਖਾਏ ਰਘੂ ਨਾਥ ਨੇ।’

ਇਸ ਲਈ ਬਹੁਤੇ ਲੋਕ ਬੇਰਾਂ ਨੂੰ ਭਾਰਤੀ ਮੂਲ ਦੇ ਹੀ ਮੰਨਦੇ ਹਨ। ਅਮਰੀਕਾ ਵਿੱਚ ਇਸ ਦੀ ਖੇਤੀ 1837 ਵਿੱਚ ਸ਼ੁਰੂ ਹੋਈ ਸੀ। ਬੇਰੀ ਦੀ ਲੱਕੜੀ ਨੂੰ ਬੜਾ ਪਵਿੱਤਰ ਮੰਨਿਆ ਗਿਆ ਹੈ। ਧਾਰਮਿਕ ਕਾਰਜਾਂ ਮੌਕੇ ਹਵਨ ਵਿੱਚ ਇਸ ਲੱਕੜੀ ਦਾ ਪ੍ਰਯੋਗ ਸ਼ੁੱਭ ਮੰਨਿਆ ਜਾਂਦਾ ਹੈ। ਬੇਰੀਆਂ ਦੀਆਂ ਵੱਖ-ਵੱਖ ਕਿਸਮਾਂ ਵਿੱਚ ਮਲ੍ਹੇ ਵੀ ਹਨ। ਜਿਨ੍ਹਾਂ ਦੀ ਉੱਚਾਈ ਸਿਰਫ਼ 4-5 ਫੁੱਟ ਹੀ ਹੁੰਦੀ ਹੈ। ਜਦਕਿ ਇੱਕ ਬੇਰੀ ਭਾਵੇਂ ਆਲੇ-ਦੁਆਲੇ ਨੂੰ ਵੀ ਛੱਤਰੀ ਤਾਣਦੀ ਹੈ। ਇਹ 25-30 ਫੁੱਟ ਤੱਕ ਉੱਚੀ ਚਲੀ ਜਾਂਦੀ ਹੈ। ਖੇਤੀ ਬਾੜੀ ਮਾਹਿਰਾਂ ਨੇ ਸੋਉ ਅਤੇ ਪਿਉ ਦੀ ਬੇਰਾਂ ਦੀਆਂ ਕਈ ਉੱਨਤ ਕਿਸਮਾਂ ਦੀ ਕਾਢ ਕੱਢੀ ਹੈ। ਇਨ੍ਹਾਂ ਬਾਰੇ ਵੀ ਸਾਂਝੀਆਂ ਲੋਕ-ਬੋਲੀਆਂ ਗਿਆਨ ਕਰਦੀਆਂ ਹਨ-

ਮਿੱਠਾ ਸੁਆਦ ਮਾਖਿਓਂ ਵਰਗਾ ਪਿਉ ਦੀ ਬੇਰੀ ਦਾ।

ਜਿੱਥੇ ਬੇਰ ‘ਗਰੀਬਾਂ ਦਾ ਮੇਵਾ’ ਹਨ ਉਥੇ ਇਹ ਗੁਣਾਤਮਿਕ ਪੱਖੋਂ ਵੀ ਘੱਟ ਨਹੀਂ। ਇਹ ਡਾਕਟਰੀ ਅੰਦਾਜ਼ੇ ਮੁਤਾਬਿਕ ਇੱਕ ਬੇਰ ਵਿੱਚ ਇੱਕ ਸੇਬ ਜਿੰਨੀ ਤਾਕਤ ਹੁੰਦੀ ਹੈ। ਪੱਕੇ ਬੇਰ ਸਰੀਰ ਲਈ ਟਾਨਿਕ ਦਾ ਕੰਮ ਕਰਦੇ ਹਨ। ਇਹ ਠੰਢੇ ਤੇ ਕਬਜ਼ਕੁਸਾ ਹਨ। ਪਿਆਸ ਤੇ ਜਿਗਰ ਦੀ ਗਰਮੀ ਘਟਾਉਂਦੇ ਹਨ। ਉਲਟੀਆਂ ਬੰਦ ਕਰਦੇ ਹਨ। ਖ਼ੂਨ ਸਾਫ਼ ਕਰਦੇ ਹਨ। ਬੇਰੀ ਦੀ ਜੜ੍ਹ ਕੌੜੀ ਹੈ ਜੋ ਠੰਡੀ ਹੋਣ ਕਾਰਨ ਸਰੀਰ ਦੀ ਗਰਮੀ ਤੇ ਸਿਰ ਪੀੜ ਦੂਰ ਕਰਦੀ ਹੈ। ਇਸ ਦੀ ਛਿੱਲ ਦਾ ਰਸ ਜ਼ਖ਼ਮਾਂ ਨੂੰ ਰਾਜ਼ੀ ਕਰਨ ਵਿੱਚ ਸਹਾਈ ਹੁੰਦਾ ਹੈ। ਬੇਰੀ ਦੇ ਪੱਤੇ ਸਿਰ ਧੋਣ ਲਈ ਵਰਤੇ ਜਾਣ ਤਾਂ ਵਾਲ ਲੰਮੇ ਕਰਦੇ ਹਨ। ਇਸ ਤਰ੍ਹਾਂ ਬੇਰੀ ਸਾਡੇ ਜੀਵਨ ਦਾ ਇੱਕ ਅਟੁੱਟ ਅੰਗ ਬਣੀ ਹੋਈ ਹੈ। ਅਨੇਕਾਂ ਫ਼ਾਇਦਿਆਂ ਦਾ ਭੰਡਾਰ ਬਖ਼ਸ਼ਦੀ ਹੈ। ਇਸ ਦਾ ਜ਼ਿਕਰ ਲੋਕ ਬੋਲੀਆਂ ਅਤੇ ਲੋਕ-ਗੀਤਾਂ ਵਿੱਚ ਆਮ ਹੋਇਆ ਹੈ ਜਿਨ੍ਹਾਂ ਦੀ ਉਮਰ ਇਸ ਮਨੁੱਖ ਜਿੱਡੀ ਹੈ। ਜਦੋਂ ਕੁੜੀ ਦਾ ਕੋਮਲ ਦਿਲ ਜਵਾਨੀ ਦੀ ਅੰਗੜਾਈ ਲੈਂਦਾ ਹੈ ਤਾਂ ਉਹਦਾ ਅਹਿਸਾਸ ਬੇਰੀ ਤੋਂ ਹੁੰਦਾ ਹੈ-

ਬਾਗ਼ ਲਵਾਨੀਆਂ ਬਗ਼ੀਚਾ ਲਵਾਨੀਆਂ
ਵਿੱਚ ਲਵਾਨੀਆਂ ਬੇਰੀਆਂ

ਮੁਟਿਆਰ ਆਪਣੇ ਮਾਹੀ ਦੀ ਉਡੀਕ ਵਿੱਚ ਬੇਕਰਾਰ ਹੋਈ ਪਈ ਹੈ-

ਅਜੇ ਆਇਆ ਨਾ ਢੋਲ ਸਿਪਾਹੀ
ਬੇਰੀਆਂ ਨੂੰ ਬੂਰ ਪੈ ਗਿਆ।

ਸਾਡੇ ਸਮਾਜ ਵਿੱਚ ਛੜੇ ਵਰਗ ਨੂੰ ਇੱਕ ਵੱਖਰੇ ਅੰਦਾਜ਼ ਨਾਲ ਪੇਸ਼ ਕਰਦਾ ਹੈ-

ਕਿਹੜੀ ਬੇਰੀ ਨੂੰ ਕੱਚੇ ਬੇਰ ਲੱਗਦੇ,
ਕਿਹੜੀ ਨੂੰ ਲੱਗਦੇ ਗੜੇਂਦੇ
ਪੁੱਛੋ ਛੜਿਆਂ ਨੂੰ
ਸਾਰੀ ਰਾਤ ਨਾ ਸੌਂਦੇ।

ਜਦੋਂ ਕਿਸੇ ਨੂੰ ਸੁਧਾਰਨ ਲਈ ਆਖਣਾ ਹੋਵੇ ਤਾਂ ਇਹ ਅਖੌਤ ਵਰਤੀ ਜਾਂਦੀ ਹੈ- ‘ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ।’

ਸਹੁਰੇ ਜਾਂਦੀ ਮੁਟਿਆਰ ਨੂੰ ਵੀ ਇੰਝ ਨਸੀਹਤ ਦਿੱਤੀ ਜਾਂਦੀ ਹੈ-

ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ
ਚੁੱਕ ਝੋਲੀ ਵਿੱਚ ਪਾ ਲੈ।
ਆਸੇ ਪਾਸੇ ਮਿੱਟੀ ਨਾ ਲੱਗ ਜੇ
ਝਾੜ-ਪੂੰਝ ਕੇ ਖਾ ਲੈ
ਨੀ ਲੱੜ ਛੱਡ ਮਾਪਿਆਂ ਦਾ
ਮੋਹ ਸਹੁਰਿਆਂ ਵਿੱਚ ਪਾ ਲੈ।

ਦਿਓਰ ਭਾਬੀ ਦਾ ਰਿਸ਼ਤਾ ਵੀ ਬੜਾ ਰੁਮਾਂਟਿਕ ਤੇ ਨੋਕ-ਝੋਕ ਵਾਲਾ ਹੁੰਦਾ ਹੈ। ਜਿੱਥੇ ਭਾਬੀ ਛੋਟੇ ਦਿਓਰ ਨੂੰ ਡਾਢਾ ਪਿਆਰ ਕਰਦੀ ਹੈ ਉਥੇ ਦਿਓਰ ਵੀ ਬੇਰ ਦੀ ਤੁਲਨਾ ਉਸ ਦੀ ਗਲ੍ਹ ਨਾਲ ਕਰਦਾ ਹੈ-

ਨੀ ਭਾਬੀ ਤੇਰੀ ਗਲ੍ਹ ਵਰਗਾ
ਮੈਨੂੰ ਬੇਰੀਆਂ ’ਚੋਂ ਬੇਰ ਥਿਆਇਆ।

ਇੰਝ ਬੇਰ ਸਾਨੂੰ ਖੱਟੇ-ਮਿੱਠੇ ਸਵਾਦ ਦੇ ਨਾਲ-ਨਾਲ ਮਨੋਰੰਜਨ ਵੀ ਬਖ਼ਸ਼ਦੇ ਹਨ ਤੇ ਸਾਡੇ ਲੋਕ ਸਾਹਿਤ ਅਤੇ ਸਮਾਜਿਕ ਰਿਸ਼ਤਿਆਂ ਵਿੱਚ ਅਹਿਮ ਥਾਂ ਰੱਖਦੇ ਹਨ-

ਬੇਰੀਏ ਨੀ ਤੈਨੂੰ ਬੇਰ ਲੱਗਣਗੇ
ਕਿੱਕਰੇ ਨੀ ਤੈਨੂੰ ਤੁੱਕੇ
ਗੋਰੀਏ ਛਾਂ ਕਰਦੇ ਰਾਂਝਾ ਸੁੱਕ ਗਿਆ ਧੁੱਪੇ।

ਬੇਰਾਂ ਵਿਚੋਂ ਬੇਰ ਛਾਣੀਏ
ਰਾਝਾਂ ਨੀ ਰਾਂਝਾ ਭਰੇ ਪਤਾਸੇ ਦਾ
ਕਿੱਕਰਾਂ ਵੀ ਲੰਘ ਆਈ
ਬੇਰੀਆਂ ਵੀ ਲੰਘ ਆਈ
ਲੰਘਣਾ ਰਹਿ ਗਿਆ ਘਾਹ ਵੇ
ਲਾਮ ਤੋਂ ਸਿਪਾਹੀ ਵੇ
ਕਦੀ ਬਣ ਕੇ ਪ੍ਰਾਹੁਣਾ ਆਵੇ।
ਤੈਨੂੰ ਬੇਰੀਆਂ ਦੇ ਝੁੰਡ ’ਚੋਂ ਬੁਲਾਵਾਂ
ਡੰਡੀ -ਡੰਡੀ ਆ ਜਾ ਗੋਰੀਏ।

ਦੱਸ ਕਿਹੜੇ ਮੈਂ ਬਹਾਨੇ ਆਵੇ ਬੇਰੀਆਂ ਦੇ ਬੇਰ ਮੁੱਕ ਗਏ।

ਬੇਰੀਆਂ ਵੀ ਲੰਘ ਗਈਆਂ ਕਿੱਕਰਾਂ ਵੀ ਲੰਘ ਗਈਆਂ

ਲੰਘਣੋਂ ਰਹਿ ਗਏ ਤੂਤ
ਜੇ ਮੇਰੀ ਸੱਸ ਮਰ ਜਾਏ
ਮੈਂ ਮਾਰਾ ਲੰਮੀ ਕੂਕ।

## ਨੋਬਲ ਸਾਹਿਤ ਪੁਰਸਕਾਰ-2024

# ਜ਼ਿੰਦਗੀ ਦੇ ਸੰਘਰਸ਼ ਅਤੇ ਪਿਆਰ ਵਿਚਕਾਰ ਸ਼ਬਦਾਂ ਦੀ ਤਾਲ ਹਾਨ ਕਾਂਗ

**ਡਾ. ਕ੍ਰਿਸ਼ਨ ਕੁਮਾਰ ਰੱਤੂ**




ਇਸ ਵਾਰ ਸਾਰੀਆਂ ਸਾਹਿਤਕ ਭਵਿੱਖਬਾਣੀਆਂ ਤੋਂ ਪਾਰ ਦੱਖਣੀ ਕੋਰੀਆ ਦੀ ਲੇਖਕ ਹਾਨ ਕਾਂਗ ਨੂੰ ਸਾਹਿਤ ਦਾ ਨੋਬੇਲ ਪੁਰਸਕਾਰ ਦੇਣ ਦੇ ਐਲਾਨ ਨਾਲ ਹੁਣ ਪਤਾ ਲੱਗਾ ਹੈ ਕਿ ਸਾਹਿਤ ਜਗਤ ਵਿੱਚ ਨਵੀਆਂ ਆਵਾਜ਼ਾਂ ਦੀ ਨਵੀਂ ਲਹਿਰ ਉੱਠ ਰਹੀ ਹੈ। ਹਾਨ ਕਾਂਗ ਦੱਖਣੀ ਕੋਰੀਆ ਤੋਂ ਹੈ। ਦੱਖਣੀ ਕੋਰੀਆ ਅਤੇ ਇਸ ਦੇ ਸਾਹਿਤ ਦੀ ਆਵਾਜ਼ ਨਵੀਂ ਪੂਰਬੀ ਹਵਾ ਵਾਂਗ ਹੈ ਜੋ ਇਸ ਦੇ ਸਮੁੱਚੇ ਸਾਹਿਤ ਵਿੱਚ ਦਿਖਾਈ ਦਿੰਦੀ ਹੈ।

53 ਸਾਲਾਂ ਨੂੰ ਢੁੱਕੀ ਹਾਨ ਕਾਂਗ ਨੇ ਆਪਣੀਆਂ ਕਵਿਤਾਵਾਂ ਅਤੇ ਨਾਵਲਾਂ ਵਿੱਚ ਆਪਣੇ ਪਿਆਰ ਅਤੇ ਜਿਊਣ ਦੀ ਇੱਛਾ ਨੂੰ ਸ਼ਬਦਾਂ ਦੇ ਵਾਵਰੋਲੇ ਰਾਹੀਂ ਬਿਆਨ ਕੀਤਾ ਹੈ ਤੇ ਸੰਘਰਸ਼ ਦੀ ਕਹਾਣੀ ਬਿਆਨ ਕੀਤੀ ਹੈ। ਉਸ ਨੇ ਆਪਣੇ ਸਿਰਜਣਾਤਮਕ ਅਮਲ ਦੀਆਂ ਅਤਿਅੰਤ ਗੂੰਜਦੀਆਂ ਮਨੁੱਖੀ ਸੰਭਾਵਨਾਵਾਂ ਦੀ ਖੋਜ ਕੀਤੀ ਜਿਸ ਨੇ ਜ਼ਿੰਦਗੀ ਅਤੇ ਦੁਨੀਆਂ ਦੇ ਯਾਦਗਾਰੀ ਪਲਾਂ ਬਾਰੇ ਲਿਖਿਆ। ਇਹ ਮਨੁੱਖਤਾ ਅਤੇ ਜੀਵਨ ਸੰਵੇਦਨਾ ਨਾਲ ਭਰਪੂਰ ਸਾਹਿਤ ਹੈ।

ਨੋਬੇਲ ਪੁਰਸਕਾਰ ਦੇਣ ਵਾਲੀ ਨੋਬੇਲ ਸਵੀਡਿਸ਼ ਅਕੈਡਮੀ ਨੇ ਕਿਹਾ ਹੈ ਕਿ ਇਹ ਸਨਮਾਨ ਹਾਨ ਕਾਂਗ ਨੂੰ ਉਸ ਦੀ ਡੂੰਘੀ ਕਾਵਿਕ ਅਤੇ ਰੂਹਾਨੀ ਵਾਰਤਕ ਤੇ ਕਵਿਤਾ ਦੀ ਇਤਿਹਾਸਕ ਪ੍ਰਸੰਗਿਕਤਾ ਵਾਲੇ ਸਾਹਿਤਕ ਕਾਰਜ ਲਈ ਦਿੱਤਾ ਗਿਆ ਹੈ। ਹਾਨ ਕਾਂਗ ਦੇ ਸਾਹਿਤ ਰਾਹੀਂ ਮਨੁੱਖੀ ਜੀਵਨ ਦੀਆਂ ਕਈ ਪਰਤਾਂ ਉਜਾਗਰ ਹੋਈਆਂ ਹਨ।

ਹਾਨ ਕਾਂਗ ਦਾ ਜਨਮ 27 ਨਵੰਬਰ 1970 ਨੂੰ ਦੱਖਣੀ ਕੋਰੀਆ ਵਿੱਚ ਹਾਨ ਨਦੀ ਦੇ ਕੰਢੇ ਹੋਇਆ। ਹਾਨ ਕਾਂਗ ਨੇ ਜਾਨਸਨ ਯੂਨੀਵਰਸਿਟੀ ਤੋਂ ਆਪਣੀ ਪੜ੍ਹਾਈ ਪੂਰੀ ਕੀਤੀ। ਉਸ ਦੇ ਪਿਤਾ ਨਾਵਲਕਾਰ ਹਨ। ਹਾਨ ਕਾਂਗ ਨੇ ਆਪਣੀ ਡਾਇਰੀ ਵਿੱਚ ਕਵਿਤਾਵਾਂ, ਕਹਾਣੀਆਂ ਅਤੇ ਨਾਵਲਾਂ ਬਾਰੇ ਖੁੱਲ੍ਹ ਕੇ ਲਿਖਿਆ ਹੈ। ਉਸ ਦੀਆਂ ਇਨ੍ਹਾਂ ਕਿਤਾਬਾਂ ਨੇ ਪੂਰੀ ਦੁਨੀਆ ਵਿੱਚ ਹਲਚਲ ਮਚਾ ਦਿੱਤੀ ਹੈ। ਆਪਣੀ ਕਵਿਤਾ ਦੀ ਇੱਕ ਸਤਰ ਵਿੱਚ ਉਹ ਕਹਿੰਦੀ ਹੈ ਕਿ ਉਹ ਕੋਰੀਆ ਦੇ ਬਸਤੀਵਾਦੀ ਸਮੇਂ ਦੇ ਜੀਵਨ ਤੇ ਇਤਿਹਾਸ ਨੂੰ ਸਮਝਦੀ ਹੈ ਅਤੇ ਉਸ ਨੇ ਆਪਣੇ ਸਮੇਂ ਵਿੱਚ ਆਪਣੀ ਨਸਲ ਨਾਲ ਚਲਦਿਆਂ ਜੋ ਕੁਝ ਦੇਖਿਆ ਹੈ, ਉਹ ਹੈਰਾਨੀਜਨਕ ਹੈ।

ਹਾਨ ਕਾਂਗ ਨੇ 1993 ਵਿੱਚ ਆਪਣੀ ਕਵਿਤਾਵਾਂ ਦੀ ਕਿਤਾਬ 'ਵਿੰਟਰ ਇੰਸ਼ੋਰੈਂਸ' ਨਾਲ ਆਪਣੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਕੀਤੀ। ਉਸ ਦੀਆਂ ਬਹੁਤ ਸਾਰੀਆਂ ਕਿਤਾਬਾਂ ਵਿੱਚ 'ਰੈੱਡ ਐਂਕਰ' ਦੇ ਨਾਲ-ਨਾਲ ਉਸ ਦਾ ਪਹਿਲਾ ਕਹਾਣੀ ਸੰਗ੍ਰਹਿ 'ਲਵ ਐਪ ਯੇਸ਼ੂਆਈ' ਸ਼ਾਮਲ ਹੈ ਜੋ 1995 ਵਿੱਚ ਪ੍ਰਕਾਸਿਤ ਹੋਇਆ ਸੀ। 1998 ਵਿੱਚ ਉਸ ਦੀਆਂ ਕਈ ਕਿਤਾਬਾਂ ਸਾਹਮਣੇ ਆਈਆਂ ਜਿਨ੍ਹਾਂ ਵਿੱਚ 'ਬ੍ਰੈਥ ਫ਼ਾਈਟਿੰਗ', 'ਗ੍ਰੀਕ ਲੈਸਨ', 'ਹਿਊਮਨ ਐਕਟਸ', 'ਵ੍ਹਾਈਟ ਬੁੱਕ' ਆਦਿ ਸ਼ਾਮਲ ਹਨ। 2002 ਵਿੱਚ 'ਕੋਲਡ ਹੈਂਡ' ਅਤੇ 'ਸੰਗ ਸਿੰਗ' ਤੋਂ ਇਲਾਵਾ ਹੋਰ ਕਿਤਾਬਾਂ ਜਿਵੇਂ 'ਮੰਗੋਲੀਅਨ ਵੇ' ਆਈਆਂ। 2018 ਵਿੱਚ ਪ੍ਰਕਾਸਿਤ ਉਸ ਦਾ ਇਤਿਹਾਸਕ ਨਾਵਲ 'ਵ੍ਹਾਈਟ ਬੁੱਕ' ਪੜ੍ਹਦਿਆਂ ਮਹਿਸੂਸ ਹੋਇਆ ਕਿ ਇਹ ਦੁਨੀਆਂ ਦੀ ਅੱਜ ਦੀ ਕਹਾਣੀ ਦੀ ਉਮਦਾ ਉਦਾਹਰਨ ਹੈ।

ਹਾਨ ਕਾਂਗ ਨੇ ਆਪਣੀ ਮੁੱਢਲੀ ਪੜ੍ਹਾਈ ਦੇ ਨਾਲ-ਨਾਲ ਪਹਿਲਾਂ ਪਹਿਲ ਕਵਿਤਾ ਲਿਖਣੀ ਸ਼ੁਰੂ ਕੀਤੀ ਜਿਸ ਵਿੱਚ ਹਰ ਸਵੇਰ ਨਵੀਆਂ ਸੰਭਾਵਨਾਵਾਂ ਅਤੇ ਉਮਰ ਦੇ ਗੁੰਝਲਦਾਰ ਸਵਾਲ ਉੱਠਦੇ ਹਨ। ਹਾਨ ਦੀ ਜੀਵਨ ਦੀ ਇਹ ਵਿਸ਼ਾਲਤਾ ਉਸ ਦੀਆਂ ਲਿਖਤਾਂ ਵਿੱਚ ਕਈ ਥਾਈਂ ਝਲਕਦੀ ਹੈ। ਉਸ ਨੇ ਜਿਨ੍ਹਾਂ ਹਾਲਾਤ ਵਿੱਚ ਆਪਣੀਆਂ ਰਚਨਾਵਾਂ ਲਿਖੀਆਂ, ਉਹ ਦਲੇਰੀ ਦੀ ਅਦਭੁਤ ਮਿਸਾਲ ਹੈ। ਅਜਿਹੀ ਮਿਸਾਲ ਅੱਜ ਕੱਲ੍ਹ ਰਚੇ ਜਾ ਰਹੇ ਸਾਹਿਤ ਵਿੱਚ ਵਿਰਲੀ ਹੀ ਨਹੀਂ ਮਿਲਦੀ ਹੈ। ਇਹੀ ਕਾਰਨ ਹੈ ਕਿ ਉਸ ਦੀਆਂ ਰਚਨਾਵਾਂ ਨੂੰ ਦੁਨੀਆਂ ਵਿੱਚ ਬਹੁਤ ਲੋਕਾਂ ਨੇ ਸਲਾਹਿਆ ਹੈ ਅਤੇ ਇਸ ਦਾ ਅਨੁਵਾਦ ਦੂਜੀਆਂ ਭਾਸ਼ਾਵਾਂ ਵਿੱਚ ਹੋਇਆ ਹੈ। ਅੱਜ ਹਾਨ ਕਾਂਗ ਦੀਆਂ ਕਿਤਾਬਾਂ ਦੁਨੀਆਂ ਦੀਆਂ ਕਈ ਭਾਸ਼ਾਵਾਂ ਵਿੱਚ ਪੜ੍ਹੀਆਂ ਜਾਂਦੀਆਂ ਹਨ।

ਹਾਨ ਕਾਂਗ ਦੇ ਨਾਵਲ 'ਵੈਜੀਟੇਰੀਅਨ' ਨੂੰ 2016 ਵਿੱਚ ਬੁਕਰ ਇੰਟਰਨੈਸ਼ਨਲ ਪੁਰਸਕਾਰ ਮਿਲ ਚੁੱਕਾ ਹੈ। ਇਸ ਤੋਂ ਪਹਿਲਾਂ ਉਹਨੂੰ 1999 ਵਿੱਚ ਕੋਰੀਅਨ ਫ਼ਿਕਸ ਐਵਾਰਡ, ਸਾਹਿਤ ਲਈ ਜੰਗ ਆਰਟਿਸਟ ਐਵਾਰਡ ਤੇ ਕੋਰੀਆ ਦੇ ਸਰਵਉੱਚ ਸਾਹਿਤਕ ਪੁਰਸਕਾਰ ਸਮੇਤ ਕਈ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਹੈ।

ਹਾਨ ਕਾਂਗ ਜਿਸ ਨੇ ਆਪਣੇ ਜੀਵਨ ਸੰਘਰਸ਼ ਰਾਹੀਂ ਜੀਵਨ ਅਤੇ ਮਨੁੱਖੀ ਕਦਰਾਂ-ਕੀਮਤਾਂ ਦੀ ਨਵੀਂ ਵਿਆਖਿਆ ਸਥਾਪਤ ਕੀਤੀ ਤੇ ਸੁੰਦਰਤਾ ਵਰਗੇ ਸ਼ਬਦਾਂ ਦੀਆਂ ਸੀਮਾ ਰੇਖਾਵਾਂ ਨੂੰ ਰੂਪਮਾਨ ਕੀਤਾ, ਉਹ ਚੰਗੇ ਸਾਹਿਤ ਦੀ ਨਿਸ਼ਾਨੀ ਹੈ। ਹਾਨ ਨੇ ਆਪਣੀਆਂ ਸਾਰੀਆਂ ਰਚਨਾਵਾਂ ਵਿੱਚ ਜਿਨ੍ਹਾਂ ਸਮੱਸਿਆਵਾਂ ਨੂੰ ਆਪਣੀ ਸ਼ੈਲੀ ਨਾਲ ਦਰਸਾਇਆ ਹੈ, ਉਹ ਸੱਚਮੁੱਚ ਹੀ ਲਾਜਵਾਬ ਹੈ। ਹਾਨ ਅਨੁਸਾਰ ਅੱਜ ਜਦੋਂ ਜ਼ਿੰਦਗੀ ਵਿੱਚ ਸਭ ਕੁਝ ਬਦਲ ਰਿਹਾ ਹੈ ਅਤੇ ਸੰਸਾਰ ਤੇਜ਼ੀ ਨਾਲ ਬਦਲ ਰਿਹਾ ਹੈ, ਸਾਹਿਤ ਲਈ ਬਚੀ ਹੋਈ ਸਪੇਸ ਬੀਤੇ ਦੀ ਗੱਲ ਬਣ ਗਈ ਹੈ। ਅੱਜ ਕੱਲ੍ਹ ਜਿਸ ਤਰ੍ਹਾਂ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਅਤੇ ਸੋਸ਼ਲ ਤੇ ਡਿਜੀਟਲ ਮੀਡੀਆ ਦੀ ਵਧ ਰਹੀ ਵਰਤੋਂ ਨੇ ਕਿਤਾਬਾਂ ਦੀ ਦੁਨੀਆ ਬਦਲ ਦਿੱਤੀ ਹੈ, ਉਸ ਨੇ ਇਹ ਉਮੀਦ ਵੀ ਪ੍ਰਗਟ ਕੀਤੀ ਹੈ ਕਿ ਸਾਹਿਤ ਦੁਨੀਆ ਵਿੱਚ ਕੀ ਭੂਮਿਕਾ ਨਿਭਾਏਗਾ।

ਹਾਨ ਕਾਂਗ ਦੁਨੀਆਂ ਦੇ ਉਨ੍ਹਾਂ ਲੇਖਕਾਂ ਵਿੱਚ ਸ਼ਾਮਿਲ ਹੋ ਗਈ ਹੈ ਜੋ ਕਹਿੰਦੇ ਹਨ ਕਿ ਜਦੋਂ ਤੱਕ ਮਨੁੱਖ ਇਸ ਸੰਸਾਰ ਵਿੱਚ ਹੈ, ਉਹ ਆਪਣੇ ਸ਼ਬਦਾਂ ਨਾਲ ਸੰਸਾਰ ਵਿੱਚ ਰਹੇਗਾ ਅਤੇ ਸਾਹਿਤ ਦੀਆਂ ਸ਼ਕਤੀਆਂ ਵਿੱਚ ਜੀਵਨ ਦੀਆਂ ਪਰਿਭਾਸ਼ਾਵਾਂ ਮਿਲਦੀਆਂ ਰਹਿਣਗੀਆਂ ਜੋ ਸਾਹਿਤ ਵਿੱਚ ਹੀ ਸੰਭਵ ਹਨ। ਇਸੇ ਲਈ ਸਾਹਿਤ ਅਮਰ ਹੈ ਅਤੇ ਅਮਰ ਰਹੇਗਾ। ਉਸ ਨੂੰ ਸਾਹਿਤ ਦਾ ਨੋਬੇਲ ਪੁਰਸਕਾਰ ਮਿਲਣ ਤੋਂ ਇਕ ਗੱਲ ਤਾਂ ਸਪੱਸ਼ਟ ਹੋ ਜਾਂਦੀ ਹੈ ਕਿ ਜੀਵਨ ਦੀਆਂ ਸੱਚੀਆਂ, ਤਰਕਸ਼ੀਲ, ਸ਼ੁੱਧ ਅਤੇ ਸੰਭਾਵਨਾਵਾਂ ਦੀ ਖੋਜ ਕਰਨ ਵਾਲਾ ਸ਼ਾਬਦਿਕ ਸੰਸਾਰ ਸਦਾ ਜਿਊਂਦਾ ਰਹਿੰਦਾ ਹੈ। ਹਾਨ ਕਾਂਗ ਦੇ ਸਹਿਤ ਦੀ ਵੱਡੀ ਪ੍ਰਾਪਤੀ ਇਹ ਵੀ ਹੈ ਕਿ ਉਹ ਮਨੁੱਖੀ ਦੁਖਾਂਤਾਂ ਦੇ ਨਾਲ-ਨਾਲ ਸੁਫ਼ਨਿਆਂ ਵਿੱਚ ਵੀ ਸਭ ਤੋਂ ਅੱਗੇ ਰਹਿੰਦਾ ਹੈ।

ਉੱਘੀ ਲੇਖਕਾ ਹਾਨ ਕਾਂਗ ਨੂੰ ਇਸ ਸਮੇਂ ਸਾਹਿਤ ਦਾ ਨੋਬੇਲ ਪੁਰਸਕਾਰ ਮਿਲਣਾ ਸਾਹਿਤ ਜਗਤ ਵਿੱਚ ਆਉਣ ਵਾਲੇ ਉਤਰਾਅ-ਚੜ੍ਹਾਅ ਦੀ ਨਵੀਂ ਪਛਾਣ ਅਤੇ ਪਰਿਭਾਸ਼ਾ ਹੈ ਜਿਸ ਉੱਤੇ ਮਾਣ ਕੀਤਾ ਜਾ ਸਕਦਾ ਹੈ।

# ਪੂਰਬ ਦੇ ਆਕਸ.ਫੋਰਡ ਵਿੱਚ ਕਿਤਾਬਾਂ 'ਤੇ ਬੁਲਡੋਜ਼ਰ



**ਸਰਵਮਿੱਤਰਾ ਸੁਰਜਨ**



ਹਰਿਆਣਾ ਅਤੇ ਜੰਮੂ-ਕਸ਼ਮੀਰ 'ਚ ਚੋਣਾਂ ਦੀ ਗਹਿਮਾ ਗਹਿਮੀ ਦੌਰਾਨ ਕਈ ਅਹਿਮ ਖ਼ਬਰਾਂ ਹਾਸ਼ੀਏ 'ਤੇ ਧੱਕ ਦਿੱਤੀਆਂ ਗਈਆਂ, ਇਨ੍ਹਾਂ 'ਚੋਂ ਇੱਕ ਖ਼ਬਰ ਅਜੋਕੇ ਪ੍ਰਯਾਗਰਾਜ ਯਾਨੀ ਬੀਤੇ ਸਮੇਂ ਦੇ ਇਲਾਹਾਬਾਦ ਤੋਂ ਆਈ ਹੈ। ਖ਼ਬਰ ਹੈ ਕਿ ਹੁਣ ਬੁਲਡੋਜ਼ਰਾਂ ਦੇ ਜ਼ੋਰ ਦਾ ਅਸਰ ਕਿਤਾਬਾਂ 'ਤੇ ਵੀ ਪੈਣਾ ਸ਼ੁਰੂ ਹੋ ਗਿਆ ਹੈ। ਪਿਛਲੇ ਦਿਨੀਂ ਨਗਰ ਨਿਗਮ ਦੀ ਨਾਜਾਇਜ਼ ਕਬਜ਼ੇ ਹਟਾਓ ਟੀਮ ਨੇ ਫ਼ੁੱਟ-ਪਾਥ 'ਤੇ ਪੁਰਾਣੀਆਂ ਕਿਤਾਬਾਂ ਵੇਚ ਕੇ ਰੋਜ਼ੀ-ਰੋਟੀ ਕਮਾਉਣ ਵਾਲੇ ਗਰੀਬ ਦੁਕਾਨਦਾਰ ਦੇ ਬਕਸੇ ਨੂੰ ਬੁਲਡੋਜ਼ਰ ਨਾਲ ਕੁਚਲ ਦਿੱਤਾ। ਦੁਕਾਨਦਾਰ ਇਸ ਲੋਹੇ ਦੇ ਬਕਸੇ ਵਿੱਚ ਪੁਰਾਣੀਆਂ ਕਿਤਾਬਾਂ ਰੱਖਦੇ ਸਨ। ਪੜ੍ਹਨ ਦੇ ਸ਼ੌਕੀਨ, ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਨ ਵਾਲੇ ਅਤੇ ਲੋੜਵੰਦ ਵਿਦਿਆਰਥੀ ਸਸਤੇ ਭਾਅ ਇਹ ਪੁਰਾਣੀਆਂ ਕਿਤਾਬਾਂ ਖ਼ਰੀਦਦੇ ਸਨ। ਕਈ ਦੁਕਾਨਦਾਰ ਇਲਾਹਾਬਾਦ ਕੇਂਦਰੀ ਯੂਨੀਵਰਸਿਟੀ ਦੇ ਬਾਹਰ ਫ਼ੁੱਟ-ਪਾਥ 'ਤੇ ਪੁਰਾਣੀਆਂ ਕਿਤਾਬਾਂ ਦੀਆਂ ਦੁਕਾਨਾਂ ਲਗਾ ਦਿੰਦੇ ਹਨ ਅਤੇ ਇਹ ਰੁਝਾਨ ਕਈ ਸਾਲਾਂ ਤੋਂ ਚੱਲ ਰਿਹਾ ਹੈ। ਪਰ ਹੁਣ ਨਗਰ ਨਿਗਮ ਨੇ ਇਸ ਵਿੱਚ ਨਾਜਾਇਜ਼ ਕਬਜ਼ਿਆਂ ਨੂੰ ਦੇਖਦੇ ਹੋਏ ਕਬਜ਼ੇ ਹਟਾਉਣ ਦੀ ਮੁਹਿੰਮ ਵਿੱਢ ਦਿੱਤੀ ਹੈ। ਸਾਰੇ ਦੁਕਾਨਦਾਰਾਂ ਨੂੰ ਫ਼ੁੱਟ-ਪਾਥ ਤੋਂ ਆਪਣਾ ਸਾਮਾਨ ਹਟਾਉਣ ਦੇ ਨਿਰਦੇਸ਼ ਦਿੱਤੇ ਗਏ, ਕਈਆਂ ਨੇ ਉਨ੍ਹਾਂ ਨੂੰ ਹਟਾ ਦਿੱਤਾ ਪਰ ਇੱਕ ਗਰੀਬ ਦੁਕਾਨਦਾਰ ਕਿਤਾਬਾਂ ਇਕੱਠੀਆਂ ਨਾ ਕਰ ਸਕਿਆ ਤਾਂ ਬੁਲਡੋਜ਼ਰ ਚਲਾ ਕੇ ਉਨ੍ਹਾਂ ਕਿਤਾਬਾਂ ਦੇ ਟੁਕੜੇ-ਟੁਕੜੇ ਕਰ ਦਿੱਤੇ ਗਏ, ਉਨ੍ਹਾਂ ਨੂੰ ਇਸ ਤਰ੍ਹਾਂ ਲਿਤਾੜਿਆ ਗਿਆ ਕਿ ਸਮਾਜ ਪੜ੍ਹਾਈ ਛੱਡ ਦੇਵੇ। ਸ਼ਾਇਦ ਸਰਕਾਰ ਦੀ ਵੀ ਇਹੀ ਮਨਸ਼ਾ ਹੈ ਕਿਉਂਕਿ ਉਸ ਨੂੰ ਡਰ ਹੈ ਕਿ ਪੜ੍ਹਿਆ-ਲਿਖਿਆ ਭਾਈਚਾਰਾ ਸਿਰਫ਼ ਸਵਾਲ ਹੀ ਨਹੀਂ ਕਰੇਗਾ, ਸਗੋਂ ਸਮਾਜ ਨੂੰ ਤਰਕ ਦੇ ਗੁਰ ਵੀ ਸਿਖਾਏਗਾ।

ਜਦੋਂ ਅਕਬਰ ਇਲਾਹਾਬਾਦੀ ਤੋਪ ਦਾ ਮੁਕਾਬਲਾ ਕਰਨ ਲਈ ਇੱਕ ਅਖ਼ਬਾਰ ਛਾਪਣ ਦਾ ਸੁਝਾਅ ਦਿੰਦਾ ਹੈ, ਤਾਂ ਉਹ ਸਮਾਜ ਨੂੰ ਸਮਝਾਉਂਦਾ ਹੈ ਕਿ ਸਰਕਾਰ ਦੇ ਕਿਸੇ ਵੀ ਜ਼ੁਲਮ ਦਾ ਮੁਕਾਬਲਾ ਸਮਾਜ ਦੀ ਜਾਗਰੂਕਤਾ ਦੁਆਰਾ ਹੀ ਕੀਤਾ ਜਾ ਸਕਦਾ ਹੈ ਅਤੇ ਪੜ੍ਹ-ਲਿਖ ਕੇ ਹੀ ਸਮਾਜ ਜਾਗਰੂਕ ਹੋ ਸਕਦਾ ਹੈ। ਪਰ ਅੱਜ ਦੇ ਹਾਕਮ ਕਿਤਾਬਾਂ ਜ਼ਬਤ ਕਰਨ ਤੋਂ ਬਾਅਦ ਹੁਣ ਇਨ੍ਹਾਂ ਨੂੰ ਕੁਚਲਣ 'ਤੇ ਤੁਲੇ ਹੋਏ ਹਨ, ਇਹ ਡਰਾਉਣਾ ਹੈ।

ਲਾਇਬ੍ਰੇਰੀਆਂ 'ਤੇ ਹਮਲੇ, ਕਿਤਾਬਾਂ ਦੀਆਂ ਕਾਪੀਆਂ ਨੂੰ ਸਾੜਨਾ, ਕਿਸੇ ਕਿਤਾਬ ਦਾ ਵਿਰੋਧ ਕਰਨਾ ਅਤੇ ਉਸ 'ਤੇ ਪਾਬੰਦੀ ਲਗਾਉਣਾ, ਇਹ ਸਾਰੇ ਹੱਥਕੰਡੇ ਪਹਿਲਾਂ ਵੀ ਅਸਹਿਮਤੀ ਤੋਂ ਡਰਦੇ ਲੋਕਾਂ ਦੁਆਰਾ ਵਰਤੇ ਜਾਂਦੇ ਰਹੇ ਹਨ। ਜਨਵਰੀ 2004 ਵਿੱਚ ਸੰਭਾਜੀ ਬ੍ਰਿਗੇਡ ਦੇ ਕਰੀਬ 100 ਵਰਕਰਾਂ ਨੇ ਪੂਣੇ ਦੇ ਮਸ਼ਹੂਰ ਭੰਡਾਰਕਰ ਓਰੀਐਂਟਲ ਇੰਸਟੀਚਿਊਟ ਵਿੱਚ ਭੰਨਤੋੜ ਕੀਤੀ ਅਤੇ ਉੱਥੇ ਦੇ ਇਤਿਹਾਸਕਾਰਾਂ ਦੀ ਵੀ ਕੁੱਟਮਾਰ ਕੀਤੀ। ਸੰਭਾਜੀ ਬ੍ਰਿਗੇਡ ਇਸ ਗੱਲ ਤੋਂ ਨਾਰਾਜ਼ ਸੀ ਕਿ ਅਮਰੀਕੀ ਲੇਖਕ ਜੇਮਜ਼ ਲੇਨ ਨੇ ਆਪਣੀ ਕਿਤਾਬ 'ਸ਼ਿਵਾਜੀ ਹਿੰਦੂ ਕਿੰਗ ਇਨ ਇਸਲਾਮਿਕ ਇੰਡੀਆ' ਵਿੱਚ ਛਤਰਪਤੀ ਸ਼ਿਵਾਜੀ ਮਹਾਰਾਜ ਬਾਰੇ ਕੁਝ ਵਿਵਾਦਤ ਗੱਲਾਂ ਲਿਖੀਆਂ ਸਨ ਅਤੇ ਭੰਡਾਰਕਰ ਇੰਸਟੀਚਿਊਟ ਦੇ ਇਤਿਹਾਸਕਾਰਾਂ ਨੇ ਇਸ ਵਿੱਚ ਜੇਮਸ ਲੇਨ ਦੀ ਮਦਦ ਕੀਤੀ ਸੀ। ਉਨ੍ਹਾਂ ਨੇ ਆਪਣੀ ਨਾਰਾਜ਼ਗੀ ਜ਼ਾਹਰ ਕਰਨ ਦਾ ਇੱਕੋ ਇੱਕ ਤਰੀਕਾ ਲੱਭਿਆ ਉਹ ਸੀ ਲੜਾਈ ਅਤੇ ਭੰਨਤੋੜ ਕਰਨਾ। ਇਸ ਮਾਮਲੇ 'ਚ 2017 'ਚ ਸਾਰੇ 68 ਦੋਸ਼ੀਆਂ ਨੂੰ ਬੇਕਸੂਰ ਕਰਾਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਵੀ ਅਜਿਹੀਆਂ ਹੋਰ ਘਟਨਾਵਾਂ ਵਾਪਰੀਆਂ।

2020 ਵਿੱਚ, ਦੁਨੀਆਂ ਨੇ ਵੀਡੀਓ ਦੇਖੀ ਕਿ ਕਿਵੇਂ ਦਿੱਲੀ ਪੁਲਿਸ, ਸੀ.ਏ.ਏ. ਵਿਰੋਧੀ ਅੰਦੋਲਨ ਨੂੰ ਕੁਚਲਣ ਲਈ, ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿੱਚ ਦਾਖਲ ਹੋਈ ਅਤੇ ਉਥੇ ਪੜ੍ਹ ਰਹੇ ਵਿਦਿਆਰਥੀਆਂ 'ਤੇ ਲਾਠੀਚਾਰਜ ਕੀਤਾ। ਇਸੇ ਤਰ੍ਹਾਂ ਪਿਛਲੇ ਸਾਲ ਅਪ੍ਰੈਲ ਵਿੱਚ ਬਿਹਾਰ ਸ਼ਰੀਫ਼ ਵਿੱਚ ਭੜਕੇ ਦੰਗਿਆਂ ਵਿੱਚ 110 ਸਾਲ ਪੁਰਾਣੇ ਅਜ਼ੀਜ਼ੀਆ ਮਦਰੱਸੇ ਅਤੇ ਲਾਇਬ੍ਰੇਰੀ ਨੂੰ ਹਿੰਸਕ ਭੀੜ ਨੇ ਅੱਗ ਲਾ ਦਿੱਤੀ ਸੀ। ਜਿਸ ਵਿੱਚ ਇਤਿਹਾਸ, ਅੰਗਰੇਜ਼ੀ ਸਾਹਿਤ, ਪੁਰਾਤਨ ਹੱਥ-ਲਿਖਤਾਂ ਅਤੇ ਧਾਰਮਿਕ ਗ੍ਰੰਥਾਂ ਨਾਲ ਸਬੰਧਿਤ 4500 ਤੋਂ ਵੱਧ ਪੁਸਤਕਾਂ ਸੜ ਗਈਆਂ। ਇਤਿਹਾਸਕ ਮਹੱਤਤਾ ਵਾਲੀਆਂ ਕਿਤਾਬਾਂ ਅਤੇ ਦਸਤਾਵੇਜ਼ ਪੰਜ ਦਿਨ ਸੜਦੇ ਰਹੇ। ਜਦੋਂ ਪ੍ਰਧਾਨ ਮੰਤਰੀ ਮੋਦੀ ਨੇ ਤੀਜੀ ਵਾਰ ਸੱਤਾ ਸੰਭਾਲਣ ਤੋਂ ਬਾਅਦ ਜੂਨ 2024 ਵਿੱਚ ਨਾਲੰਦਾ ਯੂਨੀਵਰਸਿਟੀ ਦੇ ਨਵੇਂ ਕੈਂਪਸ ਦਾ ਉਦਘਾਟਨ ਕੀਤਾ, ਤਾਂ ਉਨ੍ਹਾਂ ਨੇ ਅਤੀਤ ਦੀ ਸ਼ਾਨ ਅਤੇ ਪੁਨਰਜਾਗਰਣ ਬਾਰੇ ਵੱਡੀਆਂ ਗੱਲਾਂ ਕਹੀਆਂ। ਫਿਰ ਲੋਕਾਂ ਨੂੰ ਇਹ ਘਟਨਾ ਵੀ ਚੇਤੇ ਆ ਗਈ ਕਿ 1193 ਵਿੱਚ ਨਾਲੰਦਾ ਯੂਨੀਵਰਸਿਟੀ ਨੂੰ ਬਖਤਿਆਰ ਖਿਲਜੀ ਨੇ ਅੱਗ ਲਾ ਦਿੱਤੀ ਸੀ ਅਤੇ ਇੱਥੇ ਹਫ਼ਤਿਆਂ ਤੱਕ ਕਿਤਾਬਾਂ ਬਲਦੀਆਂ ਰਹੀਆਂ। ਪਰ ਉਦੋਂ ਪ੍ਰਧਾਨ ਮੰਤਰੀ ਨੂੰ ਬਿਹਾਰ ਸ਼ਰੀਫ਼ ਦੀ ਇਤਿਹਾਸਕ ਲਾਇਬ੍ਰੇਰੀ ਨੂੰ ਸਾੜਨਾ ਯਾਦ ਨਹੀਂ ਸੀ ਆਇਆ।

ਅਤੀਤ ਦੀਆਂ ਘਟਨਾਵਾਂ ਨੂੰ ਕੋਈ ਨਹੀਂ ਬਦਲ ਸਕਦਾ, 12ਵੀਂ ਸਦੀ ਵਿੱਚ ਭਾਰਤ ਨਾ ਤਾਂ ਸੰਘੀ ਗਣਰਾਜ ਸੀ ਅਤੇ ਨਾ ਹੀ ਲੋਕਤੰਤਰੀ ਸਰਕਾਰ ਸੀ। ਪਰ ਹੁਣ ਅਸੀਂ ਦਸ ਸਦੀਆਂ ਅੱਗੇ ਆ ਚੁੱਕੇ ਹਾਂ ਅਤੇ ਜੇਕਰ ਸਮਾਜ ਵਿੱਚ ਅਸਹਿਮਤੀ ਨੂੰ ਦਬਾਉਣ ਜਾਂ ਸੱਤਾ ਦਾ ਆਤੰਕ ਸਥਾਪਤ ਕਰਨ ਲਈ ਹਜ਼ਾਰਾਂ ਸਾਲ ਪੁਰਾਣੇ ਤਰੀਕੇ ਅਪਣਾਏ ਜਾਣ ਤਾਂ ਸਮਾਜ ਨੂੰ ਸੋਚਣਾ ਪਵੇਗਾ ਕਿ ਵਿਕਸਤ ਭਾਰਤ ਦੀ ਗੱਲ ਕਰਨ ਵਾਲੇ ਦੇਸ਼ ਨੂੰ ਅੱਗੇ ਲੈ ਕੇ ਜਾਣਾ ਚਾਹੀਦਾ ਹੈ ਜਾਂ ਪਿੱਛੇ ਧੱਕਣਾ। ਵਿਕਾਸ ਦਾ ਮਤਲਬ ਨਿਸ਼ਚਿਤ ਤੌਰ 'ਤੇ ਸਮੇਂ ਦੇ ਪਹੀਏ ਨੂੰ ਉਲਟ ਦਿਸ਼ਾ ਵੱਲ ਮੋੜਨਾ ਨਹੀਂ ਹੈ।

ਫ਼ੁੱਟ-ਪਾਥ 'ਤੇ ਰੱਖੀਆਂ ਕਿਤਾਬਾਂ ਨੂੰ ਹਟਾਉਣ ਦੇ ਕਈ ਤਰੀਕੇ ਹੋ ਸਕਦੇ ਸਨ। ਕਬਜ਼ੇ ਨੂੰ ਹੋਰ ਤਰੀਕਿਆਂ ਨਾਲ ਵੀ ਹਟਾਇਆ ਜਾ ਸਕਦਾ ਸੀ। ਪਰ ਵਾਰ-ਵਾਰ ਬੁਲਡੋਜ਼ਰ ਦਿਖਾਉਣ ਦਾ ਮਤਲਬ ਹੈ ਕਿ ਲੋਕਾਂ ਦੇ ਮਨਾਂ ਵਿੱਚ ਕਿਸੇ ਨਾ ਕਿਸੇ ਤਰੀਕੇ ਨਾਲ ਡਰ ਪੈਦਾ ਕੀਤਾ ਜਾ ਰਿਹਾ ਹੈ। ਲੋਕਤੰਤਰ ਵਿੱਚ ਉਨ੍ਹਾਂ ਦੇ ਵਿਸ਼ਵਾਸ ਨੂੰ ਝੰਜੋੜਨ ਦੇ ਯਤਨ ਕੀਤੇ ਜਾ ਰਹੇ ਹਨ। ਪਾਠਕ ਜਾਣਦੇ ਹਨ ਕਿ ਪੂਰਬ ਦਾ ਆਕਸਫੋਰਡ ਮੰਨੇ ਜਾਣ ਵਾਲੇ ਇਸ ਪ੍ਰਯਾਗਰਾਜ ਵਿੱਚ ਅਜੇ ਵੀ ਇੱਕ ਯੂਨੀਵਰਸਿਟੀ ਸਾਹ ਲੈ ਰਹੀ ਹੈ (ਕਿੰਨਾ ਸਮਾਂ ਲੱਗੇਗਾ, ਕਿਹਾ ਨਹੀਂ ਜਾ ਸਕਦਾ)। ਇਲਾਹਾਬਾਦ ਯੂਨੀਵਰਸਿਟੀ 23 ਸਤੰਬਰ, 1887 ਨੂੰ ਸਿਰਫ਼ 5,240 ਰੁਪਏ ਦੇ ਕਰਜ਼ੇ ਨਾਲ ਸ਼ੁਰੂ ਕੀਤੀ ਗਈ ਸੀ। ਇਹ ਉੱਤਰ ਪ੍ਰਦੇਸ਼ ਦੀ ਪਹਿਲੀ ਯੂਨੀਵਰਸਿਟੀ ਹੈ ਅਤੇ ਭਾਰਤ ਦੀ ਚੌਥੀ ਸਭ ਤੋਂ ਪੁਰਾਣੀ ਯੂਨੀਵਰਸਿਟੀ ਹੈ। ਇਲਾਹਾਬਾਦ ਯੂਨੀਵਰਸਿਟੀ ਨੂੰ ਪੱਛਮੀ ਸੰਸਾਰ ਵਿੱਚ ਆਕਸਫੋਰਡ ਯੂਨੀਵਰਸਿਟੀ ਦੇ ਬਰਾਬਰ ਸਤਿਕਾਰ ਅਤੇ ਰੁਤਬਾ ਪ੍ਰਾਪਤ ਕਰਨਾ ਜਾਰੀ ਹੈ, ਕਿਉਂਕਿ ਇੱਥੇ ਅਧਿਆਪਨ ਅਤੇ ਖੋਜ ਦੀ ਇੱਕ ਸ਼ਾਨਦਾਰ ਪਰੰਪਰਾ ਸਥਾਪਤ ਕੀਤੀ ਗਈ ਹੈ।

ਜਿਸ ਤਰ੍ਹਾਂ ਕਿਤਾਬਾਂ ਨੂੰ ਬੁਲਡੋਜ਼ ਕੀਤਾ ਗਿਆ ਹੈ, ਉਹ ਅਗਾਂਹਵਧੂ ਸੋਚ ਵਾਲੇ ਲੋਕਾਂ ਲਈ ਸਿੱਧੀ ਚੁਣੌਤੀ ਹੈ ਕਿ ਸਰਕਾਰ ਤੁਹਾਡੀਆਂ ਕਿਤਾਬਾਂ ਨੂੰ ਹੀ ਨਹੀਂ, ਤੁਹਾਡੀ ਚੇਤਨਾ ਨੂੰ ਵੀ ਕੁਚਲਣ ਦੀ ਤਾਕਤ ਰੱਖਦੀ ਹੈ।

# ਪੰਜਾਬ ਵਿੱਚ ਕੁਦਰਤ ਤੇ ਪੰਜਾਬ ਪੱਖੀ ਖੇਤੀ ਮਾਡਲ ਉਸਾਰੇ ਸਰਕਾਰ

**ਐਸ. ਐਸ. ਛੀਨਾ**

ਪੰਜਾਬ ਜਾਂ ਭਾਰਤ ਦੀ ਖੇਤੀ ਸੁਧਾਰਨ ਲਈ ਕੈਨੇਡਾ, ਆਸਟ੍ਰੇਲੀਆ ਜਾਂ ਅਮਰੀਕਾ ਵਰਗੇ ਦੇਸ਼ਾਂ ਦਾ ਖੇਤੀ ਮਾਡਲ ਨਹੀਂ ਅਪਣਾਇਆ ਜਾ ਸਕਦਾ। ਭਾਰਤ ਦੀ ਧਰਤੀ ਜਿਹੜੀ ਦੁਨੀਆਂ ਦਾ 2.4 ਫ਼ੀਸਦੀ ਭਾਗ ਹੈ, ਉਸ 'ਤੇ ਦੁਨੀਆਂ ਦੇ ਸਭ ਦੇਸ਼ਾਂ ਤੋਂ ਵਧ 17.6 ਫ਼ੀਸਦੀ ਵਸੋਂ ਰਹਿੰਦੀ ਹੈ, ਜਿਸ ਨੇ ਖੇਤੀ ਜੋਤਾਂ ਦਾ ਆਕਾਰ ਸੀਮਤ ਕੀਤਾ ਹੋਇਆ ਹੈ। ਪੰਜਾਬ ਵਿੱਚ ਨਵੀਂ ਖੇਤੀ ਨੀਤੀ ਲਾਗੂ ਕੀਤੀ ਜਾ ਰਹੀ ਹੈ, ਜਿਸ ਦਾ ਉਦੇਸ਼ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨਾ ਹੈ, ਪਰ ਇਥੇ ਵੀ ਭੂਮੀ ਦਾ ਘਟਦਾ ਆਕਾਰ ਇੱਕ ਵੱਡੀ ਸਮੱਸਿਆ ਹੈ। ਭਾਵੇਂ ਕਿ ਪੰਜਾਬ ਉਹ ਪ੍ਰਾਂਤ ਹੈ ਜਿਥੇ ਸੀਮਾਂਤ ਜੋਤਾਂ (2.5 ਏਕੜ ਤੋਂ ਘੱਟ), ਨਾਗਾਲੈਂਡ ਨੂੰ ਛੱਡ ਕੇ ਸਭ ਤੋਂ ਘੱਟ 13 ਫ਼ੀਸਦੀ ਹਨ, ਜਦੋਂ ਕਿ ਰਾਸ਼ਟਰ ਦੀ ਪੱਧਰ 'ਤੇ ਇਹ 74 ਫ਼ੀਸਦੀ ਹਨ ਪਰ 5 ਏਕੜ ਤੋਂ ਘੱਟ ਜੋਤਾਂ ਦੀ ਗਿਣਤੀ 74 ਫ਼ੀਸਦੀ ਹੈ। ਕੁਝ ਸਮਾਂ ਪਹਿਲਾਂ ਭਾਰਤ ਦੇ ਪ੍ਰਸਿੱਧ ਖੇਤੀ ਆਰਥਿਕ ਮਾਹਰ ਡਾ. ਜੀ.ਐੱਸ. ਭੱਲਾ ਨੇ ਇੱਕ ਅਧਿਐਨ ਵਿੱਚ ਇਹ ਰਿਪੋਰਟ ਦਿੱਤੀ ਸੀ ਕਿ ਜਿਹੜੀ ਜੋਤ ਦਾ ਆਕਾਰ 15 ਏਕੜ ਤੋਂ ਘੱਟ ਹੈ ਉਹ ਜੋਤ ਉਸ ਪਰਿਵਾਰ ਦੀਆਂ ਘਰੇਲੂ ਲੋੜਾਂ ਪੂਰੀਆਂ ਕਰਨ ਜੋਗੀ ਆਮਦਨ ਪੈਦਾ ਨਹੀਂ ਕਰ ਸਕਦੀ ਪਰ ਪੰਜਾਬ ਵਿੱਚ ਤਾਂ 91 ਫ਼ੀਸਦੀ ਜੋਤਾਂ 15 ਏਕੜ ਤੋਂ ਘੱਟ ਹਨ।

ਖੇਤੀ ਵਿੱਚ ਘੱਟ ਉਪਜ ਹੋਵੇ ਜਾਂ ਜ਼ਿਆਦਾ ਹੋ ਜਾਵੇ, ਖੇਤੀ ਕੁਦਰਤੀ ਕਾਰਨਾਂ ਕਰਕੇ ਘੱਟ ਉਪਜ ਦੇਵੇ ਜਾਂ ਜ਼ਿਆਦਾ ਉਪਜ ਕਰਕੇ ਖੇਤੀ ਉਤਪਾਦਨ ਬਹੁਤ ਵਧ ਜਾਵੇ ਅਤੇ ਕੀਮਤਾਂ ਬਹੁਤ ਘੱਟ ਜਾਣ, ਉਸ ਦਾ ਪ੍ਰਭਾਵ ਸਿਰਫ ਕਿਸਾਨਾਂ 'ਤੇ ਪੈਂਦਾ ਹੈ। ਖੇਤੀ ਵਸਤੂਆਂ ਦੇ ਵਪਾਰੀ 'ਤੇ ਉਸ ਦਾ ਕੋਈ ਪ੍ਰਭਾਵ ਨਹੀਂ ਪੈਂਦਾ। ਖੇਤੀ ਵਪਾਰੀ ਹਮੇਸ਼ਾ ਲਾਭ ਕਮਾਉਂਦਾ ਹੈ। ਜਿਹੜੀ ਸਬਜ਼ੀ ਜਾਂ ਫਲ ਕਿਸਾਨ ਆਪਣੇ ਖੇਤ ਵਿੱਚ 16 ਰੁਪਏ ਕਿੱਲੋ ਵੇਚਦਾ ਹੈ ਉਹ ਰੇਹੜੀ 'ਤੇ 40 ਰੁਪਏ ਕਿੱਲੋ ਦੇ ਨਜ਼ਦੀਕ ਵਿੱਕਦਾ ਹੈ ਪਰ ਕਿਸਾਨ ਦਾ ਉਸ ਵਿੱਚ ਕੀ ਹਿੱਸਾ ਹੈ ? ਕੋਈ ਵੀ ਨਹੀਂ। ਜਿਹੜੀ ਬਾਸਮਤੀ ਕਿਸਾਨ 2000 ਰੁਪਏ ਕੁਇੰਟਲ ਵੇਚ ਕੇ ਆਪਣੇ ਖ਼ਰਚੇ ਪੂਰੇ ਕਰਦਾ ਹੈ, ਉਹ ਬਾਸਮਤੀ ਦਾ ਦਰਾਮਦਕਾਰ 8000 ਰੁਪਏ ਦੇ ਕਰੀਬ ਵੇਚਦਾ ਹੈ। ਖੇਤੀ ਵਸਤੂਆਂ ਦੇ ਵਪਾਰ ਵਿੱਚ ਕਿਸਾਨ ਦਾ ਹਿੱਸਾ ਪੈਦਾ ਕਰਨ ਵਾਲਾ ਖੇਤੀ ਮਾਡਲ ਪੰਜਾਬ ਜਾਂ ਭਾਰਤ ਦੀ ਖੇਤੀ ਦੇ ਅਨੁਕੂਲ ਹੈ। ਨਾ ਤਾਂ ਕਿਸਾਨ ਰੇਹੜੀ ਲਾ ਕੇ ਫ਼ਸਲ ਵੇਚ ਸਕਦਾ ਹੈ ਨਾ ਹੀ ਉਹ ਬਰਾਮਦ ਕਰ ਸਕਦਾ ਹੈ।



ਭਾਵੇਂ ਕਿ ਉਸ ਕੋਲ ਕਿੰਨਾ ਵੀ ਵੱਡਾ ਭੂਮੀ ਆਕਾਰ ਹੋਵੇ। ਕੀਮਤ ਵਿੱਚ ਹਿੱਸਾ ਪੈਦਾ ਕਰਨ ਲਈ ਕਿਸਾਨ ਦੀ ਮਦਦ ਸਹਿਕਾਰਤਾ ਕਰ ਸਕਦੀ ਹੈ. ਜਿਸ ਤਰ੍ਹਾਂ ਡੇਅਰੀ ਸਹਿਕਾਰਤਾ ਵਿੱਚ ਕੀਤਾ ਜਾਂਦਾ ਹੈ। ਪੰਜਾਬ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਡੇਅਰੀ ਦਾ 9 ਫ਼ੀਸਦੀ ਹਿੱਸਾ ਹੈ, ਜਦੋਂ ਕਿ ਭਾਰਤ ਦੀ ਪੱਧਰ 'ਤੇ ਇਹ ਸਿਰਫ਼ 5 ਫ਼ੀਸਦੀ ਹੈ। ਪਿੰਡਾਂ ਦਾ ਛੋਟਾ ਕਿਸਾਨ ਵੀ ਦੁੱਧ ਤੋਂ ਬਣੀਆਂ ਵਸਤੂਆਂ ਦੀ ਬਰਾਮਦ ਵਿਚੋਂ ਕਮਾਏ ਲਾਭ ਵਿੱਚ ਹਿੱਸੇਦਾਰ ਹੈ, ਜੋ ਕਿ ਸਹਿਕਾਰਤਾ ਕਰਕੇ ਸੰਭਵ ਹੋਇਆ ਹੈ।

ਕੀ ਇਸ ਤਰ੍ਹਾਂ ਦਾ ਸਹਿਕਾਰੀ ਮਾਡਲ ਸਬਜ਼ੀਆਂ, ਫ਼ਲਾਂ, ਹੋਰ ਵਪਾਰਕ ਫ਼ਸਲਾਂ ਲਈ ਨਹੀਂ ਬਣਾਇਆ ਜਾ ਸਕਦਾ, ਜਿਸ ਨੂੰ ਅਪਨਾਉਣ ਲਈ ਸਰਕਾਰ ਦੀ ਸਰਪ੍ਰਸਤੀ ਦੀ ਉਸੇ ਤਰ੍ਹਾਂ ਹੀ ਲੋੜ ਹੈ, ਜਿਸ ਤਰ੍ਹਾਂ ਉਨ੍ਹਾਂ ਨੇ ਡੇਅਰੀ ਸਹਿਕਾਰਤਾ ਵਿੱਚ ਮੁਹੱਈਆ ਕੀਤੀ ਸੀ। ਪੰਜਾਬ ਭਾਵੇਂ ਦੇਸ਼ ਭਰ ਵਿੱਚ ਸਭ ਤੋਂ ਵਿਕਸਤ ਖੇਤੀ ਪ੍ਰਾਂਤ ਹੈ ਪਰ ਜੈਮ, ਜੂਸ, ਮੁਰੱਬੇ, ਤੇਲ ਆਦਿ ਪੰਜਾਬ ਵਿੱਚ ਨਹੀਂ, ਸਗੋਂ ਹੋਰ ਪ੍ਰਾਂਤਾਂ ਤੋਂ ਆ ਕੇ ਪੰਜਾਬ ਵਿੱਚ ਵਿਕਦੇ ਹਨ।

ਸਹਿਕਾਰਤਾ ਅਧੀਨ ਖੇਤੀ ਆਧਾਰਿਤ ਉਦਯੋਗ ਪ੍ਰਾਂਤ ਦੀ ਸਰਕਾਰ ਦੀ ਤਰਜੀਹ ਹੋਣੀ ਚਾਹੀਦੀ ਹੈ ਅਤੇ ਹਰ ਖੇਤਰ ਵਿੱਚ ਉਥੋਂ ਦੀਆਂ ਜ਼ਿਆਦਾ ਅਨੁਕੂਲ ਫ਼ਸਲਾਂ ਲਈ ਸਹਿਕਾਰਤਾ ਅਧੀਨ ਉਸ ਉਪਜ 'ਤੇ ਆਧਾਰਿਤ ਉਦਯੋਗਿਕ ਇਕਾਈ ਲੱਗਣੀ ਚਾਹੀਦੀ ਹੈ। ਗੁਰਦਾਸਪੁਰ, ਬਟਾਲਾ, ਅੰਮ੍ਰਿਤਸਰ ਅਤੇ ਨਵਾਂਸ਼ਹਿਰ ਆਦਿ ਸ਼ਹਿਰਾਂ ਦੀਆਂ ਸਹਿਕਾਰੀ ਖੰਡ ਮਿੱਲਾਂ ਨੇ ਉਨ੍ਹਾਂ ਖੇਤਰਾਂ ਦੇ ਕਿਸਾਨਾਂ ਦੀ ਆਮਦਨ ਵਧਾਉਣ ਵਿੱਚ ਵੱਡਾ ਯੋਗਦਾਨ ਪਾਇਆ ਸੀ। ਨਵੀਂ ਖੇਤੀ ਨੀਤੀ ਵਿੱਚ ਖੇਤੀ ਵਿਭਿੰਨਤਾ ਨੂੰ ਅਪਨਾਉਣ 'ਤੇ ਜ਼ੋਰ ਦਿੱਤਾ ਗਿਆ ਹੈ ਅਤੇ ਘੱਟੋ-ਘੱਟ ਸਮਰਥਨ ਮੁੱਲ ਲਾਗੂ ਕਰਨ ਦੀਆਂ ਤਜਵੀਜ਼ਾਂ ਰੱਖੀਆਂ ਹਨ। ਸਿਰਫ਼ ਦੋ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਕਣਕ ਅਤੇ ਝੋਨਾ ਜਿਹੜਾ ਕੇਂਦਰੀ ਸਰਕਾਰ ਦਿੰਦੀ ਹੈ, ਉਸ ਤੋਂ ਇਲਾਵਾ ਜੇ ਹੋਰ ਪ੍ਰਮੁੱਖ ਫ਼ਸਲਾਂ ਨੂੰ ਪ੍ਰਾਂਤ ਦੀ ਸਰਕਾਰ ਘੱਟੋ-ਘੱਟ ਸਮਰਥਨ ਮੁੱਲ 'ਤੇ ਖ਼ਰੀਦ ਲਵੇ ਤਾਂ ਇਸ ਵਿੱਚ ਸਰਕਾਰ ਦਾ ਕੀ ਨੁਕਸਾਨ ਹੈ ? ਉਹ ਖ਼ਰੀਦੀਆਂ ਅਜਿਹੀਆਂ ਫ਼ਸਲਾਂ ਹੋਰ ਪ੍ਰਾਂਤਾਂ ਵਿੱਚ ਵੀ ਤੇ ਪੰਜਾਬ ਵਿੱਚ ਵੀ ਵੇਚ ਸਕਦੀ ਹੈ। ਇਸ ਵਕਤ ਵੀ ਭਾਵੇਂ ਭਾਰਤ ਡੇਢ ਲੱਖ ਕਰੋੜ ਰੁਪਏ ਦੀਆਂ ਦਾਲਾਂ ਅਤੇ ਇੰਨੇ ਹੀ ਮੁੱਲ ਦੇ ਤੇਲਾਂ ਦੇ ਬੀਜ ਵਿਦੇਸ਼ਾਂ ਤੋਂ ਦਰਾਮਦ ਕਰ ਰਿਹਾ ਹੈ ਪਰ ਪੰਜਾਬ ਵੀ ਨਾ ਦਾਲਾਂ ਅਤੇ ਨਾ ਤੇਲ ਬੀਜਾਂ ਵਿੱਚ ਆਤਮ ਨਿਰਭਰ ਹੈ। ਪੰਜਾਬ ਵਿੱਚ ਵੀ ਵਿਦੇਸ਼ਾਂ ਤੋਂ ਆਈਆਂ ਦਾਲਾਂ ਅਤੇ ਤੇਲ ਬੀਜ ਵਿਕ ਰਹੇ ਹਨ। ਕੀ ਪੰਜਾਬ ਸਰਕਾਰ ਉਨ੍ਹਾਂ ਫ਼ਸਲਾਂ ਦਾ ਉਤਪਾਦਨ ਕਰ ਕੇ ਆਪ ਨਹੀਂ ਖ਼ਰੀਦ ਸਕਦੀ ਅਤੇ ਅਨਾਜ ਦੀ ਤਰ੍ਹਾਂ ਉਨ੍ਹਾਂ ਦੀ ਵਿੱਕਰੀ ਕਰ ਕੇ ਵੰਡ ਨਹੀਂ ਕੀਤੀ ਜਾ ਸਕਦੀ ?

ਪੰਜਾਬ ਭਾਵੇਂ ਖੇਤੀ ਵਿੱਚ ਭਾਰਤ ਦਾ ਪਹਿਲੇ ਦਰਜੇ ਦਾ ਪ੍ਰਾਂਤ ਹੈ, ਪਰ ਸਿਰਫ਼ ਇੱਕ ਹੀ ਫ਼ਸਲ ਬਾਸਮਤੀ ਹੀ ਉਹ ਫ਼ਸਲ ਹੈ, ਜਿਸ ਦੀ ਸਾਲਾਨਾ 20 ਹਜ਼ਾਰ ਕਰੋੜ ਰੁਪਏ ਦੇ ਬਰਾਬਰ ਬਰਾਮਦ ਕੀਤੀ ਜਾਂਦੀ ਹੈ ਜਦੋਂ ਕਿ ਬਾਕੀ ਹੋਰ ਫ਼ਸਲਾਂ ਵਿਚੋਂ ਸਿਰਫ਼ 300 ਕਰੋੜ ਰੁਪਏ ਦੀ ਬਰਾਮਦ ਹੀ ਕੀਤੀ ਜਾਂਦੀ ਹੈ। ਗੁਜਰਾਤ ਹਰਿਆਣਾ ਅਤੇ ਦਿੱਲੀ ਪ੍ਰਾਂਤ ਤੋਂ ਖੇਤੀ ਵਸਤੂਆਂ ਦੀ ਬਰਾਮਦ ਕੀਤੀ ਜਾਂਦੀ ਹੈ। ਅਸਲ ਵਿੱਚ ਛੋਟੇ ਦਰਜੇ ਦੀਆਂ ਜੋਤਾਂ ਕਰਕੇ ਕੋਈ ਵੀ ਉਹ ਫ਼ਸਲ ਨਹੀਂ ਬੀਜੀ ਜਾਂਦੀ, ਜਿਸ ਵਿੱਚ ਜ਼ੋਖਿਮ ਸ਼ਾਮਿਲ ਹੋਵੇ। ਪੰਜਾਬ ਦੀ ਖੇਤੀ ਨਿਰਯਾਤ ਕਾਰਪੋਰੇਸ਼ਨ ਨੂੰ ਰਾਸ਼ਟਰੀ ਪੱਧਰ 'ਤੇ 'ਅਪੀਡਾ' (ਖੇਤੀ ਵਸਤੂਆਂ ਦਾ ਨਿਰਯਾਤ ਕਰਨ ਵਾਲੀ ਅਥਾਰਟੀ) ਵਾਂਗ ਪੰਜਾਬ ਦੇ ਕਿਸਾਨਾਂ ਅਤੇ ਵਪਾਰੀਆਂ ਲਈ ਵਿਦੇਸ਼ਾਂ ਤੋਂ ਆਰਡਰ ਲੈਣੇ ਚਾਹੀਦੇ ਹਨ ਅਤੇ ਇਸ ਗੱਲ ਦੀ ਅਗਵਾਈ ਕਰਨੀ ਚਾਹੀਦੀ ਹੈ ਕਿ ਉਹ ਕਿਹੜੀਆਂ ਫ਼ਸਲਾਂ ਹਨ, ਜਿਨ੍ਹਾਂ ਦੀ ਵਿਦੇਸ਼ਾਂ ਵਿੱਚ ਮੰਗ ਹੈ। ਇਹੋ ਜਿਹੇ ਕੰਮ ਸਹਿਕਾਰੀ ਫੈੱਡਰੇਸ਼ਨ ਵੀ ਕਰ ਸਕਦੀ ਹੈ, ਜਿਸ ਦੇ ਮਗਰ ਸਰਕਾਰ ਦੀ ਸੂਪ੍ਰਸਤੀ ਹੋਵੇ।

ਯਕੀਨੀ ਤੌਰ 'ਤੇ ਮੰਡੀਕਰਨ ਅਤੇ ਘੱਟੋ ਘਟ ਸਮਰਥਨ ਕੀਮਤਾਂ, ਕਿਸਾਨਾਂ ਦੀਆਂ ਬਹੁਤ ਜਾਇਜ਼ ਮੰਗਾਂ ਹਨ ਕਿਉਂ ਜੋ 95 ਫ਼ੀਸਦੀ ਕਿਸਾਨਾਂ ਨੇ ਆਪਣੀਆਂ ਘਰੇਲੂ ਲੋੜਾਂ ਖੇਤੀ ਉਪਜਾਂ ਤੋਂ ਪੂਰੀਆਂ ਕਰਨੀਆਂ ਹਨ ਅਤੇ ਉਹ ਕੋਈ ਵੀ ਉਸ ਤਰ੍ਹਾਂ ਦੀ ਫ਼ਸਲ ਨਹੀਂ ਬੀਜ ਸਕਦੇ, ਜਿਸ ਦਾ ਮੰਡੀਕਰਨ ਯਕੀਨੀ ਨਾ ਹੋਵੇ ਅਤੇ ਕੀਮਤਾਂ ਦਾ ਵੱਡਾ ਉਤਰਾਅ ਚੜ੍ਹਾਅ ਹੋਵੇ ਪਰ ਕਿਹੜੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੇਣਾ ਹੈ ਅਤੇ ਕੀ ਉਨ੍ਹਾਂ ਫ਼ਸਲਾਂ ਦੀ ਖ਼ਰੀਦ ਲਈ ਝੋਨੇ ਅਤੇ ਕਣਕ ਵਾਂਗ ਸਾਰੇ ਹੀ ਪ੍ਰਾਂਤ ਵਿੱਚ ਇਹ ਵਿਵਸਥਾ ਕਰਨੀ ਹੈ, ਇਹ ਇੱਕ ਅਜਿਹਾ ਵਿਸ਼ਾ ਹੈ ਜਿਹੜਾ ਸਰਕਾਰ ਦਾ ਖ਼ਾਸ ਧਿਆਨ ਮੰਗਦਾ ਹੈ। ਫ਼ਰਜ਼ ਕਰੋ ਸਰਕਾਰ ਵਲੋਂ ਸੂਰਜਮੁਖੀ ਫ਼ਸਲ ਦੇ ਸਮਰਥਨ ਮੁੱਲ ਦੀ ਘੋਸ਼ਣਾ ਕੀਤੀ ਜਾਂਦੀ ਹੈ ਅਤੇ ਉਹ ਬਾਕੀ ਫ਼ਸਲਾਂ ਜਿਵੇਂ ਕਣਕ ਅਤੇ ਝੋਨੇ ਤੋਂ ਜ਼ਿਆਦਾ ਲਾਭਦਾਇਕ ਹੈ ਤਾਂ ਇਸ ਤਰ੍ਹਾਂ ਦੀ ਸਥਿਤੀ ਨਾ ਬਣੇ ਕਿ ਸਾਰੇ ਪੰਜਾਬ ਵਿੱਚ ਸਿਰਫ਼ ਸੂਰਜਮੁਖੀ ਦੀ ਹੀ ਖੇਤੀ ਹੋਵੇ ਅਤੇ ਬਾਕੀ ਫ਼ਸਲਾਂ ਨਕਾਰ ਦਿੱਤੀਆਂ ਜਾਣ।

ਇਸ ਲਈ ਲੋੜ ਹੈ ਕੇਰਲਾ ਸਰਕਾਰ ਦੇ ਸਬਜ਼ੀਆਂ ਦੀ ਕਾਸ਼ਤ ਕਰਵਾਉਣ ਸੰਬੰਧੀ ਮਾਡਲ ਨੂੰ ਅਪਨਾਉਣ ਦੀ। ਉਸ ਮਾਡਲ ਅਨੁਸਾਰ ਕਿਸਾਨ, ਜਿਸ ਨੇ 16 ਸਬਜ਼ੀਆਂ ਵਿਚੋਂ ਜਿਹੜੀ ਵੀ ਸਬਜ਼ੀ ਵੇਚਣੀ ਹੈ ਉਹ 2 ਏਕੜ ਤੋਂ ਵੱਧ ਸਬਜ਼ੀ ਨਹੀਂ ਬੀਜ ਸਕਦਾ ਅਤੇ ਉਸ ਨੂੰ ਪਹਿਲਾਂ ਮੰਡੀਕਰਨ ਵਿਭਾਗ ਕੋਲ ਆਪਣੇ ਆਪ ਨੂੰ ਰਜਿਸਟਰਡ ਕਰਾਉਣਾ ਪਵੇਗਾ। ਇਸ ਤਰ੍ਹਾਂ ਦੀ ਨੀਤੀ ਪੰਜਾਬ ਦੀਆਂ ਪ੍ਰਮੁੱਖ ਫ਼ਸਲਾਂ ਲਈ ਬਣਨੀ ਚਾਹੀਦੀ ਹੈ। ਇਹ ਵੀ ਯੋਗ ਹੋਵੇਗਾ ਕਿ ਫ਼ਸਲਾਂ ਦੀ ਉਪਜ ਦੇ ਅਨੁਸਾਰ ਪੰਜਾਬ ਵਿੱਚ ਵੱਖ-ਵੱਖ ਜ਼ੋਨ ਬਣ ਜਾਣ, ਜਿਨ੍ਹਾਂ ਵਿਚੋਂ ਪੰਜਾਬ ਦੀਆਂ ਪ੍ਰਮੁੱਖ ਫ਼ਸਲਾਂ ਜਿਵੇਂ ਕਣਕ, ਝੋਨਾ, ਛੋਲੇ, ਮੂੰਗੀ, ਮਕਈ, ਮੂੰਗਫਲੀ ਆਦਿ ਜ਼ੋਨਾਂ ਦੇ ਅਨੁਸਾਰ ਖਰੀਦ ਕੀਤੀ ਜਾਵੇ।

ਇਸ ਵਕਤ ਪੰਜਾਬ ਪਾਣੀ ਦੀ ਪੱਧਰ ਦੇ ਹੇਠਾਂ ਜਾਣ ਦੀ ਗੰਭੀਰ ਸਮੱਸਿਆ ਨਾਲ ਜੂਝ ਰਿਹਾ ਹੈ। ਇਸ ਲਈ ਫ਼ਸਲਾਂ ਦੀ ਵਿਭਿੰਨਤਾ ਜਿਹੜੀ ਯਕੀਨੀ ਮੰਡੀਕਰਨ 'ਤੇ ਆਧਾਰਿਤ ਹੈ ਅਤੇ ਉਸ ਦੇ ਨਾਲ ਹੀ ਖੇਤੀ ਖੇਤਰ ਲਈ ਲਗਾਤਾਰ ਬਿਜਲੀ ਮੁਫ਼ਤ ਦੇਣ ਸੰਬੰਧੀ ਵੀ ਮੁੜ ਵਿਚਾਰ ਕਰਨਾ ਪਵੇਗਾ। ਪੰਜਾਬ ਵਿੱਚ ਪਾਣੀ ਦੇ ਡੂੰਘਾ ਜਾਣ ਪਿੱਛੇ ਮੁਫ਼ਤ ਬਿਜਲੀ ਵੀ ਇੱਕ ਵੱਡਾ ਕਾਰਨ ਹੈ। ਓਨਾ ਪਾਣੀ ਵਰਤਿਆ ਨਹੀਂ ਜਾਂਦਾ ਜਿੰਨਾ ਬਿਜਲੀ ਮੁਫ਼ਤ ਹੋਣ ਕਰਕੇ ਜਾਇਆ ਜਾਂਦਾ ਹੈ। ਓਨੀ ਬਿਜਲੀ ਵਰਤੀ ਨਹੀਂ ਜਾਂਦੀ ਜਿੰਨੀ ਫਜ਼ੂਲ ਬਲਦੀ ਹੈ, ਇਨ੍ਹਾਂ ਸੇਵਾਵਾਂ ਤੇ ਲਾਗਤ ਜ਼ਰੂਰ ਲੱਗਣੀ ਚਾਹੀਦੀ ਹੈ ਤਾਂ ਕਿ ਬਿਜਲੀ ਅਤੇ ਪਾਣੀ ਵਰਤਣ ਵਾਲਾ ਘੱਟੋ ਘੱਟ ਇਹ ਜ਼ਰੂਰ ਮਹਿਸੂਸ ਕਰੇ ਕਿ ਇਨ੍ਹਾਂ ਦੀ ਲਾਗਤ ਹੈ। ਇਹ ਸਰਕਾਰ ਦੀ ਸਰਪ੍ਰਸਤੀ ਅਤੇ ਨਿਗਰਾਨੀ ਤੋਂ ਬਗ਼ੈਰ ਸੰਭਵ ਨਹੀਂ।



# ਕੀ ਰੁਮਾਲਾ ਸਾਹਿਬ ਦਾ ਬਦਲ ਸੰਭਵ ਹੈ?



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਤਿਕਾਰ ਸਹਿਤ ਸੰਭਾਲਣ ਅਤੇ ਢੱਕ ਕੇ ਰੱਖਣ ਲਈ ਰੁਮਾਲਾ ਸਾਹਿਬ ਦੀ ਵਰਤੋਂ ਕੀਤੀ ਜਾਂਦੀ ਹੈ। ਖ਼ੁਸ਼ੀ ਅਤੇ ਗਮੀ ਦੇ ਮੌਕੇ ਜਦੋਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ ਤਾਂ ਪਾਠ ਦੀ ਸੰਪੂਰਨਤਾ ਹੋਣ ’ਤੇ ਰੁਮਾਲਾ ਸਾਹਿਬ ਭੇਟ ਕੀਤਾ ਜਾਂਦਾ ਹੈ। ਅਨੰਦ ਕਾਰਜ ਦੀ ਰਸਮ ਸਮੇਂ ਜਦੋਂ ਲਾੜਾ ਅਤੇ ਲਾੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਆਉਂਦੇ ਹਨ ਤਾਂ ਵੀ ਅਕਸਰ ਰੁਮਾਲਾ ਸਾਹਿਬ ਭੇਟ ਕਰਨ ਲਈ ਲੈ ਆਉਂਦੇ ਹਨ। ਰੁਮਾਲਾ ਸਾਹਿਬ ਦੀ ਛੋਹ ਸਿੱਖ ਦੇ ਤਨ ਅਤੇ ਮਨ ਨੂੰ ਵਿਸ਼ੇਸ਼ ਤਰ੍ਹਾਂ ਦੀ ਸੰਤੁਸ਼ਟੀ ਪ੍ਰਦਾਨ ਕਰਦੀ ਹੈ ਅਤੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਆਉਣ ਸਮੇਂ ਨਿਮਰਤਾ ਦੇ ਨਾਲ-ਨਾਲ ਮਾਣ ਵੀ ਮਹਿਸੂਸ ਕਰਦਾ ਹੈ।

ਰੁਮਾਲਾ ਸਾਹਿਬ ਸ਼ਰਧਾ ਅਤੇ ਭਾਵਨਾ ਦੇ ਨਾਲ-ਨਾਲ ਸਿੱਖ ਦੀ ਮਾਨਸਿਕਤਾ ਨਾਲ ਪੂਰਨ ਤੌਰ ’ਤੇ ਜੁੜਿਆ ਹੋਇਆ ਹੈ ਅਤੇ ਉਸ ਨੂੰ ਇਸ ਭਾਵਨਾ ਤੋਂ ਮੁਕਤ ਕਰਨਾ ਅਸੰਭਵ ਜਾਪਦਾ ਹੈ। ਪੁਰਾਤਨ ਪਰੰਪਰਾ ਵਿੱਚ ਆਪਣੇ ਹੱਥੀਂ ਰੁਮਾਲਾ ਸਾਹਿਬ ਤਿਆਰ ਕਰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਬਹੁਤ ਹੀ ਸ਼ਰਧਾ, ਸਤਿਕਾਰ ਅਤੇ ਮਾਣ ਵਾਲੀ ਗੱਲ ਸਮਝੀ ਜਾਂਦੀ ਸੀ। ਘਰ ਵਿੱਚ ਜਦੋਂ ਵੀ ਕੋਈ ਸਮਾਗਮ ਕਰਨ ਦੀ ਵਿਚਾਰ ਪੈਦਾ ਹੁੰਦੀ ਸੀ ਤਾਂ ਘਰ ਦੀਆਂ ਸੁਆਣੀਆਂ ਆਪਣੇ ਹੱਥੀਂ ਰੁਮਾਲਾ ਸਾਹਿਬ ਤਿਆਰ ਕਰਨ ਲੱਗ ਪੈਂਦੀਆਂ ਸਨ। ਰੁਮਾਲਾ ਸਾਹਿਬ ਨੂੰ ਵੇਲ-ਬੂਟੀਆਂ, ਗੁਰਬਾਣੀ ਦੀਆਂ ਪੰਕਤੀਆਂ, ਖੰਡੇ, ਕ੍ਰਿਪਾਨਾਂ ਅਤੇ ਹੋਰ ਕਈ ਤਰ੍ਹਾਂ ਦੇ ਪ੍ਰੰਪਰਾਮਈ ਨਿਸ਼ਾਨਾਂ ਦੀ ਕਢਾਈ ਨਾਲ ਸਜਾਇਆ ਜਾਂਦਾ ਸੀ। ਇਸ ਰੁਝਾਨ ਦੇ ਮੱਦੇਨਜ਼ਰ ਸਿੱਖ ਸ਼ਰਧਾਲੂਆਂ ਵੱਲੋਂ ਰੁਮਾਲਿਆਂ ’ਤੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਵੀ ਕੱਢੀਆਂ ਅਤੇ ਛਾਪੀਆਂ ਜਾਂਦੀਆਂ ਸਨ। ਵੀਹਵੀਂ ਸਦੀ ਦੇ ਅਰੰਭ ਵਿੱਚ ਇਹ ਰੁਝਾਨ ਬਹੁਤ ਪ੍ਰਚੱਲਿਤ ਹੋ ਗਿਆ ਸੀ। ਇਸ ਨਾਲ ਸਿੱਖ ਰੁਮਾਲਿਆਂ ’ਤੇ ਛਪੀਆਂ ਤਸਵੀਰਾਂ ਦੀ ਬੇਅਦਬੀ ਅਤੇ ਪੂਜਾ ਹੋਣ ਲੱਗੀ ਸੀ ਜਿਸ ਨਾਲ ਗੁਰੂ ਸਾਹਿਬਾਨ ਪ੍ਰਤੀ ਸਤਿਕਾਰ ਅਤੇ ਕਈ ਤਰ੍ਹਾਂ ਦੇ ਸਿਧਾਂਤਕ ਮਸਲੇ ਸਾਹਮਣੇ ਆਉਣ ਲੱਗੇ ਸਨ। ਸ਼੍ਰੋਮਣੀ ਕਮੇਟੀ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਜਦੋਂ ਸਿੱਖਾਂ ਨੂੰ ਗੁਰਮਤਿ ਸਿਧਾਂਤ ਨਾਲ ਜੋੜਨ ਦੀ ਭਾਵਨਾ ਪ੍ਰਚੰਡ ਹੋਈ ਤਾਂ ਸੂਝਵਾਨਾਂ ਦਾ ਧਿਆਨ ਤਸਵੀਰਾਂ ਵਾਲੇ ਰੁਮਾਲਿਆਂ ਵੱਲ ਗਿਆ ਅਤੇ ਇਸ ਸੰਬੰਧੀ ਪੰਥ ਵਿੱਚ ਚਰਚਾ ਅਰੰਭ ਹੋ ਗਈ। ਫ਼ਰਵਰੀ 1934 ਦੀ ਧਾਰਮਿਕ ਸਲਾਹਕਾਰ ਕਮੇਟੀ ਵਿੱਚ ਤਸਵੀਰਾਂ ਵਾਲੇ ਰੁਮਾਲਿਆਂ ’ਤੇ ਰੋਕ ਲਾਉਣ ਦਾ ਮਤਾ ਪੇਸ਼ ਕਰਦੇ ਹੋਏ ਕਿਹਾ ਗਿਆ :

ਗੁਰੂ ਸਾਹਿਬਾਨ ਦੀਆਂ ਤਸਵੀਰਾਂ ਵਾਲੇ ਰੁਮਾਲੇ ਜ਼ਰੂਰ ਹੀ ਬੰਦ ਕੀਤੇ ਜਾਣ, ਕਿਉਂਕਿ ਗੁਰੂ ਸਾਹਿਬਾਨ ਦੀ ਕੋਈ ਵੀ ਤਸਵੀਰ ਸਾਨੂੰ ਐਸੀ ਨਹੀਂ ਮਿਲਦੀ ਜਿਸ ਨੂੰ ਅਸਲੀ ਕਿਹਾ ਜਾ ਸਕੇ। ਇਸ ਲਈ ਐਵੇਂ ਲਕੀਰਾਂ ਜੇਹੀਆਂ ਮਾਰ ਕੇ ਗੁਰੂ ਸਾਹਿਬਾਨ ਨੂੰ ਮੂਰਤੀਮਾਨ ਕਰਨਾ ਅਯੋਗ ਹੈ। ਇਹ ਇਕੱਤਰਤਾ ਸ਼੍ਰੋਮਣੀ ਗੁ:ਪ੍ਰ: ਕਮੇਟੀ ਪਾਸ ਸਿਫ਼ਾਰਸ਼ ਕਰਦੀ ਹੈ ਕਿ ਇਸ ਗੱਲ ਨੂੰ ਸ਼ੀਘਰ ਹੀ ਅਮਲ ਵਿੱਚ ਲਿਆਉਣ ਲਈ ਉਹ ਇੱਕ ਗਸ਼ਤੀ ਚਿੱਠੀ ਭੇਜੇ ਅਥਵਾ ਇੱਕ ਐਲਾਨ ਸਮੂਹ ਗੁਰਦੁਆਰਾ ਕਮੇਟੀਆਂ ਦੇ ਪ੍ਰਬੰਧਕਾਂ ਦੀ ਦ੍ਰਿਸ਼ਟੀਗੋਚਰ ਕਰਾਉਣ ਲਈ ਕਰੇ ਕਿ ਅਗੋਂ ਤੋਂ ਇਹੋ-ਜਿਹੀਆਂ ਤਸਵੀਰਾਂ ਵਾਲੇ ਰੁਮਾਲੇ ਚੜ੍ਹਾਵੇ ਵਜੋਂ ਲੈਣੇ ਬੰਦ ਕਰ ਦੇਣ।

1935 ਦੀ ਅੰਤ੍ਰਿਗ ਕਮੇਟੀ ਵਿੱਚ ਵੀ ਅਜਿਹਾ ਹੀ ਇੱਕ ਮਤਾ ਪਾਸ ਕਰਦੇ ਹੋਏ ਸਿੱਖ ਸੰਗਤ ਨੂੰ ਤਸਵੀਰਾਂ ਵਾਲੇ ਰੁਮਾਲੇ ਭੇਟ ਕਰਨ ਤੋਂ ਰੋਕਿਆ ਗਿਆ ਸੀ। ਰੁਮਾਲਾ ਸਾਹਿਬ ’ਤੇ ਤਸਵੀਰਾਂ ਛਾਪਣ ਦਾ ਸਿਲਸਿਲਾ ਭਾਵੇਂ ਕਿ ਕੁੱਝ ਘੱਟ ਗਿਆ ਸੀ ਪਰ ਇਹ ਪੂਰਨ ਰੂਪ ਵਿੱਚ ਬੰਦ ਨਹੀਂ ਹੋਇਆ ਸੀ। ਵਪਾਰੀਆਂ ਨੇ ਸਿੱਖ ਸ਼ਰਧਾਲੂਆਂ ਦੀ ਸ਼ਰਧਾ ਦਾ ਫ਼ਾਇਦਾ ਚੁੱਕਦੇ ਹੋਏ ਤਸਵੀਰਾਂ ਵਾਲੇ ਰੁਮਾਲੇ ਛਾਪਣ ਦਾ ਸਿਲਸਿਲਾ ਕਿਸੇ ਨਾ ਕਿਸੇ ਰੂਪ ਵਿੱਚ ਜਾਰੀ ਰੱਖਿਆ। ਜਾਂ ਇੰਝ ਕਹਿ ਲਵੋ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਗੁਰਧਾਮਾਂ ਵਿੱਚ ਇਸ ’ਤੇ ਰੋਕ ਲਾਉਣ ਵਿੱਚ ਤਾਂ ਕੁੱਝ ਸਫ਼ਲਤਾ ਪ੍ਰਾਪਤ ਹੋ ਗਈ ਸੀ ਪਰ ਬਹੁਤ ਸਾਰੇ ਗੁਰਦੁਆਰਾ ਸਾਹਿਬਾਨ ਅਜਿਹੇ ਸਨ ਜਿਹੜੇ ਕਿ ਸਥਾਨਿਕ ਕਮੇਟੀਆਂ ਜਾਂ ਡੇਰੇਦਾਰਾਂ ਦੇ ਪ੍ਰਭਾਵ ਅਧੀਨ ਸਨ। ਅਜਿਹੇ ਗੁਰਧਾਮਾਂ ਵਿੱਚ ਤਸਵੀਰਾਂ ਵਾਲੇ ਰੁਮਾਲਾ ਸਾਹਿਬ ਭੇਟ ਕਰਨ ਦਾ ਰੁਝਾਨ ਨਿਰੰਤਰ ਜਾਰੀ ਰਿਹਾ। ਇਸ ਰੁਝਾਨ ਨੂੰ ਸੰਗਤ ਅਤੇ ਸਰਕਾਰ ਦੀ ਸਹਾਇਤਾ ਨਾਲ ਹੀ ਰੋਕਿਆ ਜਾ ਸਕਦਾ ਸੀ। 18 ਨਵੰਬਰ 1966 ਦੇ ਜਨਰਲ ਇਜਲਾਸ ਵਿੱਚ ਸਰਕਾਰ ਨੂੰ ਅਪੀਲ ਕਰਦੇ ਹੋਏ ਕਿਹਾ ਗਿਆ :

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੁਮਾਲਿਆਂ ਤੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਨਾਲ ਗੁਰੂ ਸਾਹਿਬਾਨ ਦੀ ਤੌਹੀਨ ਦਾ ਪਹਿਲੂ ਨਿਕਲਦਾ ਹੈ, ਇਸ ਲਈ ਅੱਜ ਦਾ ਇਹ ਜਨਰਲ ਇਜਲਾਸ ਫ਼ੈਸਲਾ ਦਿੰਦਾ ਹੈ ਕਿ ਰੁਮਾਲਿਆਂ ’ਤੇ ਇਹ ਤਸਵੀਰਾਂ ਨਾ ਦਿਤੀਆਂ ਜਾਣ। ਸਰਕਾਰ ਤੋਂ ਮੰਗ ਕੀਤੀ ਜਾਂਦੀ ਹੈ ਕਿ ਉਹ ਇਸ ਫ਼ੈਸਲੇ ਨੂੰ ਅਮਲ ਵਿੱਚ ਲਿਆਉਣ ਲਈ ਕਾਨੂੰਨ ਬਣਾ ਦੇਵੇ। ਨਾਲ ਹੀ ਸ਼੍ਰੋਮਣੀ ਗੁ:ਪ੍ਰ: ਕਮੇਟੀ ਵਲੋਂ ਵਪਾਰੀਆਂ ਪਾਸ ਅਪੀਲ ਕੀਤੀ ਜਾਂਦੀ ਹੈ ਕਿ ਉਹ ਗੁਰੂ ਸਾਹਿਬਾਨ ਦੇ ਸਤਿਕਾਰ ਦਾ ਖਿਆਲ ਕਰਦੇ ਹੋਏ ਇਹ ਤਸਵੀਰਾਂ ਛਾਪਣ ਦਾ ਸਿਲਸਿਲਾ ਤਤਕਾਲ ਬੰਦ ਕਰ ਦੇਣ।

ਰੁਮਾਲਾ ਸਾਹਿਬ ਨਾਲ ਸਿੱਖ ਸੰਗਤ ਦੀ ਸਾਂਝ ਸਦੀਆਂ ਪੁਰਾਣੀ ਹੈ ਸਿੱਖ ਸੰਗਤ ਵੱਲੋਂ ਰੁਮਾਲਾ ਸਾਹਿਬ ਸੰਬੰਧੀ ਸਿੱਖ ਮਾਨਸਿਕਤਾ ਦਾ ਅਹਿਸਾਸ ਰੁਮਾਲਾ ਤਿਆਰ ਕਰਨ ਵਾਲਿਆਂ ਅਤੇ ਵੇਚਣ ਵਾਲਿਆਂ ਨੂੰ ਵੀ ਹੈ। ਇਸ ਲਈ ਰੁਮਾਲਾ ਸਾਹਿਬ ਨੂੰ ਇੰਨੀ ਸੁੰਦਰਤਾ ਨਾਲ ਸਜਾਇਆ ਜਾਂਦਾ ਹੈ ਕਿ ਸ਼ਰਧਾਲੂ ਦਾ ਮਨ ਦੇਖਦਿਆਂ ਹੀ ਪ੍ਰਭਾਵਿਤ ਹੋ ਜਾਂਦਾ ਹੈ ਅਤੇ ਉਹ ਉਸ ਦੀ ਕੋਈ ਵੀ ਕੀਮਤ ਦੇਣ ਲਈ ਤਿਆਰ ਹੋ ਜਾਂਦਾ ਹੈ। ਗੁਰਦੁਆਰਾ ਸਾਹਿਬਾਨ ਵਿਖੇ ਅਖੰਡ ਪਾਠ ਅਤੇ ਸਹਿਜ ਪਾਠ ਆਦਿ ਦਾ ਸਿਲਸਿਲਾ ਨਿਰੰਤਰ ਚੱਲਦਾ ਰਹਿੰਦਾ ਹੈ। ਇਸ ਤੋਂ ਇਲਾਵਾ ਦਰਸ਼ਨ ਕਰਨ ਲਈ ਆਉਣ ਵਾਲੇ ਸ਼ਰਧਾਲੂ ਵੀ ਆਪਣੀ ਸ਼ਰਧਾ ਅਨੁਸਾਰ ਰੁਮਾਲਾ ਸਾਹਿਬ ਭੇਟ ਕਰਦੇ ਰਹਿੰਦੇ ਹਨ। ਮੌਜੂਦਾ ਸਮੇਂ ਵਿੱਚ ਵੱਡੀ ਗਿਣਤੀ ਵਿੱਚ ਰੁਮਾਲਾ ਸਾਹਿਬ ਗੁਰਦੁਆਰਾ ਸਾਹਿਬਾਨ ਵਿਖੇ ਆ ਰਹੇ ਹਨ ਅਤੇ ਉਹਨਾਂ ਦੀ ਸਾਂਭ-ਸੰਭਾਲ ਇਕ ਵੱਡੀ ਸਮੱਸਿਆ ਦੇ ਰੂਪ ਵਿੱਚ ਸਾਹਮਣੇ ਆਉਣ ਲੱਗੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਸਾਹਿਬਾਨ ਵਿਖੇ ਵੱਡੀ ਗਿਣਤੀ ਵਿੱਚ ਭੇਟ ਹੋਣ ਵਾਲੇ ਰੁਮਾਲਿਆਂ ਨੂੰ ਘਟਾਉਣ ਲਈ ਆਪਣੇ 28 ਮਾਰਚ 2023 ਨੂੰ ਕੀਤੇ ਗਏ ਜਨਰਲ ਸਮਾਗਮ ਵਿੱਚ ਸੰਗਤ ਨੂੰ ਅਪੀਲ ਕੀਤੀ :

ਮੌਜੂਦਾ ਸਮੇਂ ਗੁਰਦੁਆਰਾ ਸਾਹਿਬਾਨ ਅੰਦਰ ਸੰਗਤ ਵੱਲੋਂ ਚੜ੍ਹਾਏ ਜਾਂਦੇ ਰੁਮਾਲਾ ਸਾਹਿਬ ਦੀ ਬਹੁਤਾਤ ਕਾਰਨ ਇਨ੍ਹਾਂ ਦੀ ਸਾਂਭ-ਸੰਭਾਲ ਵਿੱਚ ਦਿੱਕਤ ਆਉਂਦੀ ਹੈ। ਰੁਮਾਲਾ ਸਾਹਿਬ ਦੀ ਮਰਯਾਦਾ ਦਾ ਸਿੱਖ ਪ੍ਰੰਪਰਾ ਵਿੱਚ ਅਹਿਮ ਅਸਥਾਨ ਹੈ ਅਤੇ ਰਹੇਗਾ, ਲੇਕਿਨ ਲੋੜ ਤੋਂ ਵੱਧ ਰੁਮਾਲਾ ਸਾਹਿਬ ਦੀ ਸਾਂਭ-ਸੰਭਾਲ ਸਮੇਂ ਆਉਂਦੀ ਮੁਸ਼ਕਲ ਦਾ ਹੱਲ ਵੀ ਜ਼ਰੂਰੀ ਹੈ। ਇਸ ਲਈ ਸੰਗਤ ਨੂੰ ਲੋੜ ਅਨੁਸਾਰ ਹੀ ਰੁਮਾਲਾ ਸਾਹਿਬ ਭੇਟ ਕਰਨ ਲਈ ਪ੍ਰੇਰਣਾ ਸਮੇਂ ਦੀ ਵੱਡੀ ਲੋੜ ਹੈ। ਗੁਰੂ ਸਾਹਿਬ ਨੂੰ ਨਤਮਸਤਕ ਹੋਣ ਮੌਕੇ ਸੰਗਤ ਵੱਲੋਂ ਸਤਿਕਾਰ ਭੇਟ ਕਰਨ ਵਾਸਤੇ ਅਜਿਹੇ ਜ਼ਰੂਰੀ ਕਾਰਜਾਂ ਲਈ ਰੁਚਿਤ ਕਰਨ ਦੀ ਜ਼ਰੂਰਤ ਹੈ, ਜਿਸ ਨਾਲ ਸਿੱਖ ਕੌਮ ਦੀ ਭਲਾਈ ਅਤੇ ਚੜ੍ਹਦੀ ਕਲਾ ਹੋ ਸਕੇ। ਮੌਜੂਦਾ ਸਮਾਂ ਬੌਧਿਕ ਤੌਰ ’ਤੇ ਅੱਗੇ ਵਧਣ ਦਾ ਹੈ, ਜਿਸ ਲਈ ਸਿੱਖ ਨੌਜੁਆਨੀ ਅੰਦਰ ਚੇਤਨਾ ਦਾ ਪ੍ਰਚਾਰ ਪ੍ਰਸਾਰ ਅਤਿ ਲਾਜ਼ਮੀ ਹੈ। ਸਿੱਖਿਆ ਦੇ ਖੇਤਰ ਵਿੱਚ ਪ੍ਰਾਪਤੀਆਂ ਅਤੇ ਪ੍ਰਸ਼ਾਸਕੀ ਸੇਵਾਵਾਂ ਵਿੱਚ ਹੋਂਦ ਤੋਂ ਬਿਨਾਂ ਕੌਮ ਦੀ ਚੜ੍ਹਦੀ ਕਲਾ ਦਾ ਕਿਆਸ ਨਹੀਂ ਕੀਤਾ ਜਾ ਸਕਦਾ। ਇਸ ਦੇ ਮੱਦੇਨਜ਼ਰ ਸੰਗਤਾਂ ਨੂੰ ਅਪੀਲ ਹੈ ਕਿ ਗੁਰੂ ਘਰਾਂ ਅੰਦਰ ਲੋੜੀਂਦੇ ਰੁਮਾਲਾ ਸਾਹਿਬ ਹੀ ਭੇਟ ਕੀਤੇ ਜਾਣ ਅਤੇ ਇਸਤੋਂ ਇਲਾਵਾ ਆਪਣੇ ਦਸਵੰਧ ਦੀ ਭੇਟਾ ਵਿੱਚੋਂ ਸਿੱਖ ਨੌਜੁਆਨੀ ਨੂੰ ਪ੍ਰਸ਼ਾਸਕੀ ਸੇਵਾਵਾਂ ਵੱਲ ਲੈ ਜਾਣ ਲਈ ਮੱਦਦ ਕੀਤੀ ਜਾਵੇ। ਇਹ ਰੁਝਾਨ ਸਿੱਖ ਕੌਮ ਲਈ ਬੇਹੱਦ ਅਹਿਮ ਸਾਬਤ ਹੋਵੇਗਾ।

ਰੁਮਾਲਾ ਸਾਹਿਬ ਦੇ ਸਤਿਕਾਰ ਅਤੇ ਪਵਿੱਤਰਤਾ ਨੂੰ ਧਿਆਨ ਰੱਖਣ ਦੀ ਅਪੀਲ ਕਰਦੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਜੀ ਨੇ ਵੀ ਗੰਭੀਰ ਟਿੱਪਣੀ ਕਰਦੇ ਹੋਏ ਕਿਹਾ ਕਿ ਦੁਕਾਨਦਾਰਾਂ ਵੱਲੋਂ ਰੁਮਾਲਾ ਸਾਹਿਬ ਦੇ ਸਤਿਕਾਰ ਦਾ ਧਿਆਨ ਨਹੀਂ ਰੱਖਿਆ ਜਾਂਦਾ ਅਤੇ ਬਹੁਤ ਘੱਟ ਰੁਮਾਲਾ ਸਾਹਿਬ ਗੁਣਵੱਤਾ ਦੇ ਪੈਮਾਨੇ ’ਤੇ ਪੂਰੇ ਉਤਰਦੇ ਹਨ।

ਪਿਛਲੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਸਾਹਿਬ ਦੇ ਮੌਜੂਦਾ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਨੇ ਗੁਰਦੁਆਰਾ ਸਾਹਿਬਾਨ ਵਿਖੇ ਵੱਡੀ ਗਿਣਤੀ ਵਿੱਚ ਭੇਟ ਹੋਣ ਵਾਲੇ ਰੁਮਾਲਾ ਸਾਹਿਬ ਦੀ ਸਾਂਭ ਸੰਭਾਲ ਦੀ ਆ ਰਹੀ ਸਮੱਸਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਐਲਾਨ ਕੀਤਾ ਕਿ ਗੁਰਦੁਆਰਾ ਸਾਹਿਬਾਨ ਵਿਖੇ ਵਿਸ਼ੇਸ਼ ਕਾਊਂਟਰ ਸਥਾਪਿਤ ਕੀਤੇ ਜਾਣਗੇ ਜਿੱਥੇ ਸੰਗਤਾਂ ਰੁਮਾਲਾ ਸਾਹਿਬ ਲਈ ਯਥਾਸ਼ਕਤ ਭੇਟਾ ਜਮ੍ਹਾਂ ਕਰਵਾ ਸਕਣਗੀਆਂ। ਭਾਵੇਂ ਕਿ ਰੁਮਾਲੇ ਭੇਟ ਕਰਨ ਦੇ ਰੁਝਾਨ ਨੂੰ ਘੱਟ ਕਰਕੇ ਭੇਟਾ ਹੋਣ ਵਾਲੀ ਮਾਇਆ ਨੂੰ ਸਿੱਖੀ ਦੇ ਵਿਕਾਸ ਲਈ ਖਰਚ ਕਰਨ ਦੀ ਦ੍ਰਿਸ਼ਟੀ ਤੋਂ ਇਹ ਫ਼ੈਸਲਾ ਸ਼ਲਾਘਾਯੋਗ ਜਾਪਦਾ ਹੈ ਪਰ ਸਿੱਖ ਸੰਗਤ ਇਸ ਸੰਬੰਧੀ ਆਪਣੀ ਰਾਇ ਅਤੇ ਭਾਵਨਾ ਪ੍ਰਗਟ ਕਰਨ ਤੋਂ ਸੰਕੋਚ ਨਹੀਂ ਕਰ ਰਹੀ। ਉਹ ਵਿਚਾਰ ਪ੍ਰਗਟ ਕਰ ਰਹੀ ਹੈ :

1. ਰੁਮਾਲੇ ਦੀ ਛੋਹ ਮਨ ਦੀਆਂ ਭਾਵਨਾਵਾਂ ਨੂੰ ਸੰਤੁਸ਼ਟੀ ਪ੍ਰਦਾਨ ਕਰਨ ਵਾਲੀ ਹੈ। ਇਸ ਦਾ ਜਿਹੜਾ ਬਦਲ ਲੱਭਿਆ ਜਾ ਰਿਹਾ ਹੈ, ਉਸ ਦੇ ਹੋਰ ਬਦਲ ਲੱਭਣ ਲਈ ਵੀ ਯਤਨ ਕਰਨੇ ਚਾਹੀਦੇ ਹਨ।

2. ਅਜਿਹੇ ਸੂਤੀ ਰੁਮਾਲੇ ਭੇਟ ਕਰਨ ਦਾ ਰੁਝਾਨ ਪੈਦਾ ਕਰਨ ਦੀ ਲੋੜ ਹੈ ਜਿਹੜੇ ਕਿ ਸਿੰਥੈਟਿਕ ਤੱਤ ਤੋਂ ਮੁਕਤ ਅਤੇ ਹਲਕੀ ਜਿਹੀ ਸਧਾਰਨ ਕਢਾਈ ਅਤੇ ਸ਼ਿੰਗਾਰ ਵਾਲੇ ਹੋਣ, ਜਿਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਭੇਟ ਕਰਨ ਉਪਰੰਤ ਹੋਰਨਾਂ ਕੰਮਾਂ ਲਈ ਵਰਤਿਆ ਜਾ ਸਕੇ।

3. ਕਾਊਂਟਰ ’ਤੇ ਭੇਟਾ ਲੈਣ ਵਾਲੇ ਤਿਆਰ ਕੀਤੇ ਬਦਲ ਦੇ ਨਾਲ-ਨਾਲ ਵਿਸ਼ੇਸ਼ ਕਾਰਜਾਂ ਜਾਂ ਮੌਕਿਆਂ ’ਤੇ ਵੀ ਰੁਮਾਲਾ ਸਾਹਿਬ ਭੇਟ ਕਰਨ ਦੀ ਪ੍ਰਵਾਨਗੀ ਹੋਣੀ ਚਾਹੀਦੀ ਹੈ।

ਰੁਮਾਲਾ ਸਾਹਿਬ ਸੰਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਿਆਰ ਕੀਤੇ ਗਏ ਬਦਲ ਨਾਲ ਸੰਗਤ ਦਾ ਰੁਝਾਨ ਤਾਂ ਆਉਣ ਵਾਲੇ ਸਮੇਂ ਵਿੱਚ ਹੀ ਪ੍ਰਗਟ ਹੋਵੇਗਾ ਪਰ ਵੱਡੀ ਗਿਣਤੀ ਵਿੱਚ ਸੰਗਤ ਦੀਆਂ ਭਾਵਨਾਵਾਂ ਨੂੰ ਇਸ ਦਿਸ਼ਾ ਵੱਲ ਮੋੜਨਾ ਅਤੇ ਜੋੜਨਾ ਹਾਲੇ ਪਰਖ ਦੀ ਘੜੀ ਹੈ।





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

*ਸੰਨ 1663 ਈ. ਵਿੱਚ ਦਿੱਲੀ ਵਿਖੇ ਚੇਚਕ ਦੀ ਮਹਾਂਮਾਰੀ ਫ਼ੈਲ ਜਾਣ 'ਤੇ ਗੁਰੂ ਜੀ ਆਪ ਰੋਗੀਆਂ ਦੇ ਘਰ ਘਰ ਜਾ ਕੇ ਸੇਵਾ ਕਰਨ ਲੱਗੇ। ਲੋਕਾਈ ਦੇ ਭਲੇ ਲਈ ਮਾਇਆ ਵੀ ਖ਼ਰਚ ਕੀਤੀ। ਇਹ ਵੇਖ ਕੇ ਸੰਗਤਾਂ ਵੀ ਇਸ ਨੇਕ ਸੇਵਾ ਵਿੱਚ ਗੁਰੂ ਜੀ ਨਾਲ ਆ ਜੁੜੀਆਂ। ਇਸ ਲਾਗ ਦੀ ਬਿਮਾਰੀ ਵਿੱਚ ਆਪ ਨੇ ਆਪਣੀ ਬਾਲ ਉਮਰ ਦੀ ਪ੍ਰਵਾਹ ਨਾ ਕੀਤੀ। ਆਖ਼ਰ ਗੁਰੂ ਜੀ ਖ਼ੁਦ ਵੀ ਮਹਾਂਮਾਰੀ ਦਾ ਸ਼ਿਕਾਰ ਹੋ ਗਏ। ਸੰਗਤਾਂ ਨੂੰ ਰੱਬ ਦੇ ਭਾਣੇ ਵਿੱਚ ਸੇਵਾ ਜਾਰੀ ਰੱਖਣ ਦਾ ਉਪਦੇਸ਼ ਦੇ ਕੇ ਜੋਤੀ ਜੋਤ ਸਮਾ ਗਏ।*

*ਅਜੋਕੇ ਸਮੇਂ ਵੀ ਗੁਰੂ ਜੀ ਦੀ ਸੇਵਾ ਪ੍ਰਤੀ ਸਿੱਖਿਆ ਦੀ ਸੇਧ ਵਿੱਚ ਸਮੇਂ-ਸਮੇਂ ਆਉਂਦੀਆਂ ਆਫ਼ਤਾਂ ਵਿਚੋਂ ਨਵੰਬਰ 2019 ਨੂੰ ਕੋਵਿਡ -19 ਦੀ ਮਹਾਂਮਾਰੀ ਵਿੱਚ ਸਿੱਖ ਸੰਗਤਾਂ ਤੇ ਸੰਸਥਾਵਾਂ ਨੇ ਮਨੁੱਖਤਾ ਦੀ ਸੇਵਾ ਸੰਭਾਲ ਕਰਕੇ ਆਪਣੇ ਧਾਰਮਿਕ ਵਿਰਸੇ ਦੀ ਸੇਵਾ ਭਾਵਨਾ ਵਾਲੀ ਮਿਸਾਲ ਸੰਸਾਰ ਭਰ ਵਿੱਚ ਕਾਇਮ ਕੀਤੀ। ਜਦੋਂ ਸਮੇਂ ਦੀਆਂ ਸਰਕਾਰਾਂ ਮਨੁੱਖਤਾ ਦੇ ਰੋਗੀਆਂ ਦੀ ਸੰਭਾਲ ਕਰਨ ਤੋਂ ਅਸਮਰਥ ਹੋ ਗਈਆਂ, ਉਸ ਵੇਲੇ ਸਿੱਖ ਕੌਮ ਨੇ ਆਕਸੀਜਨ ਦਾ ਲੰਗਰ ਲਗਾ ਕੇ ਹਸਪਤਾਲਾਂ ਦੇ ਬਾਹਰ ਬੈਠੇ ਬੇਵਸ, ਮਜਬੂਰ ਅਤੇ ਵਿਸਾਰੇ ਬਿਮਾਰਾਂ ਵਾਸਤੇ ਆਕਸੀਜਨ ਦਾ ਪ੍ਰਬੰਧ ਕੀਤਾ। ਉਪਰੰਤ ਗੁਰਦੁਆਰਿਆਂ , ਸਿੱਖਾਂ ਦੀਆਂ ਨਿੱਜੀ ਸੰਪਤੀਆਂ ਵਿੱਚ ਬਿਮਾਰਾਂ ਨੂੰ ਰਿਹਾਇਸ਼ ਦੇ ਕੇ ਸੇਵਾ ਸੰਭਾਲ ਦਾ ਕੰਮ ਕੀਤਾ ਹੈ।*

ਜੀਵਨ ਜਾਂਚ ਦੇ ਰਾਹ ਦਸੇਰੇ ਗੁਰੂਆਂ ਦੇ ਆਗਮਨ ਮਨੁੱਖਤਾ ਦੀ ਭਲਾਈ ਵਾਸਤੇ ਹੋਇਆ ਕਰਦੇ ਹਨ। ਜਦ ਕਦੇ ਧਰਤੀ ਤੇ ਪਾਪ ਦੀ ਅਤਿ ਹੋ ਜਾਵੇ ਤਾਂ ਆਤਮ ਸ੍ਰਿਸ਼ਟੀ ਵਿਚੋਂ ਕੋਈ ਉਪਕਾਰੀ ਆਉਂਦਾ ਹੈ। ਜੋ ਤਪਦੇ ਸੰਸਾਰ ਵਿੱਚ ਠੰਡ ਵਰਤਾਉਂਦਾ ਹੈ। ਮਨੁੱਖੀ ਮਨਾਂ ਨੂੰ ਸ਼ਾਂਤ ਕਰਦਾ ਹੈ। ਸਿੱਖ ਗੁਰੂ ਕਾਲ ਵਿੱਚ ਦਸ ਗੁਰੂਆਂ ਦੀ ਇੱਕ ਜੋਤ ਜੋ ਦਸੀਂ ਜਾਮੀ ਨਿਰੰਤਰ ਰੱਬੀ ਸੀ। ਭਗਤੀ ਅਤੇ ਸ਼ਕਤੀ ਦੇ ਸੁਮੇਲ ਵਿਚੋਂ ਸ਼ਾਂਤ ਉਤਸ਼ਾਹ ਵਿੱਚ ਦੀਨ ਦਯਾ ਹਿੱਤ ਬੀਰ ਰਸ ਆਇਆ ਤੇ ਚੜ੍ਹਦੀ ਕਲਾ ਦਾ ਰੰਗ ਚੜ੍ਹਿਆ। ਗੁਰੂ ਨਾਨਕ ਦੇਵ ਸਾਹਿਬ ਜੀ ਦੁਆਰਾ ਚਲਾਏ ਨਿਰਮਲ ਪੰਥ ਦੇ ਅੱਠਵੇਂ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਉਹਨਾਂ ਦੀ ਸਿਆਣਪ ਨੂੰ ਵੇਖ ਕੇ ਬਾਲ ਗੁਰੂ ਜਾਂ ਬਾਲਾ ਪ੍ਰੀਤਮ ਵੀ ਕਿਹਾ ਜਾਂਦਾ ਹੈ। ਆਪ ਜੀ ਦਾ ਆਗਮਨ ਸਾਵਣ ਵਦੀ 10 ਸੰਮਤ 1713 ਅਰਥਾਤ 7 ਜੁਲਾਈ 1656 ਨੂੰ ਸੀਸ ਮਹੱਲ ਕੀਰਤਪੁਰ (ਰੋਪੜ) ਵਿਖੇ ਗੁਰੂ ਹਰਿ ਰਾਏ ਸਾਹਿਬ ਜੀ ਦੇ ਗ੍ਰਹਿ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁਖੋਂ ਹੋਇਆ। ਕੱਤਕ 6 ਸੰਮਤ 1718 ਅਨੁਸਾਰ 20 ਅਕਤੂਬਰ 1661 ਨੂੰ ਗੁਰਗੱਦੀ 'ਤੇ ਬਿਰਾਜਮਾਨ ਹੋਏ।

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਆਪਣੀ ਸ਼ਹਾਦਤ ਸਮੇਂ ਗੁਰੂ ਹਰਿਰਾਇ ਸਾਹਿਬ ਜੀ ਨੂੰ ਹਦਾਇਤ ਕੀਤੀ ਸੀ ਕਿ ਗੁਰਗੱਦੀ 'ਤੇ ਹਥਿਆਰਬੰਦ ਹੋ ਕੇ ਬੈਠਣਾ ਹੈ। ਤਦ ਗੁਰੂ ਹਰਿਰਾਏ ਸਾਹਿਬ ਜੀ ਨੇ ਕੌਮ ਨੂੰ ਬਕਾਇਦਾ ਤੇ ਜਥੇਬੰਦਕ ਹਥਿਆਰਬੰਦ ਬਣਾਇਆ। ਸੰਗਤਾਂ ਦੇ ਹੌਂਸਲੇ ਬੁਲੰਦ ਹੋਏ। ਮੁਗਲ ਹਕੂਮਤ ਜਿਥੇ ਜੁਲਮ ਨਾਲ ਜਬਰੀ ਲੋਕਾਂ ਨੂੰ ਇਸਲਾਮ ਵਿੱਚ ਲਿਆਉਣਾ ਚਾਹੁੰਦੀ ਸੀ, ਉਥੇ ਸਿੱਖ ਧਰਮ ਦੀ ਵੱਧਦੀ ਲੋਕਪ੍ਰਿਅਤ ਨੂੰ ਵੇਖ ਕੇ ਲੋਕ ਆਪਣੇ ਆਪ ਹੀ ਧਰਮ ਦੀ ਵੱਧਦੀ ਲੋਕਪ੍ਰਿਅਤਾ ਨੂੰ ਵੇਖ ਕੇ ਲੋਕ ਆਪਣੇ ਆਪ ਹੀ ਸਿੱਖ ਧਰਮ ਅਪਨਾਉਣ ਲੱਗੇ। ਮੁਗਲ ਬਾਦਸ਼ਾਹ ਔਰੰਗਜੇਬ ਬਹਾਨੇ ਨਾਲ ਸਿੱਖਾਂ ਦੀ ਤਾਕਤ ਨੂੰ ਪ੍ਰਖਣਾ ਚਾਹੁੰਦਾ ਸੀ। ਉਸਨੇ ਧਰਮ ਗਰੰਥ ਦੇ ਸ਼ੰਕਿਆਂ ਦੇ ਬਹਾਨੇ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਤਲਬ ਕਰਨਾ ਚਾਹਿਆ।

ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਏ ਜੀ ਨੂੰ ਹਿਦਾਇਤ ਕੀਤੀ ਕਿ ਗੁਰਮਤਿ ਵਿਚਾਰਾਂ ਕਰਦੇ ਸਮੇਂ ਆਪਣੇ ਧਾਰਮਿਕ ਨਿਸਚੈ 'ਤੇ ਪੂਰਾ ਉਤਰਨਾ ਹੈ। ਬਾਦਸ਼ਾਹ ਨੇ ਸੁਆਲ ਕੀਤਾ ਕਿ ਤੁਹਾਡੇ ਗਰੰਥ ਵਿੱਚ 'ਮਿੱਟੀ ਮੁਸਲਮਾਨ ਦੀ ਪੇੜੇ ਪਈ ਕੁਮਿਆਰ ' ਸਿੱਧੀ ਇਸਲਾਮ ਦੀ ਹੱਤਕ ਨਹੀਂ ਹੈ? ਬਾਬਾ ਰਾਮ ਰਾਇ ਜੀ ਨੇ ਬਾਦਸ਼ਾਹ ਦੀ ਖੁਸ਼ੀ ਹਾਸਲ ਕਰਨ ਲਈ ਕਹਿ ਦਿੱਤਾ ਕਿ ਉਥੇ ਮਿੱਟੀ ਬੇਈਮਾਨ ਦੀ ਲਫ਼ਜ ਹੈ। ਬਾਣੀਕਾਰ ਵੱਲੋਂ ਗਲਤੀ ਨਾਲ ਮੁਸਲਮਾਨ ਲਿਖਿਆ ਗਿਆ ਹੈ। ਬਾਦਸ਼ਾਹ ਤਾਂ ਖੁਸ਼ ਹੋ ਗਿਆ ਪਰ ਜਦੋਂ ਗੁਰੂ ਹਰਿ ਰਾਏ ਸਾਹਿਬ ਜੀ ਨੂੰ ਪਤਾ ਲਗਿਆ ਕਿ ਗੁਰਬਾਣੀ ਦੀ ਤੁੱਕ ਬਦਲਣ ਦੀ ਅਵੱਗਿਆ ਹੋਈ ਹੈ ਤਾਂ ਉਹਨਾ ਨੇ ਆਪਣੇ ਦ੍ਰਿੜ ਇਰਾਦੇ ਨਾਲ ਫੈਸਲਾ ਕੀਤਾ ਕਿ ਬਾਬਾ ਰਾਮਰਾਇ ਜੀ ਗੁਰਗੱਦੀ ਦੇ ਲਾਇਕ ਨਹੀਂ ਹਨ।

ਧਰਮ ਪ੍ਰਤੀ ਇਸ ਦ੍ਰਿੜਤਾ ਦੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਸਮੇਂ ਵੀ ਕਮੀ ਨਹੀਂ ਸੀ ਆਈ। ਬਾਬਾ ਰਾਮਰਾਇ ਜੀ ਨੇ ਆਪਣਾ ਹੱਕ ਗੁਰਗੱਦੀ 'ਤੇ ਬਨਾਉਣ ਲਈ ਸਰਕਾਰ ਨੂੰ ਸ਼ਿਕਾਇਤ ਕਰ ਦਿੱਤੀ ਕਿ ਮੈਨੂੰ ਗੁਰਗੱਦੀ ਤੋਂ ਵਾਂਝਾ ਕੀਤਾ ਗਿਆ ਹੈ। ਬਾਦਸ਼ਾਹ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਤਲਬ ਹੋਣ ਦਾ ਸੱਦਾ ਦਿੱਤਾ, ਜੋ ਗੁਰਾਂ ਨੇ ਠੁਕਰਾ ਦਿੱਤਾ। ਸਰਕਾਰੇ ਦਰਬਾਰੇ ਵਿਚੋਂ ਮਿਰਜਾ ਜੈ ਸਿੰਘ ਨੇ ਬਾਦਸ਼ਾਹ ਨਾਲ ਮਿਲਣੀ ਕਰਵਾਉਣ ਦਾ ਜਿੰਮਾ ਆਪਣੇ ਸਿਰ ਲੈ ਲਿਆ। ਦੀਵਾਨ ਪਰਸ ਰਾਮ ਨੇ 150 ਘੋੜ ਸਵਾਰ ਭੇਜ ਕੇ ਗੁਰਾਂ ਨੂੰ ਬੜੇ ਸਤਿਕਾਰ ਨਾਲ ਪਾਲਕੀ ਵਿੱਚ ਬਿਠਾ ਕੇ ਦਿੱਲੀ ਲਿਆਉਣ ਲਈ ਕਿਹਾ। ਗੁਰੂ ਸਾਹਿਬ ਜੀ ਨੇ ਦੀਵਾਨ ਨੂੰ ਕਿਹਾ ਕਿ ਉਹ ਬਾਦਸ਼ਾਹ ਔਰੰਗਜੇਬ ਦੇ ਮੱਥੇ ਨਹੀਂ ਲੱਗਣਗੇ।

ਤਦ ਦਿੱਲੀ ਦੀਆਂ ਸੰਗਤਾਂ ਨੇ ਦਰਸ਼ਨਾਂ ਦੀ ਤਾਂਘ ਦੀ ਬੇਨਤੀ ਭੇਜੀ ਤਾਂ ਤੁਰੰਤ ਰਜ਼ਮੰਦ ਹੋ ਗਏ। ਕੀਰਤਪੁਰ ਤੋਂ ਦਿੱਲੀ ਆਉਂਦੇ ਸਮੇਂ ਗੁਰੂ ਸਾਹਿਬ ਜੀ ਪੰਜਖੋਰਾ ਪਿੰਡ ਜ਼ਿਲ੍ਹਾ ਅੰਬਾਲਾ ਵਿਖੇ ਰੁਕੇ। ਉਥੇ ਲਾਲ ਚੰਦ ਬ੍ਰਾਹਮਣ ਨੇ ਗੁਰੂ ਜੀ ਨੂੰ ਵੰਗਾਰਿਆ ਕਿ ਤੁਸੀਂ ਵੱਡੇ ਗੁਰੂ ਬਣੀ ਫ਼ਿਰਦੇ ਹੋ। ਕ੍ਰਿਸ਼ਨ ਨੇ ਤਾਂ ਗੀਤਾ ਉਚਾਰੀ ਸੀ, ਤੁਸਬੀਂ ਮੇਰੇ ਨਾਲ ਸ਼ਾਸਤਰ ਹੱਥ ਕਰ ਲਓ। ਗੀਤਾ ਦੇ ਅਰਥ ਕਰਕੇ ਸੁਣਾਓ। ਗੁਰੂ ਜੀ ਨੇ ਪੰਡਤ ਨੂੰ ਸਮਝਾਇਆ ਕਿ ਗੁਰੂ ਦੀ ਸਮਰਥਾ ਅਰਥ ਕਰਨਾ ਹੀ ਨਹੀਂ ਸਗੋਂ ਜੀਵਨ ਨੂੰ ਸਾਵੀਂ ਪੱਧਰੀ ਰਾਹ 'ਤੇ ਤੋਰਨਾ ਹੈ। ਮਨੁੱਖ ਵਿਚੋਂ ਅਗਿਆਨਤਾ ਦਾ ਨਾਂਸ ਕਰਨਾ ਹੈ। ਸਾਡਾ ਤਾਂ ਹਰ ਸਿੱਖ ਗਿਆਨਵਾਨ ਹੈ। ਉਸ ਨੂੰ ਗਿਆਨ ਪ੍ਰਾਪਤ ਕਰਨ ਦੀ ਖੁੱਲ ਹੈ ਤਾਂ ਜੋ ਧਾਰਮਿਕ ਰਾਜਨੀਤਿਕ , ਵਿਦਿਅਕ ਤੇ ਵਿਹਾਰਕ ਸੋਝੀ ਨਾਲ ਆਪਣਾ ਜੀਵਨ ਸੰਵਾਰ ਸਕੇ। ਤੁਸੀਂ ਕਿਸੇ ਵੀ ਸਿੱਖ ਨੂੰ ਪੁੱਛ ਲਓ ਤੁਹਾਨੂੰ ਤੁਹਾਡਾ ਉੱਤਰ ਮਿਲ ਜਾਵੇਗਾ। ਪੰਡਤ ਲੰਗਰਾਂ ਦੀ ਜਲ ਦੀ ਸੇਵਾ ਕਰਦੇ ਛਜੂ ਨੂੰ ਸਾਦਾ ਜਿਹਾ ਸਮਝ ਕੇ ਲੈ ਆਇਆ। ਪੰਡਿਤ ਨੇ ਜੋ ਵੀ ਪੁਛਿਆ ਛਜੂ ਨੇ ਉਸਦਾ ਉੱਤਰ ਦੇ ਦਿੱਤਾ, ਕਿਉਂਕਿ ਉਹ ਲੰਗਰਾਂ ਦੀ ਸੇਵਾ ਕਰਦਾ ਬਾਣੀ ਸੁਣਦਾ ਤੇ ਗੁਣ ਗੁਣਾਦਾ ਰਹਿੰਦਾ ਸੀ। ਬ੍ਰਾਹਮਣ ਸ਼ਰਮਿੰਦਾ ਹੋ ਗਿਆ।

ਦਿੱਲੀ ਪਹੁੰਚ ਕੇ ਰਾਜਾ ਜੈ ਸਿੰਘ ਨੇ ਆਪਣੇ ਬੰਗਲੇ ਵਿੱਚ ਜਿਥੇ ਅੱਜ ਕਲ ਗੁਰਦੁਆਰਾ ਬੰਗਲਾ ਸਾਹਿਬ ਹੈ, ਠਹਿਰਾਇਆ। ਸੰਗਤਾਂ ਦਰਸ਼ਨਾਂ ਲਈ ਉਮੜ ਪਈਆਂ। ਬਾਦਸ਼ਾਹ ਔਰੰਗਜੇਬ ਨੇ ਵੀ ਦਰਸ਼ਨਾਂ ਦੀ ਇੱਛਾਂ ਪ੍ਰਗਟ ਕੀਤੀ ਪਰ ਗੁਰੂ ਜੀ ਨੇ ਇਨਕਾਰ ਕਰ ਦਿਤਾ। ਰਾਜਾ ਜੈ ਸਿੰਘ ਦੀ ਰਾਣੀ ਤੌਖਲਾ ਹੋਇਟਾ ਕਿ ਇੰਨਾ ਛੋਟਾ ਬਾਲਕ ਗੁਰੂ ਕਿਵੇਂ ਹੋ ਸਕਦਾ ਹੈ? ਜੇਕਰ ਸਮਰਥ ਗੁਰੂ ਹੈ ਤਾਂ ਮੈਨੂੰ ਹੀ ਢੂੰਡ ਦੇ ਦਸ ਦੇਵੇ ਕਿ ਸਵਾਗਤ ਕਰਨ ਵਾਲੀਆਂ ਵਿੱਚ ਮੈਂ ਕਿਥੇ ਹਾਂ? ਗੁਰੂ ਪਾਤਸ਼ਾਹ ਨੇ ਸਾਰੀਆਂ ਗੋਲੀਆਂ ਸਹੇਲੀਆਂ ਦੀ ਡੀਲ ਡੋਲ ਵੇਖ ਕੇ ਗੋਲੀ ਬਣੀ ਰਾਣੀ ਨੂੰ ਪਛਾਣ ਲਿਆ । ਇਹ ਭਰਮ ਦੂਰ ਕੀਤਾ ਕਿ ਗੁਰੂ ਜੋਤਿ ਨੂੰ ਸਰੀਰ ਪਖੋਂ ਜਾਂ ਉਮਰ ਪਖੋਂ ਵੇਖ ਕੇ ਪ੍ਰਖਿਆ ਨਹੀਂ ਜਾ ਸਕਦਾ।

ਸੰਨ 1663 ਦੇ ਦੌਰਾਨ ਜਦੋਂ ਗੁਰੂ ਜੀ ਦਿੱਲੀ ਵਿਚ ਸਨ ਤਾਂ ਹੈਜਾ ਚੇਚਕ ਦੀ ਮਹਾਂਮਾਰੀ ਫੈਲ ਗਈ। ਗੁਰਦੇਵ ਆਪ ਲੋਕਾਂ ਦੇ ਘਰ ਘਰ ਜਾ ਕੇ ਸੇਵਾ ਕਰਨ ਲੱਗੇ। ਲੋਕਾਈ ਦੇ ਭਲੇ ਲਈ ਮਾਇਆ ਵੀ ਖਰਚ ਕੀਤੀ। ਇਹ ਵੇਖ ਕੇ ਸੰਗਤਾਂ ਵੀ ਇਸ ਨੇਕ ਕੰਮ ਲਈ ਗੁਰੂ ਜੀ ਨਾਲ ਆਣ ਜੁੜੀਆਂ। ਇਸ ਛੂਤ ਦੀ ਬਿਮਾਰੀ ਵਿੱਚ ਆਪਣੀ ਬਾਲ ਉਮਰ ਦੀ ਪ੍ਰਵਾਹ ਵੀ ਨਹੀਂ ਕੀਤੀ। ਆਖਿਰ ਗੁਰੂ ਜੀ ਵੀ ਇਸ ਮਹਾਂਮਾਰੀ ਦਾ ਸ਼ਿਕਾਰ ਹੋ ਗਏ। ਮਾਤਾ ਜੀ ਅਤੇ ਸੰਗਤਾਂ ਵਿੱਚ ਘਬਰਾਹਟ ਹੋ ਗਏਂ ਪਰ ਪਾਤਸ਼ਾਹ ਨੇ ਇਸ ਨੂੰ ਰੱਬੀ ਰਮਜ਼ ਦਸਿਆ । ਸੰਗਤਾਂ ਨੂੰ ਧੀਰਜ ਵਿੱਚ ਰਹਿਣ ਲਈ ਕਿਹਾ। ਆਪਣਾ ਸੱਚਖੰਡ ਜਾਣ ਦਾ ਸਮਾਂ ਵੇਖ ਕੇ ਹੁਕਮ ਸੁਣਾਇਆ ਕਿ ਅਗਲਾ ਗੁਰੂ ਬਾਬਾ ਬਕਾਲੇ ਭਾਵ ਸੀ। ਕਿ ਗੁਰੂ ਬਾਬਾ ਬਕਾਲਾ ਰਹਿੰਦਾ ਹੈ। ਆਪ ਜੀ 3 ਵਿਸਾਖ ਸੰਮਤ 1721 ਮੁਤਾਬਿਕ 30 ਮਾਰਚ 1664 ਨੂੰ ਜੋਤੀ ਜੋਤ ਸਮਾ ਗਏ। ਆਪ ਜੀ ਦੀ ਵਿਦਾਇਗੀ ਮੌਜੂਦਾ ਗੁਰਦੁਆਰਾ ਬਾਲਾ ਸਾਹਿਬ ਦਿੱਲੀ ਵਿਖੇ ਹੋਈ।

ਵਰਣਨਯੋਗ ਹੈ ਕਿ ਆਪ ਬਾਲ ਉਮਰੇ ਵੀ ਗੁਰਗੱਦੀ ਦੀ ਜ਼ਿੰਮੇਵਾਰੀ ਨਿਭਾਅ ਕੇ ਦਰਸਾ ਦਿੱਤਾ ਕਿ ਗੁਰੂ ਸਰੀਰ ਨਹੀਂ ਜੋਤਿ ਹੈ। ਸਪਸ਼ਟ ਕੀਤਾ ਕਿ ਸਰੀਰ ਭਾਵੇਂ ਬਿਰਧ ਹੋਵੇ ਜਾਂ ਬਾਲ ਉਮਰ ਗੁਰੂ ਜੋਤਿ ਨਾਲ ਉਮਰ ਦਾ ਕੋਈ ਸਬੰਧ ਨਹੀਂ। ਢਾਈ ਸਾਲ ਦੀ ਗੁੱਰਤਾ ਵਿੱਚ ਗੁਰਦੇਵ ਨੇ ਬੜੀ ਸਿਆਣਪ , ਦ੍ਰਿੜਤਾ ਅਤ ਨਿਰਭੈਤਾ ਨਾਲ ਜਿੰਮੇਵਾਰੀ ਨਿਭਾਈ। ਉਹਨਾਂ ਨੇ ਧਰਮ ਪ੍ਰਚਾਰ ਵੀ ਪਹਿਲਾਂ ਦੀ ਤਰਾਂ ਜਾਰੀ ਰੱਖਿਆ। ਉਹਨਾਂ ਦੇ ਹੋਰ ਪਰਉਪਕਾਰਾਂ ਵਿੱਚ ਜਦ ਭਾਈ ਕਲਿਆਣ ਦੀ ਧਰਮਸ਼ਾਲਾ ਮਹੱਲਾ ਦਿਲਵਾਲੀ ਸਿੰਘਾਂ ਦਿੱਲੀ ਵਿਖੇ ਡੇਰੇ ਲਾਏ ਤਾਂ ਉਥੇ ਲੋਕ ਬੜੇ ਗਰੀਬ ਸਨ। ਪੀਣ ਲਈ ਸਾਫ਼ ਪਾਣੀ ਵੀ ਨਹੀਂ ਸੀ। ਲੋਕ ਬਿਮਾਰੀਆਂ ਵਿੱਚ ਘਿਰੇ ਹੋਏ ਸਨ। ਬੜਾ ਹੀ ਦੁਖੀ ਜੀਵਨ ਬਤੀਤ ਕਰ ਰਹੇ ਸਨ। ਗੁਰੂ ਦੀਆਂ ਸੰਗਤਾਂ ਨੇ ਲੰਗਰ ਲਗਾ ਦਿੱਤੇ । ਥਾਂ ਥਾਂ ਸਾਫ਼ ਪਾਣੀ ਦਾ ਪ੍ਰਬੰਧ ਕੀਤਾ। ਕਈ ਮੁਸਲਮਾਨ ਫ਼ਕੀਰ ਵੀ ਗੁਰਾਂ ਦੇ ਉਪਾਸਕ ਬਣ ਗਏ। ਗੁਰੂ ਜੀ ਸੱਚੀ ਸੁੱਚੀ ਕ੍ਰਿਤ ਕਰਦਿਆਂ ਰੱਬ ਦੀ ਰਜ਼ਾ ਵਿੱਚ ਰਹਿਣ ਦਾ ਉਪਦੇਸ਼ ਦਿੱਤਾ। ਸਿੱਖ ਗੁਰੂਆਂ ਨੇ ਬੇਗਰਜ਼ ਸੇਵਾ ਨੂੰ ਮੁਕਤੀ ਨਾਲ ਜੋੜ ਦਿੱਤਾ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949






# ਬੱਚਿਆਂ ਦੀ ਸਫ਼ਲਤਾ ਦੇ ਰਾਹ ਵਿੱਚ ਰੋੜਾ ਬਣਦੇ ਨੇ ਨਾਂਹ-ਪੱਖੀ ਵਿਚਾਰ



ਸਿਮਰਨਦੀਪ ਕੌਰ ਬੇਦੀ

ਹਰ ਮਾਂ-ਬਾਪ ਦੀ ਇੱਛਾ ਹੁੰਦੀ ਹੈ ਕਿ ਉਸ ਦੀ ਔਲਾਦ ਨੂੰ ਕਦੇ ਤੱਤੀ ਵਾਅ ਨਾ ਲੱਗੇ। ਮਾਪੇ ਆਪਣੀ ਔਲਾਦ ਨੂੰ ਸਦਾ ਹੱਸਦੇ-ਵੱਸਦੇ ਦੇਖਣਾ ਚਾਹੁੰਦੇ ਹਨ। ਕੋਈ ਮਾਂ-ਬਾਪ ਨਹੀਂ ਚਾਹੁੰਦਾ ਕਿ ਉਸ ਦੀ ਔਲਾਦ ਕਦੇ ਉਨ੍ਹਾਂ ਤੋਂ ਦੂਰ ਹੋਵੇ। ਮਾਪੇ ਹਰ ਵੇਲੇ ਆਪਣੇ ਬੱਚਿਆਂ ਦਾ ਪਰਛਾਵਾਂ ਬਣ ਕੇ ਨਾਲ-ਨਾਲ ਰਹਿਣਾ ਚਾਹੁੰਦੇ ਹਨ। ਅਕਸਰ ਕਿਹਾ ਜਾਂਦਾ ਹੈ ਕਿ ਕੁਝ ਪਾਉਣ ਲਈ ਕੁਝ ਗੁਆਉਣਾ ਪੈਂਦਾ ਹੈ। ਯਾਨੀ ਉੱਚੀਆਂ ਬੁਲੰਦੀਆਂ ਹਾਸਿਲ ਕਰਨ ਲਈ ਮਨੁੱਖ ਨੂੰ ਆਪਣਾ ਸੁੱਖ-ਚੈਨ ਤਿਆਗਣਾ ਪੈਂਦਾ ਹੈ ਤੇ ਸੰਘਰਸ਼ ਦੇ ਦੌਰ 'ਚੋਂ ਗੁਜ਼ਰਨਾ ਪੈਂਦਾ ਹੈ। ਇਸ ਲਈ ਮਾਪਿਆਂ ਨੂੰ ਬਚਪਨ ਤੋਂ ਆਪਣੇ ਬੱਚਿਆਂ ਨੂੰ ਇੰਨਾ ਕੁ ਮਜ਼ਬੂਤ ਬਣਾ ਲੈਣਾ ਚਾਹੀਦਾ ਹੈ ਕਿ ਉਹ ਸੰਘਰਸ਼ ਦੀ ਪੌੜੀ 'ਤੇ ਚੜ੍ਹਨ ਲੱਗਿਆਂ ਡੋਲਣ ਨਾ।

ਜੇ ਮਾਪੇ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਦਿਲੋਂ ਮਜ਼ਬੂਤ ਬਣਨ ਤੇ ਮੁਸ਼ਕਿਲਾਂ ਅੱਗੇ ਹਿੰਮਤ ਨਾ ਹਾਰਨ ਤਾਂ ਫ਼ਿਰ ਮਾਪਿਆਂ ਨੂੰ ਬਚਪਨ ਤੋਂ ਹੀ ਬੱਚੇ ਦੀ ਸਾਂਭ-ਸੰਭਾਲ ਅਜਿਹੇ ਢੰਗ ਨਾਲ ਕਰਨੀ ਚਾਹੀਦੀ ਹੈ ਕਿ ਉਹ ਹਰ ਤਰ੍ਹਾਂ ਦੇ ਹਾਲਾਤ ਵਿਚ ਰਹਿਣ ਲਈ ਤਿਆਰ ਹੋ ਜਾਵੇ। ਕਈ ਬੱਚੇ ਪੂਰੀ ਤਰ੍ਹਾਂ ਆਪਣੇ ਮਾਪਿਆਂ 'ਤੇ ਨਿਰਭਰ ਹੁੰਦੇ ਹਨ ਤੇ ਚੰਦ ਮਿੰਟਾਂ ਲਈ ਵੀ ਮਾਂ-ਬਾਪ ਤੋਂ ਦੂਰ ਨਹੀਂ ਰਹਿ ਸਕਦੇ। ਅਜਿਹੇ ਬੱਚੇ ਭਵਿੱਖ ਵਿਚ ਵੀ ਛੋਟੇ ਤੋਂ ਛੋਟੇ ਕੰਮ ਲਈ ਮਾਪਿਆਂ ਦਾ ਆਸਰਾ ਭਾਲਦੇ ਰਹਿੰਦੇ ਹਨ। ਹਰ ਵੇਲੇ ਦੂਜੇ 'ਤੇ ਨਿਰਭਰ ਰਹਿਣ ਵਾਲੇ ਬੱਚੇ ਕਦੇ ਵੀ ਜ਼ਿੰਦਗੀ ਦੇ ਸਫ਼ਰ ਦੀ ਲੜਾਈ ਇਕੱਲੇ ਨਹੀਂ ਲੜ ਸਕਦੇ। ਬਚਪਨ ਵਿੱਚ ਬੱਚਾ ਨਿੱਕੀਆਂ-ਨਿੱਕੀਆਂ ਅੱਖਾਂ ਵਿੱਚ ਉੱਚ ਡਿਗਰੀਆਂ ਹਾਸਿਲ ਕਰ ਕੇ ਉੱਚ ਅਹੁਦੇ ਹਾਸਿਲ ਕਰਨ ਦੇ ਸੁਪਨੇ ਸਜਾਉਂਦਾ ਹੈ। ਭਵਿੱਖ ਵਿੱਚ ਸੁੱਖ-ਚੈਨ ਤੇ ਘਰ-ਬਾਹਰ ਤਿਆਗ ਕੇ ਜਦੋਂ ਸੁਪਨਿਆਂ ਦੀ ਉਡਾਰੀ ਭਰਨ ਦਾ ਸਮਾਂ ਆਉਂਦਾ ਹੈ ਤਾਂ ਫ਼ਿਰ ਬੱਚਾ ਮਾਪਿਆਂ ਨਾਲੋਂ ਵੱਖ ਹੋ ਕੇ ਮੁਸ਼ਕਿਲਾਂ ਦਾ ਸਾਹਮਣਾ ਕਰਨ ਤੋਂ ਡਰਦਾ ਹੈ ਤੇ ਕਈ ਮਾਪੇ ਵੀ ਆਪਣੇ ਦਿਲ ਦੇ ਟੁਕੜਿਆਂ ਨੂੰ ਖ਼ੁਦ ਤੋਂ ਵੱਖ ਕਰ ਕੇ ਹਰ ਵੇਲੇ ਚਿੰਤਾ ਵਿੱਚ ਡੁੱਬੇ ਰਹਿੰਦੇ ਹਨ।

**ਆਲਸੀ ਬਣਾਉਂਦੀਆਂ ਸੁੱਖ-ਸਹੂਲਤਾਂ**

ਹਰ ਬੱਚਾ ਮਾਪਿਆਂ ਦੀ ਅੱਖ ਦਾ ਤਾਰਾ ਹੁੰਦਾ ਹੈ ਤੇ ਮਾਪੇ ਆਪਣੇ ਬੱਚੇ ਨੂੰ ਕਿਸੇ ਵੀ ਸਹੂਲਤ ਪੱਖੋਂ ਵਾਂਝੇ ਨਹੀਂ ਰੱਖਣਾ ਚਾਹੁੰਦੇ ਪਰ ਅਸਲੀਅਤ ਵਿੱਚ ਬਹੁਤੀਆਂ ਸੁੱਖ-ਸਹੂਲਤਾਂ ਬੱਚੇ ਨੂੰ ਆਲਸੀ ਤੇ ਨਿਕੰਮਾ ਬਣਾ ਦਿੰਦੀਆਂ ਹਨ। ਰਾਜੇ-ਮਹਾਰਾਜਿਆਂ ਵਰਗੀ ਆਰਾਮਦਾਇਕ ਜ਼ਿੰਦਗੀ ਮਾਣਨ ਬਾਲੇ ਬੱਚੇ ਨੂੰ ਭਵਿੱਖ ਵਿੱਚ ਜਦੋਂ ਕੋਈ ਚੁਣੌਤੀ ਆਉਂਦੀ ਹੈ ਤਾਂ ਫ਼ਿਰ ਉਹ ਡਾਵਾਂਡੋਲ ਹੋ ਕੇ ਢਹਿ-ਢੇਰੀ ਹੋ ਜਾਂਦਾ ਹੈ ਕਿਉਂਕਿ ਬਹੁਤੀਆਂ ਸੁੱਖ-ਸਹੂਲਤਾਂ ਬੱਚੇ ਨੂੰ ਜ਼ਿੰਦਗੀ ਦੇ ਅਸਲ ਤਜਰਬੇ ਤੋਂ ਵਾਕਫ਼ ਨਹੀਂ ਹੋਣ ਦਿੰਦੀਆਂ। ਅੱਜ-ਕੱਲ੍ਹ ਮਾਪਿਆਂ ਨੇ ਆਪਣੇ ਬੱਚੇ ਇੰਨੇ ਕੁ ਨਰਮ ਬਣਾ ਲਏ ਹਨ ਕਿ ਉਨ੍ਹਾਂ ਕੋਲੋਂ ਜ਼ਰਾ ਜਿੰਨੀ ਵੀ ਗਰਮੀ ਬਰਦਾਸ਼ਤ ਨਹੀਂ ਹੁੰਦੀ। ਵਧੇਰੇ ਸੁੱਖ-ਸਹੂਲਤਾਂ ਬੱਚੇ ਨੂੰ ਮਿਹਨਤੀ ਬਣਨ ਤੋਂ ਪਛਾੜ ਦਿੰਦੀਆਂ ਹਨ ਤੇ ਬੱਚਾ ਸਫ਼ਲਤਾ ਲਈ ਮਿਹਨਤ ਤੇ ਸੰਘਰਸ਼ ਕਰਨ ਤੋਂ ਝਿਜਕਦਾ ਹੈ।



**ਬੱਚੇ 'ਤੇ ਰੱਖੋ ਯਕੀਨ**

ਜੇ ਮਾਪੇ ਹਾਂ-ਪੱਖੀ ਸੋਚ ਰੱਖ ਕੇ ਇਹ ਸੋਚ ਰੱਖਣਗੇ ਕਿ ਬੱਚੇ ਪਰਮਾਤਮਾ ਦੇ ਸਹਾਰੇ ਆਪਣੇ ਸੁਪਨਿਆਂ ਦਾ ਮੁਕਾਮ ਜ਼ਰੂਰ ਹਾਸਿਲ ਕਰਨਗੇ ਤਾਂ ਫ਼ਿਰ ਬੱਚੇ ਜ਼ਰੂਰ ਸਫ਼ਲਤਾ ਹਾਸਿਲ ਕਰਨਗੇ ਅਤੇ ਦੂਜੇ ਪਾਸੇ ਜਿਹੜੇ ਮਾਪੇ ਨਾਂਹ-ਪੱਖੀ ਸੋਚ ਰੱਖ ਕੇ ਹਰ ਵੇਲੇ ਆਪਣੇ ਬੱਚੇ ਦੀ ਚਿੰਤਾ ਵਿੱਚ ਡੁੱਬੇ ਰਹਿੰਦੇ ਹਨ, ਉਨ੍ਹਾਂ ਮਾਪਿਆਂ ਦੇ ਬੱਚੇ ਕਦੇ ਵੀ ਆਪਣੀ ਮੰਜ਼ਿਲ 'ਤੇ ਨਹੀਂ ਪੁੱਜਦੇ ਕਿਉਂਕਿ ਮਾਪਿਆਂ ਦੀ ਨਾਂਹ-ਪੱਖੀ ਸੋਚ ਬੱਚੇ ਦੀ ਊਰਜਾ ਘਟਾਉਂਦੀ ਹੈ ਅਤੇ ਨਾਂਹ-ਪੱਖੀ ਵਿਚਾਰ ਸਫ਼ਲਤਾ ਦੇ ਰਾਹ ਦਾ ਰੋੜਾ ਬਣਦੇ ਹਨ। ਸੋ ਮਾਪਿਆਂ ਨੂੰ ਚਾਹੀਦਾ ਕਿ ਬੇਫ਼ਿਕਰੇ ਹੋ ਕੇ ਆਪਣੇ ਬੱਚੇ 'ਤੇ ਯਕੀਨ ਰੱਖੋ। ਉਸ ਨੂੰ ਇੰਨੇ ਕੁ ਕਾਬਿਲ ਬਣਾਓ ਕੇ ਉਹ ਮੁਸੀਬਤਾਂ ਵੇਖ ਕੇ ਆਪਣੇ ਕਦਮ ਪਿਛਾਂਹ ਨਾ ਕਰੇ ਸਗੋਂ ਅੱਗੇ ਹੋ ਕੇ ਉਨ੍ਹਾਂ ਦਾ ਸਾਹਮਣਾ ਕਰ ਕੇ ਮੈਦਾਨ ਫ਼ਤਿਹ ਕਰੇ।

# ਬੱਚਿਆਂ ਨੂੰ ਲੱਗ ਰਹੀ ਇੰਟਰਨੈੱਟ ਦੀ ਲਤ

ਅਸ਼ਵਨੀ ਚਤਰਥ

ਸਮਾਰਟਫ਼ੋਨ, ਲੈਪਟਾਪ ਅਤੇ ਅਜੋਕੇ ਸਮੇਂ ਦੇ ਹੋਰ ਤਕਨੀਕੀ ਸਾਧਨ ਜਿਵੇਂ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਬਣ ਚੁੱਕੇ ਹਨ। ਇੰਟਰਨੈੱਟ ਨੇ ਜਿੱਥੇ ਸਾਨੂੰ ਅਨੇਕ ਫ਼ਾਇਦੇ ਪਹੁੰਚਾਏ ਹਨ, ਉੱਥੇ ਹੀ ਇਸ ਨੇ ਸਾਡੇ ਲਈ ਕਈ ਚੁਣੌਤੀਆਂ ਵੀ ਪੈਦਾ ਕੀਤੀਆਂ ਹਨ। 'ਡਿਜੀਟਲ ਕ੍ਰਾਂਤੀ' ਨੇ ਜਿੱਥੇ ਇੱਕ ਪਾਸੇ ਦੁਨੀਆਂ ਦੇ ਵੱਖ-ਵੱਖ ਹਿੱਸਿਆਂ 'ਚ ਰਹਿ ਰਹੇ ਲੋਕਾਂ ਵਿਚਲੀ ਦੂਰੀ ਨੂੰ ਘੱਟ ਕੀਤਾ ਹੈ, ਉੱਥੇ ਹੀ ਇਸ ਨੇ ਲੋਕਾਂ ਦੇ ਅਸਲ ਸਮਾਜਿਕ ਰਿਸ਼ਤਿਆਂ ਵਿਚਲੇ ਪਾੜੇ ਨੂੰ ਵਧਾਇਆ ਵੀ ਹੈ। ਇਸ ਤੋਂ ਇਲਾਵਾ ਇੰਟਰਨੈੱਟ ਦੀ ਜ਼ਿਆਦਾ ਵਰਤੋਂ ਨਾਲ ਬੱਚਿਆਂ ਦੀ ਮਾਨਸਿਕ ਸਿਹਤ ਉੱਤੇ ਨਾਂਹ-ਪੱਖੀ ਪ੍ਰਭਾਵ ਵੀ ਪੈ ਰਹੇ ਹਨ। ਦਰਅਸਲ, ਬੱਚਿਆ 'ਚ ਮੋਬਾਈਲ ਵਰਤਣ ਦੀ ਆਦਤ ਮਾਪਿਆਂ ਵੱਲੋਂ ਹੀ ਪਾਈ ਜਾਂਦੀ ਹੈ।

ਡੇਢ-ਦੋ ਸਾਲ ਦੇ ਬੱਚਿਆਂ ਨੂੰ ਦੁੱਧ ਪਿਲਾਉਣ ਜਾਂ ਕੁਝ ਖੁਆਉਣ ਲਈ ਮਾਪੇ ਉਨ੍ਹਾਂ ਦੇ ਹੱਥ ਵਿੱਚ ਮੋਬਾਈਲ ਫ਼ੜਾ ਦਿੰਦੇ ਹਨ। ਇਸ ਤਰ੍ਹਾਂ ਕਰਨ ਨਾਲ ਬੱਚਿਆਂ ਦੀ ਮੋਬਾਈਲ ਵਿੱਚ ਰੁੱਝੇ ਰਹਿਣ ਦੀ ਆਦਤ ਹੌਲੀ-ਹੌਲੀ ਪੱਕ ਜਾਂਦੀ ਹੈ। ਜੇ ਉਨ੍ਹਾਂ ਕੋਲੋਂ ਮੋਬਾਈਲ ਖੋਹ ਲਿਆ ਜਾਵੇ ਤਾਂ ਉਹ ਚੀਕਣ ਜਾਂ ਇਵੇਂ ਰੋਣ ਲੱਗਦੇ ਹਨ ਜਿਵੇਂ ਉਨ੍ਹਾਂ ਨੂੰ ਕਿਸੇ ਨੇ ਕੁੱਟਿਆ ਹੋਵੇ। ਕੋਵਿਡ ਮਹਾਂਮਾਰੀ ਦੌਰਾਨ ਹੋਈ ਤਾਲਾਬੰਦੀ ਸਮੇਂ ਬੱਚਿਆਂ ਦੀਆਂ ਕਲਾਸਾਂ ਆਨਲਾਈਨ ਲੱਗਣੀਆਂ ਸ਼ੁਰੂ ਹੋ ਗਈਆਂ ਸਨ। ਉਸ ਤੋਂ ਬਾਅਦ ਆਨਲਾਈਨ ਕਲਾਸਾਂ ਦਾ ਕੰਮ ਭਾਵੇਂ ਬੰਦ ਹੋ ਗਿਆ ਸੀ ਪਰ ਬੱਚਿਆਂ ਦੀ ਮੋਬਾਈਲ ਦੀ ਆਦਤ ਨਹੀਂ ਛੁੱਟੀ ਸੀ। ਬੱਚਿਆਂ ਨੂੰ ਇੰਟਰਨੈੱਟ ਦੀ ਲਤ ਲੱਗਣ ਦੇ ਹੋਰ ਵੀ ਕਈ ਕਾਰਨ ਹਨ।



ਆਨਲਾਈਨ ਗੇਮਾਂ ਬੱਚਿਆਂ ਕੋਲ ਸਮਾਂ ਬਤੀਤ ਕਰਨ ਦਾ ਇਕ ਸੌਖਾ ਤਰੀਕਾ ਹੈ। ਉਹ ਰਵਾਇਤੀ ਖੇਡਾਂ ਨੂੰ ਛੱਡ ਕੇ ਇੰਟਰਨੈੱਟ ਦੀਆਂ ਗੇਮਾਂ ਵੱਲ ਆਕਰਸ਼ਿਤ ਹੋ ਰਹੇ ਹਨ। ਇਸ ਵਿੱਚ ਵੀ ਕੋਈ ਦੋ ਰਾਇ ਨਹੀਂ ਕਿ ਇੰਟਰਨੈੱਟ ਅਜੋਕੇ ਬੱਚਿਆਂ ਦੀ ਪੜ੍ਹਾਈ ਅਤੇ ਗਿਆਨ ਪ੍ਰਾਪਤੀ ਲਈ ਇੱਕ ਲਾਹੇਵੰਦ ਸਾਧਨ ਹੈ ਅਤੇ ਉਨ੍ਹਾਂ ਨੂੰ ਇਸ ਦੀ ਵਰਤੋਂ ਤੋਂ ਰੋਕਿਆ ਨਹੀਂ ਜਾਣਾ ਚਾਹੀਦਾ। ਇੰਟਰਨੈੱਟ ਮਨੋਰੰਜਨ ਦਾ ਵੀ ਇੱਕ ਅਹਿਮ ਮਾਧਿਅਮ ਹੈ।

ਇਸ ਲਈ ਬੱਚੇ ਸਹਿਜੇ ਹੀ ਇਸ ਨਾਲ ਜੁੜ ਜਾਂਦੇ ਹਨ। ਸੋਸ਼ਲ ਮੀਡੀਆ ਉੱਤੇ ਤਾਜ਼ੀਆਂ ਖ਼ਬਰਾਂ ਹਰ ਵੇਲੇ ਉਪਲਬਧ ਰਹਿੰਦੀਆਂ ਹਨ ਜਿਸ ਕਰਕੇ ਹਰ ਕੋਈ ਇਸ ਨਾਲ ਜੁੜੇ ਰਹਿਣਾ ਪਸੰਦ ਕਰਦਾ ਹੈ। ਇਸ ਸਭ ਦੇ ਬਾਵਜੂਦ ਸੋਸ਼ਲ ਮੀਡੀਆ ਅਤੇ ਇੰਟਰਨੈੱਟ ਦੀ ਵਰਤੋਂ ਬੱਚਿਆਂ ਲਈ ਸੀਮਤ ਕਰਨੀ ਜ਼ਰੂਰੀ ਹੈ। ਅਜਿਹੇ ਵਿੱਚ ਮਾਪਿਆਂ ਦੀ ਜ਼ਿੰਮੇਵਾਰੀ ਵਧ ਜਾਂਦੀ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਭਰੋਸੇ 'ਚ ਲੈਣ ਅਤੇ ਉਨ੍ਹਾਂ ਨਾਲ ਵੱਧ ਤੋਂ ਵੱਧ ਸਮਾਂ ਬਤੀਤ ਕਰਨ ਅਤੇ ਉਨ੍ਹਾਂ ਦੀ ਪੜ੍ਹਾਈ ਦੇ ਕੰਮ ਵਿੱਚ ਸਹਿਯੋਗ ਦੇਣ। ਇਹ ਹਕੀਕਤ ਹੈ ਕਿ ਅਜੋਕੇ ਸਮੇਂ ਕੰਪਿਊਟਰ ਤੇ ਇੰਟਰਨੈੱਟ ਦੀ ਵਰਤੋਂ ਬੱਚਿਆਂ ਲਈ ਜ਼ਰੂਰੀ ਹੈ ਪਰ ਇਹ ਸਾਰਾ ਕੁਝ ਮਾਪਿਆਂ ਦੀ ਨਿਗਰਾਨੀ ਹੇਠ ਹੋਣਾ ਚਾਹੀਦਾ ਹੈ।

# ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਲਾਹੇਵੰਦ ਮਾਪੇ-ਅਧਿਆਪਕ ਮਿਲਣੀ

ਬੇਅੰਤ ਸਿੰਘ

ਅਜੋਕੇ ਸਮੇਂ 'ਚ ਬੱਚਿਆਂ ਦੀ ਪੜ੍ਹਾਈ ਨੂੰ ਬਿਹਤਰ ਬਣਾਉਣ ਤੇ ਉਨ੍ਹਾਂ ਦੇ ਵਿਕਾਸ ਲਈ ਮਾਪੇ-ਅਧਿਆਪਕ ਮਿਲਣੀ ਦਾ ਵਧੇਰੇ ਯੋਗਦਾਨ ਹੈ। ਬੱਚੇ ਦੇ ਚਾਲੂ ਵਿੱਦਿਅਕ ਸੈਸ਼ਨ ਤੇ ਸਾਲ ਦੀ ਪੜ੍ਹਾਈ ਦੇ ਵੱਖ-ਵੱਖ ਪੱਧਰਾਂ ਦੀ ਕਾਰਗੁਜ਼ਾਰੀ ਨੂੰ ਜਾਚਣ ਲਈ ਜਦੋਂ ਮਾਪੇ ਅਤੇ ਅਧਿਆਪਕ ਆਪਸ 'ਚ ਜੁੜ ਬੈਠਦੇ ਹਨ ਤਾਂ ਇਸ ਨੂੰ ਮਾਪੇ-ਅਧਿਆਪਕ ਮਿਲਣੀ ਦਾ ਨਾਂ ਦਿੱਤਾ ਜਾਂਦਾ ਹੈ। ਇਸ ਸਮੇਂ ਮਾਪੇ ਤੇ ਅਧਿਆਪਕ ਬੱਚੇ ਦੀ ਭਲਾਈ ਲਈ ਉਸਾਰੂ ਯੋਜਨਾਵਾਂ ਉਲੀਕਦੇ ਹਨ, ਤਾਂ ਜੋ ਉਨ੍ਹਾਂ ਨੂੰ ਲਾਗੂ ਕਰ ਕੇ ਰਹਿੰਦੇ ਸਮੇਂ ਵਿੱਚ ਵਧੀਆ ਨਤੀਜੇ ਪ੍ਰਾਪਤ ਕੀਤੇ ਜਾ ਸਕਣ।

**ਮੀਟਿੰਗਾਂ ਦਾ ਆਯੋਜਨ**

ਇਹ ਮੀਟਿੰਗਾਂ ਤਿਮਾਹੀ, ਛਿਮਾਹੀ ਤੇ ਸਾਲਾਨਾ ਹੁੰਦੀਆਂ ਰਹਿੰਦੀਆਂ ਹਨ। ਪਿੱਛੇ ਜਿਹੇ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਮੈਗਾ ਪੀ.ਟੀ.ਐਮ. ਦਾ ਆਯੋਜਨ ਵੀ ਇਸੇ ਕੜੀ ਦਾ ਹਿੱਸਾ ਸੀ ਕਿ ਇਸ ਵਿੱਚ ਮਾਪਿਆਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਯਕੀਨੀ ਬਣਾਈ ਜਾਵੇ। ਮਾਪੇ ਸਕੂਲਾਂ ਵਿਚ ਪਹੁੰਚ ਕੇ ਆਪਣੇ ਬੱਚਿਆਂ ਦੀ ਪੜ੍ਹਾਈ-ਲਿਖਾਈ ਅਤੇ ਸਕੂਲਾਂ ਦੇ ਵਿੱਦਿਅਕ ਮਾਹੌਲ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਣ।

**ਆਪਸੀ ਸਹਿਯੋਗ ਦੀ ਭਾਵਨਾ**

ਬੱਚੇ ਦੇ ਸਰਬਪੱਖੀ ਵਿਕਾਸ ਤੇ ਅਕਾਦਮਿਕ ਸਫਲਤਾ ਨੂੰ ਯਕੀਨੀ ਬਣਾਉਣ ਲਈ ਮਾਪਿਆਂ ਅਤੇ ਅਧਿਆਪਕਾਂ ਦੇ ਆਪਸੀ ਸਹਿਯੋਗ ਦੀ ਭਾਵਨਾ ਦਾ ਹੋਣਾ ਬਹੁਤ ਜ਼ਰੂਰੀ ਹੈ। ਮਾਪੇ ਸਕੂਲ ਸੰਸਥਾ ਦੇ ਵਧੇਰੇ ਨੇੜੇ ਹੋਣੇ ਚਾਹੀਦੇ ਹਨ। ਉਨ੍ਹਾਂ ਨੂੰ ਖੁੱਲ੍ਹ ਹੋਣੀ ਚਾਹੀਦੀ ਹੈ ਕਿ ਉਹ ਜਦੋਂ ਜੀ ਚਾਹੇ, ਆਪਣੇ ਬੱਚਿਆਂ ਦੀ ਕਾਰਗੁਜ਼ਾਰੀ ਜਾਚ ਸਕਣ ਤੇ ਉਸਾਰੂ ਸੁਝਾਅ ਦੇ ਸਕਣ।



**ਵਿਦਿਆਰਥੀ ਦੀ ਸਮੱਸਿਆ ਬਾਰੇ ਸਮਝਣਾ**

ਕਈ ਬੱਚੇ ਕਿਸੇ ਸਰੀਰਕ ਜਾਂ ਮਾਨਸਿਕ ਬਿਮਾਰੀ ਤੋਂ ਪੀੜਤ ਹੁੰਦੇ ਹਨ। ਹਰ ਬੱਚੇ ਦੇ ਘਰ ਦਾ ਮਾਹੌਲ ਵੀ ਵੱਖੋ-ਵੱਖਰਾ ਹੁੰਦਾ ਹੈ। ਉਨ੍ਹਾਂ ਬਾਰੇ ਅਧਿਆਪਕਾਂ ਨੂੰ ਜਾਣਕਾਰੀ ਨਹੀਂ ਹੁੰਦੀ। ਇਹ ਸਿਰਫ਼ ਮਾਪਿਆਂ ਨਾਲ ਗੱਲਬਾਤ ਕਰਨ ਤੋਂ ਹੀ ਪਤਾ ਚੱਲਦਾ ਹੈ।

ਇਸ ਲਈ ਮਾਪਿਆਂ ਨੂੰ ਮਿਲ ਕੇ ਅਤੇ ਬੱਚਿਆਂ ਦੀ ਸਬੰਧਿਤ ਸਮੱਸਿਆ ਦਾ ਅਧਿਐਨ ਕਰ ਕੇ ਉਸ ਦਾ ਮੌਕੇ 'ਤੇ ਹੱਲ ਕਰ ਲਿਆ ਜਾਂਦਾ ਹੈ। ਇਹ ਵਡੇਰੀ ਸਮਝ ਭਵਿੱਖ ਵਿੱਚ ਵਧੀਆ ਵਿੱਦਿਅਕ ਅਨੁਭਵ ਤਿਆਰ ਕਰਨ 'ਚ ਸਹਾਇਕ ਸਿੱਧ ਹੁੰਦੀ ਹੈ।

**ਸਕੀਮਾਂ ਪ੍ਰਤੀ ਜਾਣਕਾਰੀ**

ਸਕੂਲ ਸਿੱਖਿਆ ਵਿਭਾਗ ਵੱਲੋਂ ਸਮੇਂ-ਸਮੇਂ 'ਤੇ ਪੜ੍ਹਾਈ ਤੋਂ ਇਲਾਵਾ ਹੋਰ ਅਨੇਕਾਂ ਭਲਾਈ ਸਕੀਮਾਂ ਦੀ ਸ਼ੁਰੂਆਤ ਕੀਤੀ ਜਾਂਦੀ ਹੈ, ਜਿਵੇਂ ਵਜ਼ੀਫ਼ਾ, ਮਿਡ-ਡੇ-ਮੀਲ, ਨਵੋਦਿਆ ਪ੍ਰੀਖਿਆ ਦੀ ਤਿਆਰੀ, ਮੈਡੀਕਲ ਸਹੂਲਤ ਆਦਿ। ਇਸ ਤੋਂ ਇਲਾਵਾ ਅੱਜ-ਕੱਲ੍ਹ ਮਿਸ਼ਨ ਸਮਰੱਥ ਸਕੀਮ ਚੱਲ ਰਹੀ ਹੈ, ਜਿਸ ਵਿੱਚ ਜਮਾਤ ਅਨੁਸਾਰ ਮਹੀਨਾਵਾਰ ਟੀਚੇ ਸ਼ਾਮਿਲ ਹਨ। ਇਨ੍ਹਾਂ ਦੀ ਜਾਣਕਾਰੀ ਲਈ ਮਾਪੇ-ਅਧਿਆਪਕ ਮਿਲਣੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਬੱਚੇ ਦੀ ਟੀਚੇ ਪ੍ਰਾਪਤੀ ਦੀ ਸਫਲਤਾ ਲਈ ਸਾਂਝੇ ਯਤਨਾਂ ਦੀ ਲੋੜ ਹੈ।

**ਪਾਠ-ਸਹਾਇਕ ਕਿਰਿਆਵਾਂ ਦੀ ਚੋਣ**

ਅਸੀਂ ਇਹ ਤਾਂ ਮੰਨਦੇ ਹਾਂ ਕਿ ਸਕੂਲੀ ਸੰਸਥਾਵਾਂ ਬੱਚੇ ਦੇ ਅਕਾਦਮਿਕ ਪੱਖ ਤੋਂ ਮਹੱਤਵਪੂਰਨ ਹਨ। ਨਿਰ੍ਹਾ ਕਿਤਾਬੀ ਗਿਆਨ ਵੀ ਬੱਚੇ ਦੀ ਤਰੱਕੀ ਤੇ ਵਿਕਾਸ ਨਹੀਂ ਕਰ ਸਕਦਾ। ਕਈ ਵਾਰ ਬੱਚੇ ਦੀ ਪੜ੍ਹਾਈ ਤੋਂ ਇਲਾਵਾ ਹੋਰਨਾਂ ਪਾਠ-ਸਹਾਇਕ ਕਿਰਿਆਵਾਂ, ਜਿਵੇਂ-ਭਾਸ਼ਣ, ਗੀਤ, ਗ਼ਜ਼ਲ, ਭੰਗੜਾ, ਡਾਂਸ, ਗਿੱਧਾ, ਕੋਰਿਓਗ੍ਰਾਫੀ ਆਦਿ ਗਤੀਵਿਧੀਆਂ ਵਿੱਚ ਵਧੀਆ ਰੁਚੀ ਹੁੰਦੀ ਹੈ।

ਖੇਡਾਂ ਵੀ ਬੱਚੇ ਦੀ ਮਾਨਸਿਕ ਤੇ ਸਰੀਰਕ ਤੰਦਰੁਸਤੀ ਲਈ ਜ਼ਰੂਰੀ ਹਨ। ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਬੱਚੇ ਆਪਣੀ ਮਿਹਨਤ ਸਦਕਾ ਅੰਤਰਰਾਸ਼ਟਰੀ ਪੱਧਰ ਤੱਕ ਮੱਲਾਂ ਮਾਰ ਸਕਦੇ ਹਨ। ਇਸ ਸਬੰਧੀ ਬੱਚੇ ਦਾ ਅਧਿਐਨ ਕਰਨ ਲਈ ਮਾਪੇ-ਅਧਿਆਪਕ ਮਿਲਣੀ ਬਹੁਤ ਜ਼ਰੂਰੀ ਹੈ। ਅਧਿਆਪਕ ਮਾਪਿਆਂ ਦੇ ਸਹਿਯੋਗ ਨਾਲ ਬੱਚੇ ਨੂੰ ਵਧੀਆ ਈਵੈਂਟ ਦੀ ਤਿਆਰੀ ਕਰਵਾ ਕੇ ਸਫਲਤਾਵਾਂ ਦਰਜ ਕਰਵਾ ਸਕਦੇ ਹਨ।

**ਸਿੱਖਿਆ 'ਚ ਭਾਈਵਾਲੀ**

ਮਾਪੇ-ਅਧਿਆਪਕ ਮਿਲਣੀ ਵਿੱਚ ਭਾਗ ਲੈਣ ਨਾਲ ਮਾਪੇ ਆਪਣੇ ਬੱਚੇ ਦੀ ਸਿੱਖਿਆ ਵਿੱਚ ਸਰਗਰਮ ਹਿੱਸੇਦਾਰ ਬਣ ਜਾਂਦੇ ਹਨ। ਉਹ ਬੱਚੇ ਦੀ ਸਫਲਤਾ ਲਈ ਅਧਿਆਪਕਾਂ ਦਾ ਹਰ ਸੰਭਵ ਸਹਿਯੋਗ ਕਰਨ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਇਸ ਲਈ ਘਰ ਤੇ ਸਕੂਲ ਵਿਚਕਾਰ ਸਹਿਯੋਗੀ ਯਤਨ ਬਹੁਤ ਜ਼ਰੂਰੀ ਹਨ।

(ਬਾਕੀ ਸਫ਼ਾ 31 'ਤੇ)

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS AMBEST Love's

FUEL CARDS
NO CREDIT - NO PROBLEM
BEST CUSTOMER SERVICE
QUIKQ WEX




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE
ROAD SQUAD CONNECT

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035



# ਆਖ਼ਰੀ ਸਲਾਮ

ਸੁਖਦੇਵ ਸਿੰਘ ਭੁੱਲੜ



ਸੁਖਦੇਵ ਸਿੰਘ ਭੁੱਲੜ
ਸੁਰਜੀਤ ਪੁਰਾ ਬਠਿੰਡਾ
94170-46117

ਮਨੁੱਖ ਗੁਲਾਬੀ ਮੂੰਹ ਵਾਲਾ ਠੱਗ ਹੁੰਦਾ ਏ, ਕਦੇ ਫਰਿਸ਼ਤਾ! ਸੋਚ ਪਲਟਾ ਖਾ ਜਾਵੇ ਤਾਂ ਇਨਸਾਨ, ਨਹੀਂ ਤਾਂ ਹੈਵਾਨ ਦਾ ਰੂਪ ਧਾਰ ਲੈਂਦਾ ਹੈ। ਔਰਤ ਦਾ ਅਬਲਾਪਨ ਤੇ ਬੱਚੇ ਦੀ ਮਾਸੂਮੀਅਤ, ਹੈਵਾਨ ਦਾ ਦਿਲ ਪ੍ਰਚਾਵਾ ਬਣ ਕੇ ਰਹਿ ਜਾਂਦੀ ਏ।

ਅੱਜ ਪੂਰੇ ਤਿੰਨ ਸਾਲ ਹੋ ਗਏ ਨੇ, ਕੋਮਲ ਦਿਲਾਂ 'ਤੇ ਨਸ਼ਤਰ ਵੱਜਿਆਂ ਨੂੰ ! ਜ਼ਿੰਦਗੀ ਦੇ ਸਾਰੇ ਦੁੱਖ ਨਾਸੂਰ ਬਣ ਗਏ ਹਨ। ਸਰੀਰਕ ਜ਼ਖਮਾਂ 'ਤੇ ਤਾਂ ਅੰਗੂਰੀਆਂ ਆ ਗਈਆਂ ਹਨ, ਪਰ ਆਤਮਿਕ ਜ਼ਖਮ ਅਜੇ ਭਰੇ ਨਹੀਂ। ਫਿਰਕੂ ਨਫ਼ਰਤ ਦੀ ਅੱਗ ਪੂਰੇ ਜ਼ੋਰ-ਸ਼ੋਰ ਨਾਲ ਬਲ ਰਹੀ ਏ। ਮਜ਼ਬਹੀ ਪਾੜਾ ਦਿਨ ਬਦਿਨ ਵਧੀ ਜਾ ਰਿਹਾ ਏ। ਹਾਕਮ ਸ਼੍ਰੇਣੀ ਅੱਖਾਂ ਮੀਟੀ ਘੂਕ ਸੁੱਤੀ ਪਈ ਏ। ਹਾਂ, ਕਦੇ-ਕਦੇ ਅੱਖਾਂ ਖੋਲ੍ਹ ਕੇ 'ਕੀ ਹੋ ਰਿਹਾ ਏ ?' ਜ਼ਰੂਰ ਪੁੱਛ ਲੈਂਦੀ ਏ।

ਇਹ ਸਮਾਜ ਕਿਹੋ ਜਿਹਾ ਏ ? ਇਹਨੂੰ ਸਾਡੇ 'ਤੇ ਤਰਸ ਕਿਉਂ ਨਹੀਂ ਆਉਂਦਾ? ਜ਼ਿੰਦਗੀ ਦੀ ਸੱਸੀ ਰੇਗਿਸਤਾਨ ਦੇ ਟਿੱਬਿਆਂ ਵਿੱਚ ਦਮ ਤੋੜ ਰਹੀ ਏ। ਕਿਸੇ ਦੀ ਹੀਰ ਖੇੜਿਆਂ ਵਿੱਚ ਬੈਠੀ ਹੰਝੂ ਕੇਰ ਰਹੀ ਏ। ਕਿਸੇ ਦੀ ਸੋਹਣੀ ਝਨਾਂ ਵਿੱਚ ਰੁੜ ਰਹੀ ਏ। ਸੱਸੀ ਦੇ ਤਪਦੇ ਮਾਰੂਥਲ ਕਦੋਂ ਸ਼ਾਂਤ ਹੋਣਗੇ ? ਝਨਾਂ ਵਿੱਚ ਕਦ ਤੱਕ ਤੂਫਾਨ ਆਉਂਦੇ ਰਹਿਣਗੇ ? ਮੀਰਾਂ ਨੂੰ ਅਜੇ ਹੋਰ ਕਿੰਨਾ ਜ਼ਹਿਰ ਪੀਣਾ ਪਵੇਗਾ ? ਮੇਰੀ ਸੋਚ ਨੂੰ ਦੰਦਲ ਪੈ ਗਈ। ਇਉਂ ਜਾਪਿਆ: ਜਿਵੇਂ ਦੰਦਲ ਦਾਤੀ ਨੇ ਮੇਰੀ ਸ਼ਾਹ ਰਗ ਨੂੰ ਚੀਰ ਸੁੱਟਿਆ ਏ। ਜਦ ਇਨਸਾਨ ਜਜ਼ਬਾਤੀ ਵਹਿਣਾਂ ਵਿੱਚ ਡੁੱਬ ਜਾਂਦਾ ਏ ਤਾਂ ਸੋਚ ਡਾਵਾਂਡੋਲ ਹੋ ਜਾਂਦੀ ਏ।

ਸ਼ਇਦ ਇਹ ਕਹਾਣੀ ਕਿੰਨੀ ਵਾਰ ਦੁਹਰਾ ਬੈਠੀ ਆਂ ? ਜਿਸ ਨੇ ਚਾਹਿਆ, ਉਸੇ ਨੂੰ ਈ ਸੁਣਾ ਦਿੱਤੀ। ਬੱਸ, ਹੁਣ ਬੀਤੀਆਂ ਘਟਨਾਵਾਂ ਦਾ ਸਿਮਰਨ ਈ ਬਾਕੀ ਰਹਿ ਗਿਆ ਏ। ਹੋਰ ਸਭ ਕੁੱਝ ਫਿਰਕੂ ਦੰਗਿਆਂ ਦੀ ਭੇਟ ਹੋ ਚੁੱਕਾ ਏ। ਪਿਤਾ, ਮਾਤਾ, ਭਰਾ ਤੇ ਦੋ ਭੈਣਾਂ! ਮੈਂ ਇਕੱਲੀ ਬਚ ਰਹੀ। ਸ਼ਾਇਦ ਅਜੇ ਹੋਰ ਦੁੱਖ ਭੋਗਣੇ ਬਾਕੀ ਹੋਣ। ਦੁੱਖ ਤਾਂ ਖੈਰ ਪਹਿਲਾਂ ਵੀ ਬਥੇਰੇ ਭੋਗ ਚੁੱਕੀ ਆਂ। ਝੱਟ ਉਹਦੇ ਜ਼ਿਹਨ ਵਿੱਚ ਕਾਨਪੁਰ ਦੀ ਤਸਵੀਰ ਉਭਰ ਆਈ।

ਸੂਰਜ ਪੂਰਬ 'ਚੋਂ ਸਿਰ ਕੱਢ ਦੁਮੇਲ ਨੂੰ ਛੂਹਣ ਲਈ ਤੁਰ ਪਿਆ ਸੀ। ਜਦ ਸਾਰੇ ਸ਼ਹਿਰ ਵਿੱਚ ਹਾਹਾਕਾਰ ਮੱਚ ਗਈ। ਚਾਰ-ਚੁਫੇਰੇ ਰੌਲਾ ਪੈਣ ਲੱਗ ਪਿਆ। ਕੁਰਲਾਹਟ ਮੱਚ ਗਈ। ਬੱਚਿਆਂ, ਬੁੱਢਿਆਂ, ਮਾਸੂਮਾਂ ਤੇ ਔਰਤਾਂ ਵਿੱਚ ਚੀਕ-ਚਿਹਾੜਾ ਪੈ ਗਿਆ। ਸਾਰੇ ਜਾਨ ਬਚਾਉਣ ਲਈ ਭੱਜ ਰਹੇ ਸਨ। ਗੁੰਡਿਆਂ ਦੀ ਧਾੜ ਮਗਰ ਲੱਗੀ ਸੀ। ਉੱਚੀ ਉੱਚੀ ਰੌਲਾ ਪੈ ਰਿਹਾ ਸੀ। ਗੁੰਡੇ ਕਹਿ ਰਹੇ ਸੀ:

ਫੜੋ !

ਮਾਰੋ !

ਇਨਹੋਂ ਨੇ ਹਮਾਰੀ ਮਾਂ ਕਾ ਕਤਲ ਕੀਆ ਹੈ ?

ਇਨਕੋ ਮਾਰ ਦੋ, ਲੂਟ ਲੋ।

ਇਨਕੀ ਸੰਪਤੀ ਸਾੜ ਦੋ।

ਵੇਂਹਦਿਆਂ-ਵੇਂਹਦਿਆਂ ਸਾਰੇ ਸ਼ਹਿਰ ਵਿੱਚ ਦੰਗੇ ਸ਼ੁਰੂ ਹੋ ਗਏ। ਦੁਕਾਨਾਂ ਤੇ ਮਕਾਨਾਂ ਨੂੰ ਅੱਗ ਨੇ ਲਪੇਟ ਲਿਆ। ਟਰੱਕਾਂ, ਕਾਰਾਂ, ਜੀਪਾਂ ਤੇ ਸਕੂਟਰਾਂ ਨੂੰ ਸਾੜਨਾ ਸ਼ੁਰੂ ਕਰ ਦਿੱਤਾ। ਮਾਸੂਮ ਬੱਚਿਆਂ ਦੇ ਗਲਾਂ ਵਿੱਚ ਟਾਇਰ ਪਾ ਕੇ ਅੱਗਾਂ ਲੱਗ ਰਹੀਆਂ ਸਨ। ਗੁੰਡੇ ਹਰਲ-ਹਰਲ ਕਰਦੇ ਫਿਰਦੇ ਸਨ। ਪੁਲਿਸ ਤੇ ਸੁਰੱਖਿਆ ਫੋਰਸਾਂ ਵਾਲੇ ਦੇਖ-ਦੇਖ ਹੱਸ ਰਹੇ ਸਨ।

ਮੈਂ ਕੋਠੀ ਦੇ ਉੱਪਰ ਖੜ੍ਹੀ ਪਹਾੜੀਆਂ ਵਿੱਚ ਡੁੱਬਦੇ ਸੂਰਜ ਨੂੰ ਤੱਕਣ ਦੀ ਇੰਤਜ਼ਾਰ ਵਿੱਚ ਸਾਂ। ਅਚਾਨਕ ਮੇਰੇ ਕੰਨਾਂ ਵਿੱਚ ਇਹ ਅਵਾਜ਼ਾਂ ਟਕਰਾਈਆਂ। ਮੇਰਾ ਸਰੀਰ ਸੁੰਨ ਹੋ ਗਿਆ। ਲਹੂ ਤਾਂ ਜਿਵੇਂ ਪਾਣੀ ਹੀ ਬਣ ਗਿਆ ਸੀ। ਸ਼ਹਿਰ ਵਿੱਚ ਸਿੱਖਾਂ ਨੂੰ ਚੁਣ-ਚੁਣ ਕੇ ਮਾਰਿਆ ਜਾ ਰਿਹਾ ਸੀ। ਗੱਡੀਆਂ ਬੱਸਾਂ ਵਿਚੋਂ ਕੱਢ ਕੇ ਤੇ ਘਰਾਂ ਵਿੱਚੋਂ ਧੂਹ-ਧੂਹ ਕੇ ਕੁੱਟਿਆ ਜਾਂਦਾ ਸੀ। ਫਿਰ ਅੱਗ ਨਾਲ ਸਾੜਿਆ ਜਾਂਦਾ ਸੀ।

ਮੈਂ ਦੇਖ ਰਹੀ ਸੀ-

ਗੁੰਡਿਆਂ ਨੇ ਇੱਕ ਮਾਸੂਮ ਬੱਚੇ ਨੂੰ ਫੜ ਲਿਆ। ਫਿਰ ਉਸਦੇ ਗਲ ਵਿੱਚ ਟਾਇਰ ਪਾ ਦਿੱਤਾ। ਇੱਕ ਨੇ ਪੈਟਰੋਲ ਪਾ ਕੇ ਅੱਗ ਲਾ ਦਿੱਤੀ। ਮਾਸੂਮ ਦੀਆਂ ਚੀਕਾਂ ਨੇ ਅਸਮਾਨ ਕੰਬਾ ਦਿੱਤਾ। ਮੇਰੇ ਦਿਲ ਨੂੰ ਵੀ ਧੂਹ ਪੈ ਗਈ, ਪਰ ਗੁੰਡਿਆਂ ਦੀ ਭੀੜ ਵਿੱਚ ਹਾਸਾ ਮੱਚ ਗਿਆ। ਮਾਸੂਮ ਦੇ ਕਲੀਆਂ ਵਰਗੇ ਬੁੱਲ੍ਹ ਸੜ ਕੇ ਕੋਲਾ ਹੋ ਗਏ। ਭੂਰੇ ਵਾਲ ਅੱਗ ਨਾਲ ਸੜ ਗਏ। ਕੁੱਝ ਚਿਰ ਬਾਅਦ ਹੀ ਉਸ ਦੀਆਂ ਚੀਕਾਂ ਬੰਦ ਹੋ ਗਈਆਂ। ਉਹ ਦੋ-ਚਾਰ ਗੇੜੇ ਖਾ ਕੇ ਡਿੱਗ ਪਿਆ। ਅੱਗ ਅਜੇ ਵੀ ਬਲ ਰਹੀ ਸੀ।

ਮੈਂ ਦੇਖ ਰਹੀ ਸੀ-

ਗੁੰਡਿਆਂ ਨੇ ਇੱਕ ਕੁੜੀ ਨੂੰ ਫੜ ਲਿਆ। ਜ਼ਬਰਦਸਤੀ ਉਹਦੇ ਵਾਲ ਕੱਟ ਦਿੱਤੇ। ਕੱਪੜੇ ਪਾੜ ਦਿੱਤੇ। ਉਹਨੂੰ ਨਗਨ ਕਰਕੇ, ਕੁੜੀ ਦੀ ਇੱਜਤ ਲੁੱਟੀ ਗਈ। ਸਰਕਾਰ ਦੇ ਰਾਖੇ ਭੱਦੀਆਂ ਟਿੱਚਰਾਂ ਕਰ-ਕਰ ਸੁਆਦ ਲੈ ਰਹੇ ਸਨ। ਇਹ ਦੁੱਖਦਾਈ ਸਾਕਾ ਦੇਖ ਕੇ ਮੈਨੂੰ ਹੌਲ ਪੈਣ ਲੱਗ ਪਏ।

ਮੈਂ ਦੇਖ ਰਹੀ ਸੀ-

ਗੁੰਡਿਆਂ ਨੇ ਇੱਕ ਹੋਰ ਸਿੱਖ ਨੂੰ ਪਕੜ ਲਿਆ। ਉਹਨੂੰ ਕੁੱਟ-ਮਾਰ ਕੇ ਅੱਧਮੋਇਆ ਕਰ ਦਿੱਤਾ। ਫਿਰ ਲੱਤਾਂ-ਬਾਹਵਾਂ ਤੋਂ ਫੜਕੇ ਬਲਦੀ ਭੱਠੀ ਵਿੱਚ ਸੁੱਟ ਦਿੱਤਾ। ਜਿਸਦੇ ਤੇਜ਼ ਸੇਕ ਵਿੱਚ ਸਿੱਖ ਦਾ ਤਨ ਰਾਖ ਬਣ ਗਿਆ।

ਐਸੇ ਦਿਲ-ਕੰਬਾਊ ਦ੍ਰਿਸ਼ ਦੇਖ ਕੇ ਮੇਰੀ ਚੀਕ ਨਿਕਲ ਗਈ। ਦਿਲ ਫੜੱਕ-ਫੜੱਕ ਕਰ ਰਿਹਾ ਸੀ। ਮੈਂ ਛੇਤੀ-ਛੇਤੀ ਪੌੜੀਆਂ ਉਤਰਨ ਲੱਗ ਪਈ। ਕਾਹਲੀ ਨਾਲ ਪੌੜੀਆਂ ਉਤਰਦੀ ਦੋ ਵਾਰ ਡਿੱਗੀ। ਗੋਡੇ ਤੇ ਕੂਹਣੀਆਂ ਉਚੜ ਗਈਆਂ। ਹੇਠਲਾ ਬੁੱਲ੍ਹ ਵੀ ਪਾਟ ਗਿਆ। ਰੱਤੀ ਲਹੂ ਦੀਆਂ ਧਾਰਾਂ ਨੇ ਸਾਰੇ ਸਰੀਰ ਨੂੰ ਭਿਉਂ ਦਿੱਤਾ।

ਗੁੰਡਿਆਂ ਦੀ ਧਾੜ ਸਾਡੀ ਕੋਠੀ ਵੱਲ ਆਈ। ਪਿਤਾ ਜੀ ਨੂੰ ਘੜੀਸਿਆ ਗਿਆ। ਫਿਰ ਭੱਠੀ ਵਿੱਚ ਸੁੱਟ ਦਿੱਤਾ। ਕਿਸੇ ਨੇ ਪੱਪੂ ਦੇ ਗਲ ਵਿੱਚ ਟਾਇਰ ਪਾ ਕੇ ਅੱਗ ਲਾ ਦਿੱਤੀ। ਉਹਦੀਆਂ ਚੀਕਾਂ ਅਸਮਾਨ ਦਾ ਦਿਲ ਚੀਰ ਗਈਆਂ। ਮੈਂ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ, ਪਰ ਗੁੰਡਿਆਂ ਨੇ ਮੈਨੂੰ ਫੜ ਲਿਆ। ਮੇਰੇ ਹੰਝੂ ਪਰਲ-ਪਰਲ ਵਗ ਰਹੇ ਸੀ। ਗੁੰਡਿਆਂ ਦੀ ਖਿੱਚਾ-ਧੂਹੀ ਵਿੱਚ ਮੇਰੇ ਕੱਪੜੇ ਪਾਟ ਗਏ। ਛਾਤੀ ਤੋਂ ਸਿੱਧਾ ਲੰਗਾਰ ਲਹਿ ਗਿਆ। ਮੇਰੀਆਂ ਛੋਟੀਆਂ ਭੈਣਾਂ ਤੇ ਮਾਤਾ ਜੀ ਨੂੰ ਵੀ ਗੁੰਡੇ ਖਿੱਚੀ ਫਿਰਦੇ ਸੀ। ਸਾਰੇ ਸ਼ਹਿਰ ਵਿੱਚ ਹੀ ਏਹੋ ਹਾਲ ਹੋ ਰਿਹਾ ਸੀ। ਚੁਫੇਰੇ ਮਰਦੇ ਮਨੁੱਖਾਂ ਨੂੰ ਤੱਕ ਕੇ, ਮੈਂ ਬੇਹੋਸ਼ ਹੋ ਗਈ। ਗੁੰਡਿਆਂ ਨੇ ਪਤਾ ਨਹੀਂ ਮੇਰੇ ਨਾਲ ਕੀ-ਕੀ ਕੀਤਾ ? ਮੈਨੂੰ ਕੋਈ ਸੁਰਤ ਹੀ ਨਹੀਂ ਸੀ। ਰਾਤ ਅੱਧਿਓਂ ਜ਼ਿਆਦਾ ਬੀਤ ਗਈ ਸੀ, ਜਦ ਮੈਨੂੰ ਸੁਰਤ ਆਈ। ਆਸੇ-ਪਾਸੇ ਲਾਸ਼ਾਂ ਹੀ ਲਾਸ਼ਾਂ ਸਨ। ਕਈ ਸੜ ਚੁੱਕੀਆਂ ਸਨ ਤੇ ਕਈ ਅਜੇ ਧੁਖ ਰਹੀਆਂ ਸਨ। ਪੱਪੂ, ਪਿੰਕੀ, ਗਿੰਨੀ, ਮੰਮੀ ਤੇ ਡੈਡੀ ਦੇ ਅੱਧ-ਸੜੇ ਪਿੰਜਰ ਸਾਫ਼ ਦਿੱਸਦੇ ਸਨ। ਕੋਠੀ ਵਿੱਚੋਂ ਧੂੰਆਂ ਨਿਕਲ ਰਿਹਾ ਸੀ। ਸਾਰਾ ਸਮਾਨ ਸੜ ਕੇ ਸੁਆਹ ਹੋ ਚੁੱਕਾ ਸੀ। ਗੈਂਦੇ ਦੇ ਫੁੱਲ ਝੁਲਸ ਗਏ ਸਨ। ਅਜਿਹਾ ਦਰਦਨਾਕ ਸਾਕਾ ਮੈਂ ਅੱਜ ਤੱਕ ਨਹੀਂ ਸੀ ਤੱਕਿਆ।

ਸਿੱਖਾਂ ਦਾ ਕਤਲੇਆਮ ਤਾਂ ਕਈ ਵਾਰ ਹੋਇਆ ਸੀ, ਪਰ ਏਨੀ ਦੁਰਗਤੀ ਕਦੇ ਨਹੀਂ ਸੀ ਹੋਈ। ਸਿੱਖ ਸ਼ਹੀਦ ਹੋਏ ਸੀ, ਜਿਉਂਦੇ ਨਹੀਂ ਸੀ ਸੜੇ। ਸ਼ਾਇਦ ਅਜੇ ਸਾਡੇ ਭਾਗਾਂ ਵਿੱਚ ਹੋਰ ਕਿੰਨੇ ਦੁੱਖ ਭੋਗਣੇ ਬਾਕੀ ਹਨ ?

ਮੈਂ ਆਪਣੇ ਤਨ ਵੱਲ ਨਿਗਾਹ ਮਾਰੀ। ਥਾਂ-ਥਾਂ 'ਤੇ ਨੀਲ ਪਏ ਹੋਏ ਸੀ। ਗੁੰਡਿਆਂ ਦੀ ਖਿੱਚਾ-ਧੂਹੀ ਨੇ ਛਾਤੀਆਂ 'ਤੇ ਜ਼ਖਮ ਕਰ ਦਿੱਤੇ ਸੀ। ਸਾਰਾ ਸਰੀਰ ਟਸ-ਟਸ ਕਰ ਰਿਹਾ ਸੀ। ਚੀਸਾਂ ਨੇ ਹੋਸ਼ ਗੁੰਮ ਕਰ ਦਿੱਤੀ ਸੀ। ਉੱਠਣ ਦੀ ਤਾਕਤ ਭਾਵੇਂ ਨਹੀਂ ਸੀ, ਪਰ ਫਿਰ ਵੀ ਮੈਂ ਉਠ ਖਲੋਤੀ। ਸਰੀਰ ਵੱਲ ਦੁਆਰਾ ਨਿਗਾਹ ਮਾਰੀ। ਨਗਨ ਸਰੀਰ 'ਤੇ ਚੰਨ ਦੀਆਂ ਰਿਸ਼ਮਾਂ ਦਾ ਮੀਂਹ ਵਰ੍ਹ ਰਿਹਾ ਸੀ।

ਰਾਤ ਠਰ ਚੁੱਕੀ ਸੀ। ਅਵਾਜ਼ਾਂ ਸ਼ਾਂਤ ਹੋ ਗਈਆਂ ਸਨ। ਹਾਂ, ਕਿਤੇ-ਕਿਤੇ ਹਾਏ ਦੀ ਅਵਾਜ਼ ਉਭਰਦੀ ਸੀ। ਜਿਹੜੀ ਚੁੱਪ ਵਿੱਚ ਚੁੱਪ ਹੋ ਜਾਂਦੀ ਸੀ। ਕਈ ਥਾਂਵਾਂ ਤੋਂ ਅਜੇ ਵੀ ਧੂੰਆਂ ਨਿਕਲ ਰਿਹਾ ਸੀ। ਜਿਹੜਾ ਬੱਦਲਾਂ ਵਿੱਚ ਸਿਮਟਦਾ ਜਾ ਰਿਹਾ ਸੀ। ਠੰਢ ਨਾਲ ਕੰਬਣੀਆਂ ਆ ਰਹੀਆਂ ਸੀ। ਤਨ ਨੂੰ ਢੱਕਣ ਵਾਸਤੇ ਕੋਈ ਕੱਪੜਾ ਵੀ ਨਹੀਂ ਸੀ। ਸਭ ਅੱਗ ਨਾਲ ਸੁਆਹ ਹੋ ਚੁੱਕੇ ਸਨ।

ਆਸੇ-ਪਾਸੇ ਵਾਲੇ ਘਰਾਂ ਵਿੱਚ ਵੀ ਚੁੱਪ ਪਸਰੀ ਹੋਈ ਸੀ। ਕਿਤੇ ਵੀ ਹਿੱਲ-ਜੁਲ ਨਹੀਂ ਸੀ। ਕਿਸੇ ਨੂੰ ਅਵਾਜ਼ ਮਾਰਨ ਦੀ ਮੇਰੇ ਵਿੱਚ ਹਿੰਮਤ ਨਹੀਂ ਸੀ। ਸੋਚਦੀ ਸਾਂ: ਅਵਾਜ਼ ਸੁਣ ਕੇ ਕੋਈ ਗੁੰਡਾ ਹੀ ਨਾ ਆ ਜਾਵੇ। ਉਹ ਰਾਤ ਮੇਰੀ ਜ਼ਿੰਦਗੀ ਦੀ ਅਤਿ ਡਰਾਉਣੀ ਤੇ ਬਰਬਾਦੀ ਦੀ ਰਾਤ ਸੀ। ਚਾਰ-ਚੁਫੇਰੇ ਅੰਨ੍ਹੀ ਮੱਚੀ ਹੋਈ ਸੀ। ਅੰਨ੍ਹੇ ਨੂੰ ਬੋਲਾ ਖਿੱਚੀ ਫਿਰਦਾ ਸੀ। ਸਾਰਾ ਦੇਸ਼ ਸਿੱਖਾਂ ਦਾ ਦੁਸ਼ਮਣ ਬਣ ਚੁੱਕਾ ਸੀ। ਮੈਂ ਛੇਤੀ ਤੋਂ ਛੇਤੀ ਕਾਨਪੁਰ ਛੱਡਣਾ ਚਾਹੁੰਦੀ ਸਾਂ। ਉਸ ਕਾਨਪੁਰ ਨੂੰ, ਜਿੱਥੇ ਮੈਂ ਜ਼ਿੰਦਗੀ ਦੇ ਵੀਹ ਸਾਲ ਬਿਤਾਏ ਸਨ।

ਮੈਂ ਦਿਲ ਕਰੜਾ ਕੀਤਾ ਤੇ ਕੋਠੀ ਦੇ ਪਿਛਵਾੜੇ ਵੱਲ ਤੁਰ ਪਈ। ਮਾੜੇ ਜਿਹੇ ਖੜ੍ਹਾਕ ਨਾਲ ਹੀ ਮੇਰੀ ਜਿੰਦ ਨਿਕਲ ਜਾਂਦੀ। ਲੂੰ-ਕੰਡੇ ਖੜ੍ਹੇ ਹੋ ਜਾਂਦੇ। ਮੈਂ ਬੈਠਕ ਦੇ ਬੂਹੇ ਅੱਗੇ ਖਲੋ ਕੇ ਸ਼ੀਲਾ ਨੂੰ ਅਵਾਜ਼ ਮਾਰੀ। ਮਾੜਾ ਜਿਹਾ ਬੂਹੇ ਨੂੰ ਵੀ ਠਕੋਰਿਆ। ਅੰਦਰੋਂ ਕੋਈ ਅਵਾਜ਼ ਨਾ ਆਈ। ਘਰਾੜਿਆਂ ਦੀ ਅਵਾਜ਼ ਗੂੰਜ ਰਹੀ ਸੀ। ਮੈਂ ਕਾਫ਼ੀ ਚਿਰ ਅੰਦਰਲੀ ਹਿੱਲ-ਜੁਲ ਦੀ ਇੰਤਜ਼ਾਰ ਕੀਤੀ। ਫਿਰ ਦੁਆਰਾ ਅਵਾਜ਼ ਮਾਰੀ। ਇੱਕ ਹੋਰ ਅਵਾਜ਼ ਮਾਰੀ। ਕੋਈ ਅੱਭੜਵਾਹਿਆ ਉੱਠਿਆ।

ਕੌਣ ਏ ?

ਮੈਂ ਆਂ, ਸ਼ੀਲਾ!

ਪ੍ਰੀਤੀ!

ਹਾਂ।

ਕੀ ਗੱਲ ਏ ?

ਜ਼ਰਾ ਬਾਹਰ ਆਈਂ।

ਉਹ ਬਾਹਰ ਆਈ।

ਹੈਂ! ਏਹ ਕੀ ਪ੍ਰੀਤੀ ? ਤੇਰੀ ਏਹ ਹਾਲਤ।

ਸ਼ੀਲਾ ਅੱਗੇ ਨਾ ਬੋਲ ਸਕੀ। ਬੋਲ ਉਹਦੇ ਗਲ ਵਿੱਚ ਅਟਕ ਗਏ। ਉਹਦੀਆਂ ਅੱਖਾਂ ਅੱਗੇ ਹਨੇਰ ਜਿਹਾ ਛਾ ਗਿਆ।

ਏਹ ਇੰਦਰਾ ਦੇ ਕਤਲ ਦੀ ਸਜ਼ਾ ਏ। ਮੈਂ ਕਿਹਾ, ਮੈਨੂੰ ਸਰਦੀ ਲੱਗ ਰਹੀ ਏ। ਆਵਦੇ ਕੱਪੜੇ ਦੇਹ, ਨਾਲੇ ਕੁੱਝ ਖਰਚ। ਮੈਂ ਪੰਜਾਬ ਜਾਣਾ ਏਂ। ਗੱਡੀ ਚੱਲਣ ਵਿੱਚ ਸਿਰਫ਼ ਇੱਕ ਘੰਟਾ ਬਾਕੀ ਏ। ਮੈਂ ਛੇਤੀ-ਛੇਤੀ ਦੱਸ ਦਿੱਤਾ। ਮੇਰੀ ਨਾੜ-ਨਾੜ ਤੇ ਰੋਮ-ਰੋਮ ਕੰਬ ਰਿਹਾ ਸੀ।

ਸ਼ੀਲਾ ਬਿਟਰ-ਬਿਟਰ ਵੇਖਦੀ ਨੇ ਆਪਣੇ ਕੱਪੜੇ ਲਿਆਂਦੇ। ਮੈਂ ਜਲਦੀ ਨਾਲ ਪਹਿਨ ਲਏ। ਸ਼ੀਲਾ ਨੇ ਮੈਨੂੰ ਬੈਠਕ ਵਿੱਚ ਬਿਠਾ ਦਿੱਤਾ ਤੇ ਆਪ ਜਲਦੀ-ਜਲਦੀ ਚਾਹ ਬਣਾਉਣ ਲੱਗ ਪਈ। ਗੈਸ ਦੀ ਛੂੰ-ਛੂੰ ਨੇ ਸ਼ੋਰ ਮਚਾਇਆ। ਚਾਹ ਉਬਲ ਗਈ। ਉਸ ਗਲਾਸ ਵਿੱਚ ਪਾ ਕੇ ਮੈਨੂੰ ਫੜਾ ਦਿੱਤੀ। ਸ਼ੀਲਾ ਦੀਆਂ ਅੱਖਾਂ ਵਿੱਚ ਹੰਝੂ ਤਰ ਰਹੇ ਸਨ। ਅਸੀਂ ਵਿੱਛੜਨਾ ਤਾਂ ਨਹੀਂ ਸੀ ਚਾਹੁੰਦੀਆਂ, ਪਰ ਸਮੇਂ ਦੀ ਚਾਲ ਅੱਗੇ ਮਜਬੂਰ ਸਾਂ। ਹਰਪ੍ਰੀਤ ਕਹਿੰਦਾ ਹੁੰਦਾ ਸੀ : ਵਿਛੋੜੇ ਨਾਲੋਂ ਮੌਤ ਸੌ ਗੁਣਾ ਚੰਗੀ ਹੁੰਦੀ ਏ। ਵਿਛੋੜਾ ਮਨੁੱਖ ਦੀ ਜ਼ਿੰਦਗੀ ਵਿੱਚ ਵਿਹੁ ਘੋਲਦਾ ਰਹਿੰਦਾ ਏ, ਪਰ ਮੌਤ ਸਭ ਦੁੱਖਾਂ ਤੇ ਗਮਾਂ ਤੋਂ ਮੁਕਤ ਕਰ ਦਿੰਦੀ ਏ।

ਸ਼ੀਲਾ ਨੇ ਲੰਮਾ ਸਾਰਾ ਹਉਕਾ ਭਰਦਿਆਂ ਮੈਨੂੰ ਦੋ ਨੋਟ ਸੌ-ਸੌ ਦੇ ਫੜਾ ਦਿੱਤੇ। ਉਹ ਧਾਂਹ ਮਾਰ ਕੇ ਮੇਰੇ ਗਲ ਨੂੰ ਚੰਬੜ ਗਈ। ਮੇਰੀਆਂ ਅੱਖਾਂ ਦੁਵਾਰਾ ਛਲਕ ਪਈਆਂ।

ਪ੍ਰੀਤੀ! ਹੁਣ ਆਪਾਂ ਕਦ ਮਿਲਾਂਗੀਆਂ ? ਸ਼ੀਲਾ ਨੇ ਦੁੱਖੀ ਅਵਾਜ਼ ਵਿੱਚ ਕਿਹਾ, ਉਸ ਦੀਆਂ ਅੱਖਾਂ ਵਿੱਚੋਂ ਹੰਝੂਆਂ ਦੀ ਧਾਰਾ ਵਹਿ ਰਹੀ ਸੀ।

ਏਹ ਤਾਂ ਕੁਦਰਤ ਨੂੰ ਈ ਪਤਾ ਏ, ਸ਼ੀਲਾ! ਉਮੀਦ ਨਹੀਂ ਕਿ ਆਪਾਂ ਜ਼ਿੰਦਗੀ ਵਿੱਚ ਦੁਵਾਰਾ ਮਿਲ ਸਕੀਏ। ਮੈਂ ਲੰਮਾ ਸਾਰਾ ਹਉਕਾ ਭਰ ਕੇ ਕਿਹਾ, ਭਲਾ ਮੋਏ ਤੇ ਵਿੱਛੜੇ ਕੌਣ ਮੇਲੇ, ਗੱਲਾਂ ਝੂਠੀਆਂ ਜੱਗ ਸੁਣਾਵਦਾ ਈ।

ਹਾਏ ਹੋਣੀਏ ! ਏਹ ਤੂੰ ਕੀ ਕੀਤਾ ਨੀ ! ਸ਼ੀਲਾ ਇੱਕ ਤਰ੍ਹਾਂ ਵੈਣ ਜਿਹੇ ਪਾਉਣ ਲੱਗ ਪਈ।

ਸ਼ੀਲਾ! ਹੌਂਸਲਾ ਰੱਖ ਕਦੇ ਤਾਂ ਜ਼ਿੰਦਗੀ ਮੇਹਰਬਾਨ ਹੋਵੇਗੀ ਨਾ। ਰੱਬ 'ਤੇ ਭਰੋਸਾ ਰੱਖ। ਜਿਹੜਾ ਵਿਛੋੜ ਸਕਦਾ ਏ, ਉਹ ਮੇਲ ਵੀ ਕਰਵਾ ਸਕਦਾ ਏ। ਸ਼ਾਇਦ ਅਸੀਂ ਕੋਈ ਗੁਨਾਹ ਕੀਤਾ ਸੀ, ਜਿਸ ਦੀ ਸਜ਼ਾ ਮਿਲੀ ਏ। ਮੈਂ ਸ਼ੀਲਾ ਨੂੰ ਚੁੱਪ ਕਰਾਉਂਦਿਆਂ ਕਿਹਾ, ਹੰਝੂ ਮੇਰੀਆਂ ਅੱਖਾਂ ਵਿੱਚ ਅਟਕੇ ਹੋਏ ਸੀ। ਮੈਨੂੰ ਡਰ ਸੀ ਕਿ ਕਿਤੇ ਗੱਡੀ ਨਾ ਲੰਘ ਜਾਵੇ। ਡਰ ਮੇਰੀ ਨਾੜ-ਨਾੜ ਨੂੰ ਵਲੂੰਧਰ ਰਿਹਾ ਸੀ। ਦਿਲ ਕੰਬ ਰਿਹਾ ਸੀ।

ਸ਼ੀਲਾ ਨੇ ਆਪਾ ਸੰਭਾਲਿਆ। ਬੈਠਕ ਦਾ ਬੂਹਾ ਬੰਦ ਕਰਕੇ ਮੇਰੇ ਨਾਲ ਤੁਰ ਪਈ।

ਸੜਕਾਂ 'ਤੇ ਮੱਚਦੇ ਟਾਇਰਾਂ ਵਿੱਚੋ ਧੂੰਆਂ ਨਿਕਲ ਰਿਹਾ ਸੀ। ਕਈ ਗੱਡੀਆਂ ਤੇ ਕਾਰਾਂ ਧੁਖ ਰਹੀਆਂ ਸੀ। ਸੜ ਚੁੱਕੇ ਮਨੁੱਖਾਂ ਦੇ ਪਿੰਜਰ ਪਏ ਸੀ। ਪਲ ਵਿੱਚ ਕੀ ਤੋਂ ਕੀ ਹੋ ਗਿਆ ਸੀ ? ਕੱਲ੍ਹ ਚਾਰ-ਚੁਫੇਰੇ ਰੌਣਕਾਂ ਹੀ ਰੌਣਕਾਂ ਸਨ, ਪਰ ਅੱਜ ਕੁਰਲਾਹਟ ਮੱਚੀ ਹੋਈ ਸੀ। ਕੁਦਰਤ ਦਾ ਕੈਸਾ ਅਨੋਖਾ ਖੇਲ ਏ ?

ਹਨੇਰੇ ਦੀ ਚਾਦਰ ਪਾਟਣੀ ਸ਼ੁਰੂ ਹੋ ਗਈ। ਸ਼ਹਿਰ ਵਿੱਚ ਹਿੱਲ-ਜੁਲ ਹੋਣ ਲੱਗ ਪਈ ਸੀ। ਅਸੀਂ ਦੋਵੇਂ ਸਟੇਸ਼ਨ 'ਤੇ ਪਹੁੰਚ ਗਈਆਂ। ਸਵਾਰੀਆਂ ਠੰਢ ਨਾਲ ਭੰਨੀ ਬੱਕਰੀ ਵਾਂਗ ਕੂੰਗੜੀਆਂ ਖੜ੍ਹੀਆਂ ਸਨ।

ਸ਼ੀਲਾ ਨੇ ਅੱਗੇ ਵਧ ਕੇ ਟਿਕਟ ਲਈ। ਗੱਡੀ ਚੱਲਣ ਵਿੱਚ ਸਿਰਫ਼ ਸੱਤ ਮਿੰਟ ਬਾਕੀ ਸਨ। ਉਹ ਮੇਰੇ ਵੱਲ ਤੱਕ ਰਹੀ ਸੀ। ਮੈਂ ਉਹਦੇ ਵੱਲ ਤੱਕ ਰਹੀ ਸਾਂ। ਪਤਾ ਨਹੀਂ, ਅੱਜ ਦੀਆਂ ਵਿੱਛੜੀਆਂ ਕਦ ਮਿਲਾਂਗੀਆਂ ? ਕੋਈ ਭਰੋਸਾ ਨਹੀਂ।

ਸਟੇਸ਼ਨ 'ਤੇ ਚੁੱਪ ਜਿਹੀ ਵਰਤੀ ਹੋਈ ਸੀ। ਸਾਰੇ ਸਹਿਮੇ-ਸਹਿਮੇ ਫਿਰਦੇ ਸੀ। ਸਮਾਂ ਬੜੀ ਛੇਤੀ ਬੀਤ ਗਿਆ। ਗੱਡੀ ਤੁਰਨ ਵਿੱਚ ਇੱਕ ਮਿੰਟ ਬਾਕੀ ਸੀ। ਸ਼ੀਲਾ ਮੇਰੇ ਗਲ ਨੂੰ ਚੰਬੜ ਗਈ। ਉਸ ਹੁਬਕੀਆਂ ਭਰਦੀ ਨੇ ਕਿਹਾ, ਪ੍ਰੀਤੀ! ਤੇਰਾ ਸਫਰ ਬੜਾ ਖਤਰਨਾਕ ਏ, ਸੰਭਲ ਕੇ ਜਾਵੀਂ। ਕਿਸੇ ਨੂੰ ਏਹ ਨਾ ਪਤਾ ਲੱਗਣ ਦੇਵੀਂ ਕਿ ਤੂੰ ਸਰਦਾਰਾਂ ਦੀ ਬੇਟੀ ਏਂ। ਪੰਜਾਬ ਪਹੁੰਚ ਕੇ ਚਿੱਠੀ ਜ਼ਰੂਰ ਪਾਵੀਂ। ਅੱਛਾ, ਤੇਰੀ ਸਹੇਲੀ ਦਾ ਆਖਰੀ ਸਲਾਮ।

ਸ਼ੀਲਾ! ਬੱਸ ਮੇਰੇ ਗਲੇ ਵਿੱਚੋਂ ਏਨਾ ਹੀ ਨਿਕਲਿਆ। ਮੈਂ ਅੱਗੇ ਨਾ ਬੋਲ ਸਕੀ। ਤੁਰਦੀ ਗੱਡੀ ਨੂੰ ਹੱਥ ਪਾ ਕੇ, ਡੱਬੇ ਵਿੱਚ ਵੜ ਗਈ। ਸ਼ੀਲਾ ਪੱਥਰ ਦਾ ਬੁੱਤ ਬਣੀ ਖੜ੍ਹੀ ਸੀ। ਉਹ ਖਾਲੀ ਜਿਹਾ ਝਾਕ ਰਹੀ ਸੀ। ਮੈਂ ਬਾਰੀ ਵਿੱਚੋਂ ਦੀ ਹੱਥ ਹਿਲਾਇਆ।

ਮੇਰੀ ਆਖਰੀ ਸਲਾਮ ।

ਗੱਡੀ ਕਾਨਪੁਰ ਕਰਾਸ ਕਰ ਚੁੱਕੀ ਸੀ।

## ਮਿੰਨੀ ਕਹਾਣੀਆਂ

### ਬਲੈਕੀਏ

**ਜਗਦੇਵ ਸ਼ਰਮਾ ਬੁਗਰਾ**

ਪਿੰਡ ਵਿੱਚ ਭੁੱਕੀ ਖਾਣ ਵਾਲੇ ਵਾਹਵਾ ਲੋਕ ਸਨ। ਜਦੋਂ ਵੀ ਭੁੱਕੀ ਵੇਚਣ ਵਾਲੇ ਆਉਂਦੇ, ਉਹ ਆਪ ਪਿੰਡ ਵਿੱਚ ਨਹੀਂ ਵੜਦੇ ਸਨ ਸਗੋਂ ਸੁਨੇਹੀਏ ਹੱਥ ਸਾਰੇ ਨਸ਼ੇੜੀਆਂ ਨੂੰ ਸੁਨੇਹਾ ਭੇਜ ਦਿੰਦੇ। ਕਦੇ ਸਰਕਾਰੀ ਟਿਊਬਵੈੱਲ, ਕਦੇ ਗੱਡੀ ਦੀ ਲਾਈਨ 'ਤੇ, ਕਦੇ ਨਹਿਰੋਂ ਪਾਰ ਦੈੜਾਂ ਵਿੱਚ, ਬਲੈਕੀਏ ਥਾਂ ਬਦਲ ਬਦਲ ਕੇ ਮਿਲਦੇ। ਅੱਧਾ ਪੌਣਾ ਘੰਟਾ ਖ਼ੂਬ ਤੱਕੜੀ ਵੱਟਾ ਖੜਕਦਾ, ਜੋ ਲੈ ਗਿਆ ਸੋ ਲੈ ਗਿਆ ਅਤੇ ਜੋ ਰਹਿ ਗਿਆ ਸੋ ਰਹਿ ਗਿਆ। ਉਸ ਤੋਂ ਬਾਅਦ ਬਲੈਕੀਏ ਇਉਂ ਗਾਇਬ ਹੋ ਜਾਂਦੇ ਜਿਵੇਂ ਗਧੇ ਦੇ ਸਿਰ ਤੋਂ ਸਿੰਗ।

ਇੱਕ ਦਿਨ ਭੁੱਕੀ ਵੇਚ ਵੱਟ ਕੇ ਉਹ ਨਾਲ ਦੇ ਪਿੰਡ ਦੀ ਮੋਟਰ 'ਤੇ ਸੁਸਤਾ ਰਹੇ ਸਨ ਕਿ ਪੁਲਿਸ ਦਾ ਘੇਰਾ ਪੈ ਗਿਆ। ਦੋਵਾਂ ਪਾਸਿਆਂ ਤੋਂ ਗੋਲੀਆਂ ਚੱਲੀਆਂ।

ਥੋੜ੍ਹੀ ਦੇਰ ਬਾਅਦ ਨੇੜਲੇ ਪਿੰਡ ਦਾ ਸਰਪੰਚ ਮਹਿਤਾਬ ਸਿੰਘ ਅਤੇ ਇਲਾਕੇ ਦਾ ਸਾਬਕਾ ਵਿਧਾਇਕ ਗੁਰਚੇਤਨ ਸਿੰਘ ਆਪਣੇ ਨਾਲ ਦਿਆਂ ਨੂੰ ਗੋਲੀ ਮਾਰ ਕੇ ਅਤੇ ਹੱਥ ਖੜ੍ਹੇ ਕਰਕੇ ਕੋਠੇ ਤੋਂ ਬਾਹਰ ਆ ਗਏ ਸਨ।

ਅਗਲੇ ਦਿਨ ਅਖ਼ਬਾਰਾਂ ਵਿੱਚ ਸੁਰਖੀ ਸੀ: 'ਸਰਪੰਚ ਅਤੇ ਸਾਬਕਾ ਵਿਧਾਇਕ ਦੇ ਯਤਨਾਂ ਸਦਕਾ ਇਲਾਕੇ ਵਿੱਚੋਂ ਬਲੈਕੀਆਂ ਦਾ ਖਾਤਮਾ'। ਅੱਗੇ ਲਿਖਿਆ ਸੀ: 'ਸਰਕਾਰ ਛੇਤੀ ਹੀ ਸਰਪੰਚ ਅਤੇ ਵਿਧਾਇਕ ਦਾ ਸਨਮਾਨ ਕਰੇਗੀ'।

****

### ਲਾਲ ਬੱਤੀ

**ਕਮਲੇਸ਼ ਭਾਰਤੀ**

ਮੈਂ ਅੱਜ ਆਪਣੀ ਕਾਰ ਵਿੱਚ ਬੇਟੀ ਨੂੰ ਯੂਨੀਵਰਸਿਟੀ ਛੱਡਣ ਜਾ ਰਿਹਾ ਸੀ। ਆਮ ਤੌਰ 'ਤੇ ਮੈਂ ਚਮਕਦਾਰ ਲਾਲ ਬੱਤੀ ਵਾਲੀ ਆਪਣੀ ਸਰਕਾਰੀ ਕਾਰ ਵਿੱਚ ਉਸ ਨੂੰ ਛੱਡਣ ਜਾਂਦਾ ਹਾਂ। ਸੁਰੱਖਿਆ 'ਤੇ ਤਾਇਨਾਤ ਜਵਾਨ ਲਾਲ ਬੱਤੀ ਦੇਖਦੇ ਹੀ ਸਲਾਮ ਕਰਨੀ ਨਹੀਂ ਭੁੱਲਦੇ, ਪਰ ਅੱਜ ਡਰਾਈਵਰ ਛੁੱਟੀ 'ਤੇ ਸੀ। ਮੈਂ ਸੋਚਿਆ ਕਿ ਬੇਟੀ ਨੂੰ ਆਪਣੀ ਕਾਰ ਵਿੱਚ ਆਪ ਹੀ ਛੱਡ ਆਉਂਦਾ ਹਾਂ।

ਜਿਉਂ ਹੀ ਕਾਰ ਮੇਨ ਗੇਟ 'ਤੇ ਪਹੁੰਚੀ ਤਾਂ ਸੁਰੱਖਿਆ ਕਰਮੀਆਂ ਨੇ ਹੱਥ ਹਿਲਾ ਕੇ ਰੁਕਣ ਦਾ ਇਸ਼ਾਰਾ ਕੀਤਾ। ਮੈਂ ਹੈਰਾਨ! ਜਿਹੜੇ ਮੈਨੂੰ ਦੇਖੇ ਬਿਨਾਂ ਹੀ ਸਲਾਮ ਕਰਦੇ ਸਨ, ਉਹ ਅੱਜ ਚੈਕਿੰਗ ਲਈ ਕਹਿ ਰਹੇ ਸਨ ਕਿਉਂਕਿ ਅੱਜ ਕੋਈ ਲਾਲ ਬੱਤੀ ਵਾਲੀ ਗੱਡੀ ਨਹੀਂ ਸੀ!

ਮੈਂ ਉਨ੍ਹਾਂ ਨੂੰ ਦੱਸਣ ਦੀ ਬੜੀ ਕੋਸ਼ਿਸ਼ ਕੀਤੀ ਕਿ ਮੈਂ ਉਹੀ ਹਾਂ ਜਿਸ ਨੂੰ ਤੁਸੀਂ ਬਿਨਾਂ ਦੇਖੇ ਸਲਾਮ ਕਰਦੇ ਹੋ, ਪਰ ਉਹ ਮੰਨਣ ਨੂੰ ਤਿਆਰ ਨਹੀਂ ਸਨ। ਫਿਰ ਕੀ ਲਾਲ ਬੱਤੀ ਹੀ ਮੇਰੀ ਪਛਾਣ ਹੈ, ਮੈਂ ਨਹੀਂ? ਅਤੇ ਮੈਂ ਜੇਬ 'ਚੋਂ ਆਈ ਕਾਰਡ ਲੱਭਣ ਲੱਗ ਪਿਆ।

# ਮੇਰੀ ਕਲਮ

## ਉਪਰਾਮਤਾ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਮੈਂ ਉਦਾਸ ਤਾਂ ਹਾਂ ਪਰ,
ਇੰਨਾ ਵੀ ਉਪਰਾਮ ਨਹੀਂ,
ਉਹ ਦਿਨ ਆਏਗਾ ਜਦੋਂ,
ਹੰਝੂ ਰੁਕ ਜਾਣਗੇ ਹੀ।
ਇੱਕ ਨਾ ਇੱਕ ਦਿਨ ਤਾਂ,
ਉਦਾਸੀ ਦੇ ਬੱਦਲ਼ ਫਟਣਗੇ,
ਕਿਸੇ ਦਿਨ ਤਾਂ ਹਨੇਰੇ,
ਮਰ ਮੁੱਕ ਜਾਣਗੇ ਹੀ।
ਉਦਾਸੀ ਕਦੀ ਵੀ ਇੱਕਸਾਰ,
ਤਾਂ ਚੱਲਦੀ ਹੀ ਨਹੀਂ,
ਖ਼ੁਸ਼ੀ ਦੇ ਵਲਵਲੇ ਕਦੀ ਤਾਂ,
ਆਖਰ ਜਿੱਤ ਜਾਣਗੇ ਹੀ।
ਮੇਰੀ ਜ਼ਿੰਦਗੀ ਇੰਨੀ ਵੀ,
ਬਦਕਿਸਮਤ ਨਹੀਂ ਹੋ ਸਕਦੀ,
ਮੇਰੇ ਹੱਥਾਂ ਦੇ ਨਕਸ਼,
ਕਦੀ ਤਾਂ ਉੱਘੜ ਜਾਣਗੇ ਹੀ।
ਹੈ ਹਿੰਮਤ ਬਾਕੀ ਹਾਲੇ ਵੀ,
ਨਵੇਂ ਪੂਰਨੇ ਪਾਉਣ ਦੀ,
ਜਿਨ੍ਹਾਂ 'ਤੇ ਵਾਰਸ ਮੇਰੇ,
ਕਲਮ ਕਦੀ ਚਲਾਉਣਗੇ ਹੀ।
ਮੰਨਿਆ ਕਿ ਅੱਜ ਮੇਰੇ ਉੱਤੇ,
ਉਂਗਲਾਂ ਚੁੱਕ ਰਹੇ ਨੇ ਕਈ,
ਯਕੀਨਨ ਮੇਰੇ ਜਾਣ ਤੋਂ ਬਾਅਦ,
ਉਹ ਆਖਰ ਪਛਤਾਉਣਗੇ ਹੀ।
ਖਾਮੋਸ਼ੀ ਮੇਰੀ, ਤੇਰੀ ਤਕਰੀਰ ਉੱਤੇ,
ਪਹਿਲਾਂ ਹੀ ਭਾਰੀ ਹੈ,
ਪਰ ਜਦੋਂ ਹੋਂਠ ਮੇਰੇ ਖੁਲ੍ਹੇ,
ਤਾਂ ਬੋਲ ਗੜਗੜਾਉਂਗੇ ਹੀ।
ਮਨਾ! ਕਿਉਂ ਉਲਝਦਾ ਏਂ,
ਨਾਦਾਨ ਜਿਹੇ ਲੋਕਾਂ ਦੇ ਨਾਲ ?
ਅਕਲਾਂ 'ਤੇ ਪਏ ਹੋਏ ਪਰਦੇ,
ਕਦੀ ਤਾਂ ਉੱਠ ਜਾਣਗੇ ਹੀ।

## ਕਰਾਂਗਾ ਤਾਮੀਰ ਸਾਰੇ

ਰਘੁਵੀਰ ਸਿੰਘ ਕਲੋਆ

ਕਰਾਂਗਾ ਤਾਮੀਰ ਸਾਰੇ, ਖ਼ੁਆਬ ਤੂੰ ਹੁਸੀਨ ਦੇ
ਬਿਰਖ ਬਣ ਛਾਂ ਦੇਵਾਂ, ਜੜ੍ਹਾਂ ਲਈ ਜ਼ਮੀਨ ਦੇ।
ਸ਼ੁਹਰਤਾਂ ਦੀ, ਦੌਲਤਾਂ ਦੀ, ਸਾਨੂੰ ਕੋਈ ਲੋੜ ਨਾ
ਥਹੁ ਪਾਵਾਂ ਅੰਬਰਾਂ ਦੀ, ਬੁੱਧੀ ਉਹ ਜ਼ਹੀਨ ਦੇ।
ਵੇਖਦੀ ਹੈ ਅੱਖ ਹਰ, ਪਰਦੇ ਦੇ ਤੀਕ ਹੀ
ਪਰਦਿਆਂ ਤੋਂ ਪਾਰ ਤੱਕਾਂ ਨਿਗ੍ਹਾ ਉਹ ਮਹੀਨ ਦੇ।
ਹਰੇ, ਚਿੱਟੇ, ਭਗਵਿਆਂ 'ਚ ਵੰਡ ਨਾ ਲੋਕਾਈ ਨੂੰ
ਭਲਾ ਹੋਵੇ ਦੀਨ ਵਾਲਾ, ਇਹੋ ਜਿਹਾ ਦੀਨ ਦੇ।
ਪੱਕ ਗਏ ਨੇ ਕੰਨ ਸਾਡੇ ਸੁਣ ਸੁਣ 'ਗਾਰੰਟੀਆਂ'
ਕਥਨੀ ਕਰਨੀ ਇੱਕ ਹੋਵੇ, ਇਸ ਦਾ ਯਕੀਨ ਦੇ।
ਜੱਗ ਵਾਲਾ ਮੇਲਾ ਇਹ, ਦਿਨ ਦੋ-ਚਾਰ ਵਾਲਾ
ਛੱਡ ਜਾਵਾਂ ਛਾਪ ਗੂੜ੍ਹੀ, ਅਦਾ ਬਿਹਤਰੀਨ ਦੇ।
* * ***

## ਘੁਮੰਡ

ਪ੍ਰੋ. ਨਵ ਸੰਗੀਤ ਸਿੰਘ

ਮਾਣ ਕਿਸੇ ਨੂੰ ਜ਼ਾਤ ਉੱਚੀ 'ਤੇ,
ਕਿਸੇ ਨੂੰ ਖ਼ੂਬ ਅਮੀਰੀ 'ਤੇ।
ਰੂਪ-ਰੰਗ 'ਤੇ ਮਾਣ ਕਿਸੇ ਨੂੰ,
ਕੋਈ ਹੈ ਮਸਤ ਫ਼ਕੀਰੀ 'ਤੇ।
ਪੜ੍ਹ-ਲਿਖ ਉੱਚਾ ਉੱਡੇ ਕੋਈ,
ਕੁਰਸੀ ਦਾ ਹੰਕਾਰੀ ਏ।
ਕੰਮ ਕਿਸੇ ਨਾ ਆਖ਼ਰ ਆਉਣਾ,
ਨਾਮ ਸੱਚਾ ਨਿਰੰਕਾਰੀ ਏ।
ਆਪਣੀ ਫ਼ੂੰ-ਫ਼ਾਂ ਦੇ ਵਿੱਚ ਰਹਿੰਦਾ,
ਕਹਿੰਦੇ ਲੋਕ ਘੁਮੰਡੀ ਨੇ।
ਐਸੇ ਲੋਕਾਂ ਦੀ ਪਿੱਠ ਪਿੱਛੇ,
ਲੋਕੀਂ ਕਰਦੇ ਭੰਡੀ ਨੇ।
ਸੱਚੀ ਦਰਗਾਹ ਦੇ ਵਿੱਚ ਜਾ ਕੇ,
ਚੱਲੇ ਕੋਈ ਪੈਸਾ ਨਾ।
ਓਥੇ ਸੱਚੋ-ਸੱਚ ਨਿਬੇੜਾ,
ਬੰਦਾ ਐਸਾ-ਵੈਸਾ ਨਾ।
ਗਰਬ-ਗ਼ੁਮਾਨ ਨੂੰ ਮਨ 'ਚੋਂ ਕੱਢੀਏ,
ਨੀਵਾਂਪਣ ਅਪਣਾ ਲਈਏ।
ਹਉਮੈ, ਖ਼ੁਦੀ ਤੇ ਨਿੰਦਾ ਛੱਡ ਕੇ,
ਦਿਲਾਂ 'ਚ ਥਾਂ ਬਣਾ ਲਈਏ।
ਦੁਨੀਆਂ ਤਾਂ ਹੀ ਯਾਦ ਕਰੇਗੀ,
ਛੱਡ ਦੇਈਏ ਅਭਿਮਾਨ ਅਸੀਂ।
ਆਕੜ, ਰੋਅਬ ਨੂੰ ਤਜੀਏ,
ਚੰਗੇ ਬਣ ਜਾਈਏ ਇਨਸਾਨ ਅਸੀਂ।
*****

## ਹੰਝੂਆਂ ਦਾ ਹਲਫ਼ਨਾਮਾ

ਅਮਰਜੀਤ ਸਿੰਘ ਵੜੈਚ



'ਪੈਰਿਸ' ਦੇ ਵਿੱਚ ਹੰਝੂ ਡਿੱਗਿਆ
ਜਿਸ ਵਿੱਚ ਸਾਲਮ ਆਲਮ ਡੁੱਬਿਆ
ਪਰ ਰਾਜਾ ਤਾਂ ਚੁੱਪ ਰਿਹਾ ਸੀ
ਖ਼ਬਰਾਂ ਓਹਲੇ ਲੁਕ ਰਿਹਾ ਸੀ
ਹੰਝੂਆਂ ਦੀ ਲੰਮੀ ਲੜੀ ਹੈ
ਹੰਝੂਆਂ ਦੀ ਲੱਗੀ ਝੜੀ ਹੈ
ਹੰਝੂਆਂ ਦੀ ਨਾ ਸੁਣਦਾ ਕੋਈ
ਏਸੇ ਕਰਕੇ ਧੀ ਸੀ ਰੋਈ
ਹੰਝੂਆਂ ਦੇ ਸਿਰਨਾਵੇਂ ਏਥੇ
ਚੌਂਕ-ਚੁਰਾਹੇ ਗਲ਼ੀ ਖਲੋਤੇ
ਦਿੱਲੀ, ਕਠੂਆ, ਹਾਥਰਸ ਹੰਝੂ
ਗੋਧਰਾ ਵਿੱਚ ਵੀ ਬੇਵੱਸ ਹੰਝੂ
ਕਲਕੱਤੇ ਵਿੱਚ ਕਤਲ ਹੋਇਆ ਹੈ
ਹੰਝੂ ਹੋਰ ਇੱਕ ਦਫ਼ਨ ਹੋਇਆ ਹੈ
ਲਗਦਾ ਏਥੇ ਹੈ ਸੰਤਾਲ਼ੀ
ਬੇਵੱਸ ਫਿਰਦੀ ਹੈ ਪੰਚਾਲੀ
ਲੰਮੀ ਹੰਝੂਆਂ ਦੀ ਕਹਾਣੀ
ਮੈਥੋਂ ਹੋਰ ਕਹੀ ਨੀ ਜਾਣੀ
ਤੈਥੋਂ ਹੋਰ ਸੁਣੀ ਨੀ ਜਾਣੀ
ਸਿਰ ਤੋਂ ਲੰਘ ਗਿਆ ਹੈ ਪਾਣੀ
ਹੰਝੂਆਂ ਦਾ ਵਿਰਲਾਪ ਬੜਾ ਹੈ
ਇਨ੍ਹਾਂ ਦਾ ਸੰਤਾਪ ਬੜਾ ਹੈ
ਹੁਣ ਤੱਕ ਪਲਕਾਂ ਵਿੱਚ ਰਹਿੰਦੇ ਸੀ
ਡਰਦੇ, ਅੰਦਰ ਵੱਲ ਵਹਿੰਦੇ ਸੀ
ਹੁਣ ਨੀ ਹੰਝੂ ਚੁੱਪ ਰਹਿਣਗੇ
ਹੁਣ ਇਹ ਸੜਕਾਂ 'ਤੇ ਵਹਿਣਗੇ
ਸੜਕਾਂ 'ਤੇ ਇਹ ਗੱਜਦੇ-ਵੱਜਦੇ
ਹੰਝੂ ਸੰਸਦ ਵਿੱਚ ਬਹਿਣਗੇ
ਅੱਖਾਂ 'ਚੋਂ ਹੁਣ ਨਹੀਂ ਡਿੱਗਣਗੇ
ਆਪਣੀ ਹੋਣੀ ਆਪ ਲਿਖਣਗੇ

## ਸਮੇਂ ਦੇ ਦੌਰ

ਕੇਵਲ ਸਿੰਘ ਰੱਤੜਾ

ਸਮੇਂ ਦੇ ਦੌਰ ਬਦਲਣਗੇ, ਸਾਡੇ ਵੀ ਤੌਰ ਬਦਲਣਗੇ
ਫਿਜ਼ਾ ਬਦਲੀ ਤਾਂ ਕਲੀਆਂ, ਰੰਗ, ਖ਼ੁਸ਼ਬੂ ਭੌਰ ਬਦਲਣਗੇ
ਜਦੋਂ ਇੱਕ ਵੇਲ ਬੋਲੀ ਦੀ, ਬਨੇਰਾ ਟੱਪ ਕੇ ਗਈ ਓਧਰ,
ਬਾਹਵਾਂ ਵਾਹਗਿਓਂ ਵਧੀਆਂ ਤਾਂ ਮਨ ਲਾਹੌਰ ਬਦਲਣਗੇ
ਘੁੱਟੀ ਤਾਂਘ ਰਹਿ ਗਈ ਲੱਖਾਂ ਹੀ, ਸਾਡੇ ਬਜ਼ੁਰਗਾਂ ਦੀ
ਕਿ ਸਾਂਦਲ ਬਾਰ ਦੀ ਮਿੱਟੀ, ਆ ਕੇ ਫਿਲੌਰ ਬਦਲਣਗੇ
ਆਹ ਬਜ਼ਾਰੂ ਜਹੇ ਝੱਲੇ, ਕੀ ਜਾਣਨ ਸੇਕ ਧੁੱਪਾਂ ਦਾ,
ਬਹਿਕੇ ਸ਼ੀਸ਼ਿਆਂ ਅੰਦਰ ਕੀ ਸਾਡੀ ਟੌਹਰ ਬਦਲਣਗੇ
ਉਹ ਸੀ ਭੁੱਲਿਆ ਕਿ, ਖੁੱਲ੍ਹਣਾ ਨਹੀਂ ਭੇਤ ਚਾਲਾਂ ਦਾ
ਮਦਾਰੀ ਡਰ ਗਿਆ ਕਿੰਝ ਭੀੜ ਸਾਹਵੇਂ ਜੌਹਰ ਬਦਲਣਗੇ
ਚਿੰਤਕ ਸੋਚਦੇ, ਨਹੀਂ ਤੋੜ ਕੁਝ ਮਸਨੂਈ ਬੁੱਧੀ ਦਾ
ਕਿ ਰਾਖਸ਼ ਆਲਮੀ ਹਾਕਮ, ਕੀ ਕੁਝ ਹੋਰ ਬਦਲਣਗੇ
ਪੱਤਝੜਾਂ, ਲੂਆਂ, 'ਨੇਰੀਆਂ ਨੇ ਕਰਿਆ ਜਦ ਕਬਜ਼ਾ
'ਰੱਤੜਾ' ਸਿਰ ਲੁਕਾਉਣ ਵਾਸਤੇ ਕਿੰਝ ਛੌਰ ਬਦਲਣਗੇ

## ਉਹ ਚਾਹੁੰਦੇ ਨੇ

ਬਲਜਿੰਦਰ ਸਿੰਘ ਬਾਲੀ ਰੇਤਗੜ੍ਹ

ਖ਼ੌਫ਼ ਕੇਹਾ ਹੈ ਨ੍ਹੇਰੇ ਦਾ, ਉਹ ਸੂਰਜ ਹੋ ਢਲ਼ ਜਾਣਾ ਚਾਹੁੰਦੇ ਨੇ
ਕੀ ਨ੍ਹੇਰ ਪਿਐ, ਨ੍ਹੇਰੇ ਸੰਗ, ਸਿਤਾਰੇ ਵੀ ਰਲ਼ ਜਾਣਾ ਚਾਹੁੰਦੇ ਨੇ
ਫ਼ੂਕ ਰਹੇ ਨੇ ਭਾਂਬੜ ਬਸਤੀ, ਹੰਕਾਰੀ ਅੱਗ ਫਿਰੇ ਅਰਸ਼ ਚੜ੍ਹੀ
ਕੈਸੇ ਬੇਪਰਵਾਹ ਮਸਤ ਭਮੱਕੜ, ਜਿਉਂਦੇ ਬਲ਼ ਜਾਣਾ ਚਾਹੁੰਦੇ ਨੇ
ਮੀਲ ਹਜ਼ਾਰਾਂ ਕਰ ਸਫ਼ਰ ਸਮੁੰਦਰ, ਭਟਕੇ ਬਣ ਬਣ 'ਵਾ ਬੱਦਲ
ਇਸ਼ਕ ਕਹਾਂ ਜਾਂ ਪਾਗ਼ਲਪਣ, ਸਾਗਰ ਫਿਰ ਹੋ ਥਲ ਜਾਣਾ ਚਾਹੁੰਦੇ ਨੇ
ਕੱਲ੍ਹ ਕਿਸੇ ਦਾ ਹੋਇਆ ਕਦ ਸੀ, ਹੋਣਾ ਅੱਜ ਨਹੀਂ, ਇਹ ਵੀ ਤੈਅ ਹੈ
ਮੇਰੇ ਪਰਛਾਵੇਂ ਵਕਤੋਂ ਪਹਿਲਾਂ, ਕਿਉਂ ਹੋ ਕੱਲ੍ਹ ਜਾਣਾ ਚਾਹੁੰਦੇ ਨੇ
ਜਦ ਹਾਰ ਰਿਹਾ ਸਾਂ ਸੱਚਾ ਵੀ, ਤਦ ਹੱਸ ਰਹੇ ਸੀ ਆਪਣੇ ਮੇਰੇ
ਜਿੱਤ ਗਿਆਂ ਤਾਂ ਉਹੀ ਮੇਰੇ, ਹੋ ਮੇਰਾ ਦਲ ਜਾਣਾ ਚਾਹੁੰਦੇ ਨੇ
ਪਰਖ਼ ਗਏ ਈਮਾਨ ਅਸਾਡਾ, ਅੰਬਰ ਛੂੰਹਦੇ ਦੁਸ਼ਮਣ ਸਾਡੇ
ਅੰਤਿਮ ਵਾਰ ਚਲਾਵਣ ਖ਼ਾਤਰ, ਸਾਡਾ ਹੋ ਤਲ ਜਾਣਾ ਚਾਹੁੰਦੇ ਨੇ
ਕੋਰੇ ਕਾਗਜ਼ ਵਾਂਗ ਅਸੀਂ ਤਾਂ, ਜੋ ਚਾਹੇ ਉਹ ਉਕਰ ਦੇਵੇ ਦਿਲ 'ਤੇ
ਪਰ ਸ਼ਾਇਰ ਹੋ ਕੇ ਵੀ ਕਿਉਂ ਉਹ, ਦੂਰ ਕਿਤੇ ਟਲ਼ ਜਾਣਾ ਚਾਹੁੰਦੇ ਨੇ
ਮੈਂ ਦੀਵਾ ਬਣਕੇ ਬਲਣਾ ਚਾਹਾਂ, ਹਰ ਚੌਰਾਹੇ ਮੋੜ ਗਲੀ 'ਤੇ
ਝਰਨੇ ਬਣਕੇ ਗੀਤ ਇਹ ਮੇਰੇ, ਕਰ ਕੇ ਕਲ-ਕਲ ਜਾਣਾ ਚਾਹੁੰਦੇ ਨੇ
ਅਣ-ਆਈ ਮੌਤ ਮਰਨ ਸ਼ਿਅਰ ਮੇਰੇ, ਹੈ ਬੇ-ਇਨਸਾਫ਼ੀ ਇਹ 'ਬਾਲੀ'
ਤੂੰ ਬੁੱਲ੍ਹਾਂ ਦੀ ਛੋਹ ਦੇ ਦੇਂ ਬਸ, ਉਹੀ ਹੋ ਪਲ ਜਾਣਾ ਚਾਹੁੰਦੇ ਨੇ
* * *

## ਗ਼ਜ਼ਲ

ਜਗਜੀਤ ਗੁਰਮ

ਕਿੰਨਾ ਚਿਰ ਉਸ ਦੇ ਲਈ ਅਪਣਾ ਗਿਰਵੀ ਹਰ ਪਲ ਰੱਖੋਗੇ
ਕਿੰਨਾ ਚਿਰ ਉਸ ਦੇ ਕਰਕੇ ਜ਼ਿੰਦਗੀ ਵਿੱਚ ਹਲਚਲ ਰੱਖੋਗੇ।
ਓਸੇ ਹਿੱਸੇ ਵਿੱਚ ਉੱਗ ਆਉਣੇ ਸੂਲਾਂ ਵਿੰਨ੍ਹੇ ਰੁੱਖ ਬੜੇ
ਦਿਲ ਦੇ ਜਿਹੜੇ ਪਾਸੇ ਵਿੱਚ ਤੁਸੀਂ ਮਾਰੂਥਲ ਰੱਖੋਗੇ।
ਸੂਰਜ ਨੂੰ ਸਿਜਦੇ ਕਰਦੇ ਨਾਲ ਹਵਾ ਦੇ ਬਦਲ ਹੋ ਜਾਂਦੇ
ਕਿੱਥੇ, ਮਿੱਟੀ ਦੀ ਖ਼ੁਸ਼ਬੋ ਤੇ ਜਲ ਦੀ ਕਲ-ਕਲ ਰੱਖੋਗੇ।
ਜਿਸ ਦੇ ਰੁਖ਼ਸਤ ਹੁੰਦਿਆਂ ਹੀ ਸਭ ਕੁਝ ਬੇਰੰਗ ਹੋ ਜਾਂਦਾ ਹੈ
ਮੈਂ ਸਮਝ ਗਿਆ ਹੁਣ ਉਸ ਦੇ ਬਿਨ ਵੀ ਤੁਸੀਂ ਮਹਿਫ਼ਲ ਰੱਖੋਗੇ।
ਚਾਰੇ ਪਾਸੇ ਹਉਮੈਂ ਦੀ ਕੰਧ ਉਸਾਰ ਲਈ ਹੈ ਉੱਚੀ
ਲੋੜ ਪਈ ਫਿਰ ਦੱਸੋ ਕਿਹੜੇ ਪਾਸੇ ਸਰਦਲ ਰੱਖੋਗੇ।
ਜੰਗਲ਼ ਵਿੱਚ ਤਾਂ ਹੁੰਦੀ ਹੈ ਇਸ ਦਾ ਕੋਈ ਵੀ ਹੱਲ ਨਹੀਂ
ਕੀ ਗਰਕਣ ਲਈ ਆਪਣੇ ਘਰ ਵਿੱਚ ਵੀ ਦਲਦਲ ਰੱਖੋਗੇ।
*****

## ਗ਼ਜ਼ਲ

ਰਣਜੀਤ ਕੌਰ ਰਤਨ



ਪੈਰੀਂ ਝਾਂਜਰ ਪਾਉਣਾ ਭੁੱਲੀ।
ਵੰਗਾਂ ਨੂੰ ਛਣਕਾਉਣਾ ਭੁੱਲੀ।
ਏਨਾ ਦਰਦ ਕਲੇਜੇ ਲੱਥਾ,
ਦਿਲ ਦੀ ਰੀਝ ਪੁਗਾਉਣਾ ਭੁੱਲੀ।
ਆਖਣ ਚਿੜੀਆਂ ਦਾ ਇਹ ਅੰਬਰ,
ਪਰ ਮੈਂ ਉਡਾਰੀ ਲਾਉਣਾ ਭੁੱਲੀ।
ਨੈਣਾਂ ਵਿੱਚ ਗ਼ਮਗੀਨ ਘਟਾਵਾਂ,
ਕੱਜਲ ਨੂੰ ਮਟਕਾਉਣਾ ਭੁੱਲੀ।
ਬਿਰਹਾ ਬਿਰਹਾ ਕੂਕੇ ਇਹ ਮਨ,
ਗੀਤ ਪਿਆਰ ਦੇ ਗਾਉਣਾ ਭੁੱਲੀ।
ਖੁੱਲ੍ਹੀ ਅੱਖੀਂ ਵੇਖਾਂ ਸੁਪਨੇ,
ਹੁਣ ਤਾਂ ਮੈਂ ਹਾਂ ਸਉਣਾ ਭੁੱਲੀ।
ਐਪਰ ਪੀ ਕੇ ਜ਼ਹਿਰ ਗ਼ਮਾਂ ਦਾ,
ਹਾਲੇ ਨਾ ਮੁਸਕਾਉਣਾ ਭੁੱਲੀ।
*****

## ਬਦਲਾਅ

ਗੁਰਤੇਜ ਸਿੰਘ ਖੁਡਾਲ



ਵੋਟਾਂ ਪਾ ਪਾ ਥੱਕ ਗਏ ਹਾਂ,
ਝੂਠੇ ਲਾਰਿਆਂ ਤੋਂ ਅੱਕ ਗਏ ਹਾਂ,
ਲੱਗਦੈ ਸਾਰੇ ਝੂਠੇ ਲੀਡਰ,
ਝੂਠੇ ਲਾਰਿਆਂ ਵਿੱਚ ਫਸ ਗਏ ਹਾਂ।
ਮੁਫ਼ਤ ਦੀਆਂ ਇਹ ਦੇਣ ਸਹੂਲਤਾਂ,
ਮੁਫ਼ਤ ਦਾ ਖਾ ਖਾ ਰੱਜ ਗਏ ਹਾਂ,
ਅਸੀਂ ਮੁਫ਼ਤ ਦਾ ਕੁਝ ਨਹੀਂ ਲੈਣਾ,
ਰੁਜ਼ਗਾਰ ਅਸੀਂ ਤਾਂ ਮੰਗ ਰਹੇ ਹਾਂ।
ਸਾਨੂੰ ਕੋਈ ਬਦਲਾਅ ਨਹੀਂ ਲਗਦਾ,
ਬਦਲਾਅ ਬਦਲਾਅ ਸੁਣ ਥੱਕ ਗਏ ਹਾਂ,
'ਖੁਡਾਲ' ਹਾਲਾਤ ਪਹਿਲਾਂ ਸੀ ਜਿਹੜੇ,
ਅਸੀਂ ਅੱਜ ਵੀ ਓਹੀ ਤੱਕ ਰਹੇ ਹਾਂ।

## ਛੱਜ ਸ਼ਰਮਿੰਦਾ ਹੋਵੇ !

ਤਰਲੋਚਨ ਸਿੰਘ 'ਦੁਪਾਲ ਪੁਰ'

ਨੇਕੀ ਨਹੀਂ 'ਏਜੰਡੇ' ਵਿੱਚ ਹਾਕਮਾਂ ਦੇ
ਜਨਤਾ ਫੇਰ ਵੀ ਭਲਾ ਹੀ ਟੋਲ਼ਦੀ ਐ।
ਚੋਰ-ਮੋਰੀਆਂ ਵਰਤ ਕਾਨੂੰਨ ਦੀਆਂ
ਬੇਇਨਸਾਫ਼ੀ ਦੀ ਤੱਕੜੀ ਤੋਲਦੀ ਐ।
ਪੱਤਰਕਾਰੀ ਏ ਗੋਦੀ ਵਿੱਚ ਚੜ੍ਹੀ ਹੋਈ
ਪੋਲ ਵਿਰਲੀ ਹੀ 'ਢੋਲ' ਦੇ ਖੋਲ੍ਹਦੀ ਐ।
ਫ਼ਿਰਕਾਪ੍ਰਸਤੀ ਦਾ ਦੇਖ ਕੇ ਬੋਲਬਾਲਾ
ਲੋਕ-ਰਾਜ ਦੀ 'ਆਤਮਾ' ਡੋਲਦੀ ਐ।
ਗੱਦੀ ਬੈਠ ਕੇ ਸਾਰੇ ਹੀ 'ਬਦਲ' ਜਾਂਦੇ
ਹਰ ਪਾਰਟੀ ਕੜ੍ਹੀ ਇਹ ਘੋਲ਼ਦੀ ਐ।
ਸੁਣ ਸੁਣ ਛੱਜ ਵਿਚਾਰਾ ਵੀ ਸੰਗ ਜਾਂਦਾ
ਚਪੜ ਚਪੜ ਜਦ ਛਾਨਣੀ ਬੋਲਦੀ ਐ!

# ਕੋਚ ਬਣਨਾ ਚਾਹੁੰਦੀ ਹੈ ਭਾਰਤ ਦੀ ਸਟਾਰ ਜਿਮਨਾਸਟ ਦੀਪਾ ਕਰਮਾਕਰ



ਨਵੀਂ ਦਿੱਲੀ/ਏ.ਟੀ.ਨਿਊਜ਼ : ਉਲੰਪਿਕ ’ਚ ਹਿੱਸਾ ਲੈਣ ਵਾਲੀ ਭਾਰਤ ਦੀ ਪਹਿਲੀ ਮਹਿਲਾ ਜਿਮਨਾਸਟ ਦੀਪਾ ਕਰਮਾਕਰ ਨੇ ਪਿਛਲੇ ਦਿਨੀਂ ਆਪਣੇ ਪ੍ਰਸ਼ੰਸਕਾਂ ਨੂੰ ਨਿਰਾਸ਼ ਕੀਤਾ। ਉਨ੍ਹਾਂ ਨੇ ਸੋਸ਼ਲ ਮੀਡੀਆ ’ਤੇ ਆਪਣੇ ਸੰਨਿਆਸ ਦਾ ਐਲਾਨ ਕੀਤਾ। ਇੰਨਾ ਹੀ ਨਹੀਂ ਦੀਪਾ ਨੇ ਭਵਿੱਖ ’ਚ ਕੋਚ ਜਾਂ ਮੈਂਟਰ ਦੀ ਭੂਮਿਕਾ ਨਿਭਾਉਣ ਦੇ ਸੰਕੇਤ ਦਿੱਤੇ ਹਨ।

**ਬਹੁਤ ਸੋਚ ਵਿਚਾਰ ਤੋਂ ਬਾਅਦ ਫੈਸਲਾ ਲਿਆ**

ਦੀਪਾ ਕਰਮਾਕਰ ਨੇ ਆਪਣੀ ਪੋਸਟ ’ਚ ਲਿਖਿਆ, ‘ਬਹੁਤ ਸੋਚ-ਵਿਚਾਰ ਤੋਂ ਬਾਅਦ ਮੈਂ ਜਿਮਨਾਸਟਿਕ ਤੋਂ ਸੰਨਿਆਸ ਲੈਣ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਮੇਰੇ ਲਈ ਆਸਾਨ ਨਹੀਂ ਸੀ ਪਰ ਹੁਣ ਸਹੀ ਸਮਾਂ ਮਹਿਸੂਸ ਹੋ ਰਿਹਾ ਹੈ। ਜਿਮਨਾਸਟਿਕ ਮੇਰੀ ਜ਼ਿੰਦਗੀ ਦਾ ਵੱਡਾ ਹਿੱਸਾ ਰਿਹਾ ਹੈ ਅਤੇ ਮੈਂ ਇਸ ਲਈ ਧੰਨਵਾਦੀ ਹਾਂ।’

**ਬਚਪਨ ਯਾਦ ਆ ਗਿਆ**

ਉਸ ਨੇ ਲਿਖਿਆ, ‘ਮੈਨੂੰ ਪੰਜ ਸਾਲ ਦੀ ਦੀਪਾ ਯਾਦ ਹੈ, ਜਿਸ ਨੂੰ ਕਿਹਾ ਗਿਆ ਸੀ ਕਿ ਉਹ ਕਦੇ ਵੀ ਫਲੈਟ ਪੈਰਾਂ ਕਾਰਨ ਜਿਮਨਾਸਟ ਨਹੀਂ ਬਣ ਸਕਦੀ। ਅੱਜ ਮੈਂ ਆਪਣੀਆਂ ਪ੍ਰਾਪਤੀਆਂ ਨੂੰ ਦੇਖ ਕੇ ਮਾਣ ਮਹਿਸੂਸ ਕਰ ਰਿਹਾ ਹਾਂ। ਵਿਸ਼ਵ ਮੰਚ ’ਤੇ ਭਾਰਤ ਦੀ ਨੁਮਾਇੰਦਗੀ ਕਰਦੇ ਹੋਏ, ਤਗਮੇ ਜਿੱਤਣਾ, ਰੀਓ ਵਿੱਚ ਪ੍ਰਦਰਸ਼ਨ ਕਰਨਾ। ਉਲੰਪਿਕ ਵਿੱਚ ਵਾਲਟ ਮੇਰੇ ਕਰੀਅਰ ਦਾ ਸਭ ਤੋਂ ਯਾਦਗਾਰ ਪਲ ਰਿਹਾ ਹੈ, ਅੱਜ ਉਸ ਛੋਟੀ ਦੀਪਾ ਨੂੰ ਦੇਖ ਕੇ ਮੈਨੂੰ ਬਹੁਤ ਖੁਸ਼ੀ ਹੋਈ, ਕਿਉਂਕਿ ਉਸ ਵਿੱਚ ਸੁਪਨੇ ਦੇਖਣ ਦੀ ਹਿੰਮਤ ਸੀ।

**ਰੀਓ ਉਲੰਪਿਕ ਵਿੱਚ ਹਿੱਸਾ ਲਿਆ**

ਤ੍ਰਿਪੁਰਾ ਦੀ ਦੀਪਾ ਉਲੰਪਿਕ ਖੇਡਾਂ ਵਿੱਚ ਦੇਸ਼ ਦੀ ਨੁਮਾਇੰਦਗੀ ਕਰਨ ਵਾਲੀ ਪਹਿਲੀ ਮਹਿਲਾ ਜਿਮਨਾਸਟ ਬਣੀ। ਉਸਨੇ 2016 ਵਿੱਚ ਰੀਓ ਉਲੰਪਿਕ ਵਿੱਚ ਹਿੱਸਾ ਲਿਆ ਸੀ। ਹਾਲਾਂਕਿ ਉਹ ਤਗ਼ਮਾ ਜਿੱਤਣ ਤੋਂ ਖੁੰਝ ਗਈ। ਉਹ ਫਾਈਨਲ ਵਿੱਚ ਚੌਥੇ ਸਥਾਨ ’ਤੇ ਰਹੀ। ਦੀਪਾ ਕਾਂਸੀ ਦਾ ਤਗ਼ਮਾ ਜਿੱਤਣ ਤੋਂ ਸਿਰਫ਼ 0.15 ਅੰਕ ਦੂਰ ਸੀ।

**ਦੀਪਾ ਦੀਆਂ ਪ੍ਰਾਪਤੀਆਂ**

ਦੀਪਾ ਨੇ 2014 ਵਿੱਚ ਗਲਾਸਗੋ ਵਿੱਚ ਰਾਸ਼ਟਰਮੰਡਲ ਖੇਡਾਂ ਵਿੱਚ ਮਹਿਲਾ ਵਾਲਟ ਫਾਈਨਲ ਵਿੱਚ ਕਾਂਸੀ ਦਾ ਤਗ਼ਮਾ ਜਿੱਤਿਆ ਸੀ। ਇਹ ਉਪਲਬਧੀ ਹਾਸਲ ਕਰਨ ਵਾਲੀ ਉਹ ਪਹਿਲੀ ਭਾਰਤੀ ਮਹਿਲਾ ਬਣ ਗਈ ਹੈ।

**(ਬਾਕੀ ਸਫ਼ਾ 31 ’ਤੇ)**

# ਕੈਨੇਡਾ ਦੀ ਫ਼ੀਲਡ ਹਾਕੀ ਡਿਵੈਲਪਮੈਂਟ ਟੀਮ ’ਚ ਚਾਰ ਪੰਜਾਬਣਾਂ ਸ਼ਾਮਲ

ਕੈਲਗਰੀ/ਏ.ਟੀ.ਨਿਊਜ਼: ਜਪਾਨ ਦੇ ਦੌਰੇ ’ਤੇ ਜਾ ਰਹੀ ਕੈਨੇਡਾ ਦੀਆਂ ਕੁੜੀਆਂ ਦੀ ਸੀਨੀਅਰ ਡਿਵੈਲਪਮੈਂਟ ਟੀਮ ਵਿੱਚ ਚਾਰ ਪੰਜਾਬੀ ਮੂਲ ਦੀਆਂ ਕੁੜੀਆਂ ਨੂੰ ਜਗ੍ਹਾ ਮਿਲੀ ਹੈ। ਪਰਮਦੀਪ ਗਿੱਲ, ਪਰਵਾ ਸੰਧੂ, ਪ੍ਰਭਲੀਨ ਗਰੇਵਾਲ ਅਤੇ ਭਵਨੀਤ ਹੋਠੀ ਨੂੰ ਇਸ ਟੀਮ ਵੱਲੋਂ ਖੇਡਣ ਦਾ ਮੌਕਾ ਮਿਲੇਗਾ। ਫ਼ੀਲਡ ਹਾਕੀ ਕੈਨੇਡਾ ਟੀਮ ਦੇ ਐਲਾਨ ਨਾਲ ਕਿਹਾ ਗਿਆ ਹੈ ਕਿ ਇਸ ਟੀਮ ਵਿੱਚ 23 ਸਾਲ ਤੋਂ ਘੱਟ ਉਮਰ ਦੀਆਂ ਖਿਡਾਰਨਾਂ ਨੂੰ ਮੌਕਾ ਦਿੱਤਾ ਗਿਆ ਤਾਂ ਕਿ ਭਵਿੱਖ ਲਈ ਸੀਨੀਅਰ ਟੀਮ ਤਿਆਰ ਕਰਨ ਦੀਆਂ ਸੰਭਾਵਨਾਵਾਂ ਨੂੰ ਤਰਾਸ਼ਿਆ ਜਾ ਸਕੇ। ਗੋਲਕੀਪਰ ਪਰਮਦੀਪ ਗਿੱਲ ਬ੍ਰਹਮਟਨ ਤੋਂ ਹੈ ਤੇ ਹਾਕੀ ਨੂੰ ਸਮਰਪਿਤ ਪਰਿਵਾਰ ਦੀ ਧੀ ਹੈ। ਕੈਨੇਡਾ ਦੇ ਨੈਸ਼ਨਲ ਪੱਧਰ ਦੇ ਟੂਰਨਾਮੈਂਟਾਂ ਤੋਂ ਇਲਾਵਾ ਯੂਨੀਵਰਸਿਟੀ ਸੀਜ਼ਨ ਵਿੱਚ ਪਰਮਦੀਪ ਬਹੁਤ ਹੀ ਵਧੀਆ ਖੇਡ ਦਿਖਾ ਚੁੱਕੀ ਹੈ। ਇਸ ਤੋਂ ਪਹਿਲਾਂ ਪਰਮਦੀਪ ਨੇ ਸਾਲ 2023 ਵਿੱਚ ਇਨਡੋਰ ਵਿਸ਼ਵ ਕੱਪ ਵਿੱਚ ਕੈਨੇਡਾ ਵੱਲੋਂ ਭਾਗ ਲਿਆ ਸੀ। ਪਰਵਾ ਸੰਧੂ ਸਰੀ ਦੇ ਇੰਡੀਆ ਕਲੱਬ ਤੋਂ ਹੈ ਤੇ ਫ਼ੀਲਡ ਹਾਕੀ ਨੂੰ ਸਮਰਪਿਤ ਪਰਿਵਾਰ ਨਾਲ ਸਬੰਧ ਰੱਖਦੀ ਹੈ। ਪਰਵਾ ਨੇ ਇਸ ਤੋਂ ਪਹਿਲਾਂ 2023 ਦੇ ਵਿਸ਼ਵ ਕੱਪ ਵਿੱਚ ਭਾਗ ਲਿਆ ਸੀ।

ਪ੍ਰਭਲੀਨ ਗਰੇਵਾਲ ਕੈਲਗਰੀ ਦੇ ਕਿੰਗਜ਼ ਇਲੈਵਨ ਫ਼ੀਲਡ ਹਾਕੀ ਕਲੱਬ ਵੱਲੋਂ ਖੇਡਦੀ ਹੈ। ਪ੍ਰਭਲੀਨ ਦਾ ਪਰਿਵਾਰਕ ਪਿਛੋਕੜ ਖੇਡਾਂ ਲਈ ਮਸ਼ਹੂਰ ਪਿੰਡ ਕਿਲਾ ਰਾਏਪੁਰ ਤੋਂ ਹੈ। ਚੌਥੀ ਖਿਡਾਰਨ ਭਵਨੀਤ ਹੋਠੀ ਸਰੀ ਦੇ ਟਾਈਗਰਜ਼ ਕਲੱਬ ਦੀ ਖਿਡਾਰਨ ਹੈ।



ਪਰਮਦੀਪ ਗਿੱਲ



ਪਰਵਾ ਸੰਧੂ



ਪ੍ਰਭਲੀਨ ਗਰੇਵਾਲ



ਭਵਨੀਤ ਹੋਠੀ

# ਜੋਕੋਵਿਚ ਨੂੰ ਹਰਾ ਕੇ ਸਿਨਰ ਬਣਿਆ ਸ਼ੰਘਾਈ ਮਾਸਟਰਜ਼ ਚੈਂਪੀਅਨ

ਸ਼ੰਘਾਈ/ਏ.ਟੀ.ਨਿਊਜ਼: ਸਿਖਰਲਾ ਦਰਜਾ ਪ੍ਰਾਪਤ ਯਾਨਿਕ ਸਿਨਰ ਨੇ ਪਿਛਲੇ ਦਿਨੀਂ ਇੱਥੇ 24 ਵਾਰ ਦੇ ਗਰੈਂਡ ਸਲੈਮ ਚੈਂਪੀਅਨ ਨੋਵਾਕ ਜੋਕੋਵਿਚ ਨੂੰ ਸਿੱਧੇ ਸੈੱਟਾਂ ’ਚ ਹਰਾ ਕੇ ਸ਼ੰਘਾਈ ਮਾਸਟਰਜ਼ ਟੈਨਿਸ ਟੂਰਨਾਮੈਂਟ ਦਾ ਖਿਤਾਬ ਜਿੱਤ ਲਿਆ। ਇਟਲੀ ਦੇ ਖਿਡਾਰੀ ਨੇ ਅੱਠ ਏਸ ਅਤੇ 22 ਵਿਨਰ ਲਗਾ ਕੇ ਜੋਕੋਵਿਚ ਨੂੰ 7-6 (4), 6-3 ਨਾਲ ਹਰਾਇਆ। ਜੋਕੋਵਿਚ ਨੇ ਚਾਰ ਏਸ ਅਤੇ 12 ਵਿਨਰ ਲਾਏ ਜਦਕਿ ਸਿਨਰ ਨੂੰ ਇੱਕ ਵੀ ਬ੍ਰੇਕ ਪੁਆਇੰਟ ਦਾ ਸਾਹਮਣਾ ਨਹੀਂ ਕਰਨਾ ਪਿਆ। ਖ਼ਿਤਾਬ ਜਿੱਤਣ ਮਗਰੋਂ ਸਿਨਰ ਨੇ ਕਿਹਾ, ‘ਇਹ ਬਹੁਤ ਸਖ਼ਤ ਮੁਕਾਬਲਾ ਸੀ। ਸਪੱਸ਼ਟ ਤੌਰ ’ਤੇ ਨੋਵਾਕ ਖ਼ਿਲਾਫ਼ ਖੇਡਣਾ ਸਭ ਤੋਂ ਮੁਸ਼ਕਲ ਚੁਣੌਤੀਆਂ ’ਚੋਂ ਇੱਕ ਹੈ। ਉਸ ਦੀ ਖੇਡ ਵਿੱਚ ਕੋਈ ਕਮਜ਼ੋਰੀ ਨਹੀਂ ਹੈ। ਉਹ ਸਾਡੀ ਖੇਡ ਦੇ ਮਹਾਨ ਖਿਡਾਰੀਆਂ ’ਚੋਂ ਇੱਕ ਹੈ। ਇਸ ਲਈ ਮੈਂ ਬਹੁਤ ਖੁਸ਼ ਹਾਂ।’ ਜੋਕੋਵਿਚ ਇੱਥੇ ਟੂਰ ਪੱਧਰ ਦਾ ਆਪਣਾ 100ਵਾਂ ਖਿਤਾਬ ਜਿੱਤਣ ਦੀ ਕੋਸ਼ਿਸ਼ ਕਰ ਰਿਹਾ ਸੀ। ਪੁਰਸ਼ ਟੈਨਿਸ ’ਚ ਸਿਰਫ ਜਿੰਮੀ ਕੋਨਰਜ਼ ਅਤੇ ਰੌਜਰ ਫੈਡਰਰ ਹੀ ਖਿਤਾਬੀ ਸੈਂਕੜਾ ਪਾਰ ਕਰ ਸਕੇ ਹਨ। ਕੋਨਰਜ਼ ਨੇ 109 ਜਦਕਿ ਫੈਡਰਰ ਨੇ 103 ਟੂਰ ਪੱਧਰ ਦੇ ਖਿਤਾਬ ਜਿੱਤੇ ਹਨ।



ਇਸੇ ਤਰ੍ਹਾਂ ਮਹਿਲਾਵਾਂ ਦੇ ਵੂਹਾਨ ਓਪਨ ਦੇ ਫਾਈਨਲ ਵਿੱਚ ਅਰਿਆਨਾ ਸਬਾਲੇਂਕਾ ਨੇ ਜ਼ੇਂਗ ਕਿਨਵੇਨ ਨੂੰ 6-3 5-7 6-3 ਨਾਲ ਮਾਤ ਦਿੱਤੀ। ਇਹ ਸਬਾਲੇਂਕਾ ਦਾ ਇਸ ਸੀਜ਼ਨ ਵਿੱਚ ਚੌਥਾ ਖਿਤਾਬ ਹੈ। ਉਹ ਇਸ ਤੋਂ ਪਹਿਲਾਂ ਆਸਟਰੇਲੀਅਨ ਓਪਨ ਅਤੇ ਯੂਐੱਸ ਓਪਨ ਗਰੈਂਡ ਸਲੈਮ ਵੀ ਜਿੱਤ ਚੁੱਕੀ ਹੈ। ਸਬਾਲੇਂਕਾ ਸੈਮੀਫਾਈਨਲ ’ਚ ਕੋਕੋ ਗੌਫ ਨੂੰ 1-6, 6-4, 6-4 ਨਾਲ ਜਦਕਿ ਪੈਰਿਸ ਓਲੰਪਿਕ ਚੈਂਪੀਅਨ ਕਿਨਵੇਨ 51ਵਾਂ ਦਰਜਾ ਪ੍ਰਾਪਤ ਵਾਂਗ ਜ਼ਿਨਯੂ ਨੂੰ 6-3, 6-4 ਨਾਲ ਹਰਾ ਕੇ ਫਾਈਨਲ ’ਚ ਪਹੁੰਚੀ ਸੀ।

# ਹਾਕੀ ਉਲੰਪੀਅਨਾਂ ’ਚ ਤੀਜੇ ਰੈਂਕ ’ਤੇ ਪੁੱਜਾ ਭਾਰਤੀ ਹਾਕੀ ਟੀਮ ਦਾ ਕਪਤਾਨ ਹਰਮਨਪ੍ਰੀਤ ਸਿੰਘ

**ਸੁਖਵਿੰਦਰਜੀਤ ਸਿੰਘ ਮਨੌਲੀ**

ਮੈਦਾਨ ਅੰਦਰ ਰਾਈਟ ਫੁੱਲ ਬੈਕ ਦੀ ਪੁਜ਼ੀਸ਼ਨ ’ਤੇ ਖੇਡਣ ਵਾਲੇ ਡਿਫੈਂਡਰ ਹਰਮਨਪ੍ਰੀਤ ਸਿੰਘ ਨੂੰ ਆਪਣੇ ਡੀ-ਸਰਕਲ ਦੇ ਅੰਦਰ ਤੇ ਬਾਹਰ ਜਿਥੇ ਵਿਰੋਧੀ ਸਟਰਾਈਕਰ ਨੂੰ ਡੱਕੀ ਰੱਖਣ ਦੀ ਮੁਹਾਰਤ ਹਾਸਿਲ ਹੈ ਉਥੇ ਇਸ ਸਮੇਂ ਇੱਕ ਮਹਾਨ ਡਰੈਗ ਫਲਿੱਕਰ ਵਜੋਂ ਉਸ ਦਾ ਨਾਮ ਦੁਨੀਆਂ ਦੀ ਹਾਕੀ ਦੇ ਨਕਸ਼ੇ ’ਤੇ ਡਲਕਾਂ ਮਾਰ ਰਿਹਾ ਹੈ। ਪੈਨਲਟੀ ਕਾਰਨਰਾਂ ਨੂੰ ਡਰੈਗ ਫਲਿੱਕਾਂ ਰਾਹੀਂ ਗੋਲਾਂ ’ਚ ਤਬਦੀਲ ਕਰਨ ’ਚ ਹਰਮਨਪ੍ਰੀਤ ਨੇ ਵਿਰੋਧੀ ਹਾਕੀ ਟੀਮਾਂ ਦੇ ਗੋਲਕੀਪਰਾਂ ਅਤੇ ਰੱਖਿਅਕ ਖਿਡਾਰੀਆਂ ਦੀ ਬਸ ਕਰਵਾਈ ਹੋਈ ਹੈ। ਕੌਮੀ ਟੀਮ ਦੇ ਕਪਤਾਨ ਅਤੇ ਡਰੈਗ ਫਲਿਕਰ ਹਰਮਨਪ੍ਰੀਤ ਸਿੰਘ ਨੂੰ ਟੀਮ ’ਚ ਰੰਗ ਦਾ ਪੱਤਾ ਕਿਹਾ ਜਾਂਦਾ ਹੈ। ਇਸ ਤੁਰਪ ਦੇ ਪੱਤੇ ਨੇ ਟੋਕੀਓ-2020 ਉਲੰਪਿਕ ’ਚ 6 ਗੋਲ ਅਤੇ ਪੈਰਿਸ-2024 ਉਲੰਪਿਕ ਹਾਕੀ ’ਚ 10 ਗੋਲ ਦਾਗ਼ਣ ਸਦਕਾ ਦੋਵੇਂ ਵਾਰ ਟੀਮ ਨੂੰ ਤਾਂਬੇ ਦਾ ਤਗ਼ਮੇ ਜਿਤਾਉਣ ’ਚ ਵੱਡਾ ਯੋਗਦਾਨ ਪਾਇਆ ਗਿਆ। ਗੌਰਤਲਬ ਹੈ ਕਿ ਟੋਕੀਓ ਉਲੰਪਿਕ ’ਚ ਹਰਮਨਪ੍ਰੀਤ ਸਿੰਘ ਟੀਮ ਦਾ ਉਪ-ਕਪਤਾਨ ਤੇ ਪੈਰਿਸ ਉਲੰਪਿਕ ’ਚ ਕੌਮੀ ਹਾਕੀ ਟੀਮ ਦਾ ਕਪਤਾਨ ਸੀ। ਜ਼ਿਲ੍ਹਾ ਅੰਮ੍ਰਿਤਸਰ ਦੇ ਕਸਬੇ ਜੰਡਿਆਲਾ ਗੁਰੂ ’ਚ ਕਿਸਾਨ ਸਰਬਜੀਤ ਸਿੰਘ ਦੇ ਗ੍ਰਹਿ ਵਿਖੇ ਜਨਵਰੀ-6, 1996 ਨੂੰ ਜਨਮੇ ਹਰਮਨਪ੍ਰੀਤ ਸਿੰਘ ਨੇ ਸਾਲ-2011 ਤੋਂ ਯੂਥ ਕੈਰੀਅਰ ਦੀ ਸ਼ੁਰੂਆਤ ਸੁਰਜੀਤ ਸਿੰਘ ਹਾਕੀ ਅਕਾਡਮੀ ਜਲੰਧਰ ਤੋਂ ਕੀਤੀ। ਸਾਲ-2014 ’ਚ ਭਾਰਤ ਹਾਕੀ ਟੀਮ ਦੇ ਸਿਲੈਕਟਰਾਂ ਨੇ ਹਰਮਨਪ੍ਰੀਤ ਸਿੰਘ ਦੀ ਸਿਲੈਕਸ਼ਨ ਅੰਡਰ-21 ਜੂਨੀਅਰ ਹਾਕੀ ਟੀਮ ’ਚ ਖੇਡਣ ਲਈ ਕੀਤੀ ਗਈ। ਕੌਮੀ ਹਾਕੀ ਟੀਮ ਦੇ ਚੋਣਕਾਰਾਂ ਦੀਆਂ ਉਮੀਦਾਂ ’ਤੇ ਖ਼ਰਾ ਉਤਰਦਿਆਂ ਰੱਖਿਅਕ ਖਿਡਾਰੀ ਹਰਮਨਪ੍ਰੀਤ ਸਿੰਘ ਵਲੋਂ ਅੰਡਰ-21 ਜੂਨੀਅਰ ਹਾਕੀ ਟੀਮ ਲਈ 35 ਕੌਮਾਂਤਰੀ ਹਾਕੀ ਮੈਚਾਂ ’ਚ 32 ਗੋਲ ਸਕੋਰ ਕਰਨ ਦਾ ਕਰਿਸ਼ਮਾ ਕੀਤਾ ਗਿਆ। 2015 ’ਚ ਕੌਮੀ ਟੀਮ ’ਚ ਐਂਟਰੀ ਕਰਨ ਵਾਲਾ ਹਰਮਨਪ੍ਰੀਤ, ਅੰਡਰ-21 ਹਾਕੀ ਟੀਮ ਨਾਲ ਸੁਲਤਾਨ ਜੋਹਰ ਹਾਕੀ ਕੱਪ ਜਿੱਤਣ ਵਾਲੀ ਟੀਮ ਨਾਲ ਮੈਦਾਨ ਵਿੱਚ ਨਿੱਤਰਿਆ।

ਮਲੇਸ਼ੀਆ ’ਚ ਖੇਡੇ ਗਏ ਇਸ ਮੁਕਾਬਲੇ ’ਚ ਹਰਮਨਪ੍ਰੀਤ 9 ਗੋਲਾਂ ਨਾਲ ‘ਟਾਪ ਸਕੋਰਰ’ ਬਣਨ ਦੇ ਨਾਲ ‘ਬੈਸਟ ਪਲੇਅਰ ਆਫ ਦਿ ਟੂਰਨਾਮੈਂਟ’ ਵੀ ਨਾਮਜ਼ਦ ਹੋਇਆ। ਜੂਨੀਅਰ ਏਸ਼ੀਆ ਹਾਕੀ ਕੱਪ ’ਚ 15 ਗੋਲ ਕਰਨ ਵਾਲੇ ਹਰਮਨਪ੍ਰੀਤ ਸਿੰਘ ਨੂੰ ਏਸ਼ੀਅਨ ਗੇਮਜ਼-2018 ’ਚ ਤਾਂਬੇ ਦਾ ਤਗ਼ਮਾ, ਏਸ਼ੀਆ ਹਾਕੀ ਕੱਪ ਢਾਕਾ-2017 ’ਚ ਗੋਲਡ ਮੈਡਲ ਜਿੱਤਣ ਤੋਂ ਇਲਾਵਾ ਚੈਂਪੀਅਨਜ਼ ਹਾਕੀ ਟਰਾਫ਼ੀ ਲੰਡਨ-2016 ਤੇ ਹਾਲੈਂਡ-2018 ’ਚ ਲਗਾਤਾਰ ਦੋ ਸਿਲਵਰ ਮੈਡਲ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਦੀ ਪ੍ਰਤੀਨਿੱਧਤਾ ਕਰਨ ਦਾ ਹੱਕ ਹਾਸਿਲ ਹੈ। ਜੂਨੀਅਰ ਏਸ਼ੀਆ ਹਾਕੀ ਕੱਪ ’ਚ 15 ਗੋਲਾਂ ਨਾਲ ‘ਟਾਪ ਸਕੋਰਰ’ ਨਾਮਜ਼ਦ ਹੋਣ ਵਾਲੇ ਹਰਮਨਪ੍ਰੀਤ ਸਿੰਘ ਨੂੰ ਗੋਲਡਕੋਸਟ ਕਾਮਨਵੈਲਥ ਹਾਕੀ ਅਤੇ ਵਿਸ਼ਵ ਹਾਕੀ ਕੱਪ ਭੁਵਨੇਸ਼ਵਰ-2018 ਤੇ ਵਿਸ਼ਵ ਹਾਕੀ ਕੱਪ ਭੁਵਨੇਸ਼ਵਰ-ਰੁੜਕੇਲਾ-2023 ਖੇਡਣ ਤੋਂ ਇਲਾਵਾ ਏਸ਼ੀਅਨ ਚੈਂਪੀਅਨਜ਼ ਹਾਕੀ ਟਰਾਫ਼ੀ ਮਸਕਟ-2018 ’ਚ ਚੈਂਪੀਅਨ ਰਹੀ ਕੌਮੀ ਟੀਮ ਦੀ ਨੁਮਾਇੰਦਗੀ ਕਰਨ ਦਾ ਹੱਕ ਵੀ ਹਾਸਿਲ ਹੈ। ਹਾਕੀ ਇੰਡੀਆ ਲੀਗ ਦੇ 2014 ਤੋਂ 2016 ਦੇ ਤਿੰਨ ਅਡੀਸ਼ਨ ਖੇਡਣ ਲਈ ਡਰੈਗ ਫਲਿਕਰ ਹਰਮਨਪ੍ਰੀਤ ਸਿੰਘ ਵਲੋਂ ਦਬੰਗ ਮੁੰਬਈ ਟੀਮ ਦੇ ਫਰੈਂਚਾਇਜ਼ੀ ਨਾਲ 35 ਲੱਖ ਦਾ ਕੰਟਰੈਕਟ ਸਾਈਨ ਕੀਤਾ ਗਿਆ। ਵਿਸ਼ਵ ਹਾਕੀ ਦੇ ਮਹਾਨ ਡਿਫੈਂਡਰ ਹਰਮਨਪ੍ਰੀਤ ਸਿੰਘ ਨੂੰ ਤਿੰਨ ਵਾਰ ਉਲੰਪਿਕ ਹਾਕੀ ਖੇਡਣ ਦਾ ਮੌਕਾ ਨਸੀਬ ਹੋਇਆ। ਰੀਓ-2016 ਉਲੰਪਿਕ ਹਾਕੀ ਖੇਡਣ ਵਾਲੇ ਹਰਮਨਪ੍ਰੀਤ ਸਿੰਘ ਨੂੰ ਕੌਮੀ ਹਾਕੀ ਟੀਮ ਦੇ ਚੋਣਕਾਰਾਂ ਵਲੋਂ ਟੋਕੀਓ-2020 ਉਲੰਪਿਕ ’ਚ ਟੀਮ ਦਾ ਉਪ-ਕਪਤਾਨ ਥਾਪਿਆ ਗਿਆ। ਕਪਤਾਨ ਮਨਪ੍ਰੀਤ ਸਿੰਘ ਦੀ ਅਗਵਾਈ ’ਚ ਕੌਮੀ ਹਾਕੀ ਟੀਮ ਨੇ 40 ਬਾਅਦ ਸੈਮੀਫਾਈਨਲ ’ਚ ਪਹੁੰਚ ਕੇ ਤਾਂਬੇ ਦਾ ਤਗ਼ਮਾ ਜਿੱਤਣ ਦਾ ਕਰਿਸ਼ਮਾ ਕੀਤਾ ਗਿਆ। ਉਪ-ਕਪਤਾਨ ਹਰਮਨਪ੍ਰੀਤ ਸਿੰਘ ਨੇ ਟੋਕੀਓ ਉਲੰਪਿਕ ’ਚ 6 ਗੋਲ ਆਪਣੀ ਸਟਿਕ ’ਚ ਕੱਢਣ ਸਦਕਾ ਪਹਿਲਾਂ ਟੀਮ ਨੂੰ ਸੈਮੀਫਾਈਨਲ ਖੇਡਣ ਦੇ ਦਰ ’ਤੇ ਖੜ੍ਹਾ ਕੀਤਾ ਅਤੇ ਬਾਅਦ ’ਚ ਜਰਮਨੀ ਨਾਲ ਪੁਜ਼ੀਸ਼ਨਲ ਮੈਚ ’ਚ ਗੋਲ ਕਰਕੇ ਤਾਂਬੇ ਦਾ ਤਗ਼ਮਾ ਜਿਤਾਉਣ ਵਿੱਚ ਉਸ ਨੇ ਆਪਣਾ ਬਣਦਾ ਯੋਗਦਾਨ ਪਾਇਆ। ਟੋਕੀਓ-2020 ਤੇ ਪੈਰਿਸ-2024 ਉਲੰਪਿਕ ਹਾਕੀ ’ਚ ਲਗਾਤਾਰ ਦੋ ਤਾਂਬੇ ਦਾ ਤਗ਼ਮੇ ਜਿੱਤਣ ਵਾਲੇ ਹਰਮਨਪ੍ਰੀਤ ਸਿੰਘ ਨੂੰ ਆਪਣੀ ਕਪਤਾਨੀ ’ਚ ਕੌਮੀ ਹਾਕੀ ਟੀਮ ਨੂੰ ਏਸ਼ੀਆ ਦੇ ਤਿੰਨ ਵੱਡੇ ਹਾਕੀ ਟੂਰਨਾਮੈਂਟਾਂ ਹਾਂਗਝੂ-2022 (ਚੀਨ) ਏਸ਼ੀਅਨ ਖੇਡਾਂ, ਚੇਨਈ-2023 ਏਸ਼ੀਅਨ ਹਾਕੀ ਚੈਂਪੀਅਨਜ਼ ਟਰਾਫ਼ੀ ਤੇ ਹੁਲੁਨਬੂਰ-2024 ਚੀਨ ਏਸ਼ੀਅਨ ਹਾਕੀ ਚੈਂਪੀਅਨਜ਼ ਟਰਾਫ਼ੀ ’ਚ ਚੈਂਪੀਅਨ ਬਣਾਉਣ ਦਾ ਹੱਕ ਹਾਸਿਲ ਹੋਇਆ। ਹਰਮਨਪ੍ਰੀਤ ਸਿੰਘ ਭਾਰਤ ਦਾ ਪਹਿਲਾ ਕਪਤਾਨ ਹੈ, ਜਿਸ ਵਲੋਂ ਏਸ਼ਿਆਈ ਖਿੱਤੇ ਦੇ ਤਿੰਨ ਵੱਡੇ ਹਾਕੀ ਟਾਈਟਲ ਦੇਸ਼ ਦੀ ਝੋਲੀ ’ਚ ਪਾਉਣ ਦਾ ਵੱਡਾ ਪਰਉਪਕਾਰ ਕੀਤਾ ਗਿਆ ਹੈ। ਕੌਮਾਂਤਰੀ ਹਾਕੀ ਫੈਡਰੇਸ਼ਨ ਵਲੋਂ ਟੋਕੀਓ-2020 ਉਲੰਪਿਕ ਹਾਕੀ ’ਚ ਤਾਂਬੇ ਦਾ ਤਗ਼ਮਾ ਜੇਤੂ ਭਾਰਤੀ ਹਾਕੀ ਟੀਮ ਦੇ ਉਪ-ਕਪਤਾਨ ਹਰਮਨਪ੍ਰੀਤ ਸਿੰਘ ਨੂੰ ‘ਬੈਸਟ ਪਲੇਅਰ ਆਫ ਯੀਅਰ-2021’ ਅਵਾਰਡ ਦਿੱਤਾ ਗਿਆ ਹੈ। ਮੈਦਾਨ ਅੰਦਰ ਰਾਈਟ ਫੁੱਲ ਬੈਕ ਦੀ ਪੁਜ਼ੀਸ਼ਨ ’ਤੇ ਖੇਡਣ ਵਾਲੇ ਡਿਫੈਂਡਰ ਹਰਮਨਪ੍ਰੀਤ ਸਿੰਘ ਨੇ ਇਸ ਮੁਕਾਬਲੇ ’ਚ ਟੋਕੀਓ ਉਲੰਪਿਕ ’ਚ ਗੋਲਡ ਮੈਡਲ ਜੇਤੂ ਟੀਮ ਦੇ ਪ੍ਰਸਿੱਧ ਡਰੈਗ ਫਲਿਪ ਅਲੈਗਜ਼ੈਂਡਰ ਨੂੰ ਹਰਾਇਆ। ਇੰਡੀਆ ਦੇ ਹਰਮਨਪ੍ਰੀਤ ਸਿੰਘ ਨੂੰ 52.11 ਵੋਟ ਜਦਕਿ ਦੂਜੀ ਪੁਜ਼ੀਸ਼ਨ ਹਾਸਿਲ ਕਰਨ ਵਾਲੇ ਬੈਲਜੀਅਮ ਦੇ ਵਿਸ਼ਵ ਪ੍ਰਸਿੱਧ ਡਰਿਕਸ ਨੂੰ 24.88 ਵੋਟਾਂ ਨਸੀਬ ਹੋਈਆਂ ਹਨ। ਆਸਟਰੇਲੀਆ ਦਾ ਏਰਨ ਜਲੈਸਕੀ 4.46 ਵੋਟਾਂ ਨਾਲ ਤੀਜੇ ਸਥਾਨ ’ਤੇ ਰਿਹਾ। ਟੋਕੀਓ ਉਲੰਪਿਕ ਚੈਂਪੀਅਨ ਬੈਲਜੀਅਮ ਟੀਮ ਦੇ ਪੈਨਲਟੀ ਕਾਰਨਰ ਸਪੈਸ਼ਲਿਸਟ ਡਰਿਕਸ ਅਲੈਗਜ਼ੈਂਡਰ ਉਲੰਪਿਕ ਟੂਰਨਾਮੈਂਟ ’ਚ 14 ਗੋਲ ਸਕੋਰ ਕਰਨ ਸਦਕਾ ‘ਟਾਪ ਸਕੋਰਰ’ ਦੀ ਕੁਰਸੀ ’ਤੇ ਬਿਰਾਜਮਾਨ ਹੀ ਨਹੀਂ ਹੋਇਆ ਸਗੋਂ ਉਸ ਵਲੋਂ ਮਾਸਕੋ ਉਲੰਪਿਕ ਹਾਕੀ ਮੁਕਾਬਲੇ ’ਚ ਰਿਕਾਰਡ 14 ਗੋਲ ਦਾਗ਼ਣ ਵਾਲੇ ਭਾਰਤ ਦੇ ਸੁਰਿੰਦਰ ਸਿੰਘ ਸੋਢੀ ਦੀ ਬਰਾਬਰੀ ਵੀ ਕੀਤੀ ਗਈ ਜਦਕਿ ਤਾਂਬੇ ਦਾ ਤਗ਼ਮਾ ਹਾਸਿਲ ਕਰਨ ਵਾਲੇ ਇੰਡੀਅਨ ਹਾਕੀ ਟੀਮ ਦੇ ਹਰਮਨਪ੍ਰੀਤ ਸਿੰਘ ਵਲੋਂ ਟੋਕੀਓ ਉਲੰਪਿਕ ’ਚ 6 ਗੋਲ ਸਕੋਰ ਕੀਤੇ ਗਏ ਸਨ। ਕੌਮਾਂਤਰੀ ਹਾਕੀ ਫੈਡਰੇਸ਼ਨ (ਐਫਆਈਐਚ) ਵਲੋਂ ਹਾਕੀ ਦੇ ਸਿਤਾਰੇ ਹਰਮਨਪ੍ਰੀਤ ਨੂੰ ਸਾਲ-2024 ਲਈ ਵੀ ‘ਬੈਸਟ ਪਲੇਅਰ ਆਫ ਦਿ ਯੀਅਰ’ ਦੀ ਦੌੜ ’ਚ ਨਾਮਜ਼ਦ ਕੀਤਾ ਗਿਆ ਹੈ। ਉਸ ਕੋਲੋਂ ਭਵਿੱਖ ਵਿਚ ਹੋਰ ਪ੍ਰਾਪਤੀਆਂ ਦੀ ਉਮੀਦ ਹੈ।



# ਹੋਣਹਾਰ 'ਫੁੱਫੜ ਤੇ ਜੀਜਾ' ਹਾਰਬੀ ਸੰਘਾ

ਰਜਨੀ ਭਗਾਣੀਆ





ਜ਼ਿੰਦਾਦਿਲ ਤੇ ਹਸਮੁੱਖ ਸ਼ਖ਼ਸੀਅਤ ਦਾ ਮਾਲਕ ਹੈ ਪੰਜਾਬੀ ਕਲਾਕਾਰ ਹਾਰਬੀ ਸੰਘਾ ਉਰਫ਼ ਹਰਬਿਲਾਸ ਸੰਘਾ। ਉਸ ਨੇ ਆਪਣੀ ਉਮਦਾ ਅਦਾਕਾਰੀ ਨਾਲ ਪੰਜਾਬੀ ਫਿਲਮ ਇੰਡਸਟਰੀ ਵਿੱਚ ਵੱਖਰੀ ਪਛਾਣ ਹਾਸਲ ਕੀਤੀ ਹੈ। ਪੰਜਾਬੀ ਫਿਲਮਾਂ ਵਿੱਚ ਜੀਜੇ ਤੇ ਫੁੱਫੜ ਦੇ ਕਿਰਦਾਰਾਂ ਨਾਲ ਜਾਣੇ ਜਾਂਦੇ ਹਾਰਬੀ ਸੰਘਾ ਦਾ ਜਨਮ 19 ਮਈ 1986 ਨੂੰ ਪਿਤਾ ਸਵਰਨ ਸਿੰਘ ਤੇ ਮਾਤਾ ਪ੍ਰੀਤਮ ਕੌਰ ਦੇ ਘਰ ਪਿੰਡ ਸੰਘੇ, ਜਗੀਰ ਸ਼ਹਿਰ ਨਕੋਦਰ ਜਲੰਧਰ ਵਿਖੇ ਹੋਇਆ। ਉਸ ਦੀ ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ਮਾਊਂਟ ਲਿਟਰਾ ਤੋਂ ਹੋਈ ਤੇ ਗ੍ਰੈਜੂਏਸ਼ਨ ਡੀ.ਏ.ਵੀ. ਕਾਲਜ ਨਕੋਦਰ ਤੋਂ ਪੂਰੀ ਕੀਤੀ।

ਉਸ ਨੂੰ ਬਚਪਨ ਤੋਂ ਹੀ ਅਦਾਕਾਰੀ ਦਾ ਬਹੁਤ ਸ਼ੌਕ ਰਿਹਾ ਹੈ। ਉਸ ਦਾ ਇਹ ਸ਼ੌਕ ਅਦਾਕਾਰੀ ਤੱਕ ਹੀ ਸੀਮਤ ਨਹੀਂ ਸੀ ਬਲਕਿ ਇਸ ਦੇ ਨਾਲ ਉਹ ਗਾਇਕੀ ਤੇ ਕਾਮੇਡੀ ਕਰਨ ਵਿੱਚ ਵੀ ਮਾਹਿਰ ਹੈ। ਉਹ ਆਪਣੇ ਸਕੂਲ ਦੇ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਹਿੱਸਾ ਲੈਂਦਾ ਰਿਹਾ ਅਤੇ ਉਸ ਦੀ ਕਲਾਕਾਰੀ ਨੂੰ ਬਹੁਤ ਪਸੰਦ ਕੀਤਾ ਜਾਂਦਾ ਸੀ। ਇਸੇ ਤਰ੍ਹਾਂ ਉਸ ਨੇ ਕਾਲਜ ਦੇ ਦਿਨਾਂ ਦੌਰਾਨ ਬਹੁਤ ਸਾਰੇ ਕਾਮੇਡੀ ਸਮਾਗਮਾਂ ਵਿੱਚ ਭਾਗ ਲਿਆ ਤੇ ਯੁਵਕ ਮੇਲਿਆਂ ਵਿੱਚ ਬਹੁਤ ਸਾਰੇ ਇਨਾਮ ਵੀ ਜਿੱਤੇ।

ਉਸ ਦੀ ਕਲਾ ਨੂੰ ਪਸੰਦ ਤਾਂ ਬਹੁਤ ਕੀਤਾ ਜਾ ਰਿਹਾ ਸੀ, ਪਰ ਉਸ ਦੀ ਕਿਤੇ ਵੀ ਪੁਖ਼ਤਾ ਪਛਾਣ ਨਹੀਂ ਬਣ ਰਹੀ ਸੀ। ਸੰਘਰਸ਼ ਦੇ ਦਿਨਾਂ ਵਿੱਚ ਹਾਰਬੀ ਪਹਿਲੀ ਵਾਰ ਆਪਣੇ ਦੋਸਤ ਨਾਲ ਸ਼ੋਅ 'ਤੇ ਗਿਆ। ਉੱਥੇ ਉਸ ਨੂੰ ਮਿਹਨਤਾਨੇ ਵਜੋਂ 20 ਰੁਪਏ ਦਿੱਤੇ ਗਏ। ਇਸ ਤੋਂ ਬਾਅਦ ਉਸ ਨੇ ਆਰਕੈਸਟਰਾਂ ਨਾਲ ਜਾਣਾ ਸ਼ੁਰੂ ਕੀਤਾ, ਜਿੱਥੇ ਉਸ ਨੂੰ 150 ਤੋਂ 200 ਰੁਪਏ ਮਿਲਦੇ ਸਨ। ਕਾਮੇਡੀ ਪ੍ਰੋਗਰਾਮ ਪੇਸ਼ ਕਰਨ 'ਤੇ ਉਸ ਨੂੰ 700 ਰੁਪਏ ਦਿੱਤੇ ਜਾਂਦੇ ਸਨ। ਉਹ ਮਿਹਨਤ ਤਾਂ ਕਰ ਰਿਹਾ ਸੀ, ਪਰ ਇਸ ਨਾਲ ਘਰ ਦੀਆਂ ਜ਼ਿੰਮੇਵਾਰੀਆਂ ਪੂਰੀਆਂ ਹੋਣੀਆਂ ਮੁਸ਼ਕਿਲ ਸਨ ਤੇ ਨਾ ਹੀ ਉਸ ਦੀ ਕੋਈ ਪਛਾਣ ਬਣ ਰਹੀ ਸੀ।

ਹਾਰਬੀ ਦੱਸਦਾ ਹੈ ਕਿ ਇੱਕ ਸਮਾਂ ਅਜਿਹਾ ਆਇਆ ਜਦੋਂ ਉਸ ਨੇ ਆਪਣਾ ਹੌਸਲਾ ਟੁੱਟਦੇ ਵੇਖਿਆ ਤੇ ਸੋਚਿਆ ਕਿ ਮੈਂ ਕੰਪਾਊਡਰ ਦਾ ਹੀ ਕੰਮ ਕਰ ਲਵਾਂ। ਜਿਸ ਨਾਲ ਉਸ ਨੂੰ ਆਮਦਨ ਤਾਂ ਹੋਵੇਗੀ ਹੀ ਤੇ ਸੱਤ ਤੋਂ ਅੱਠ ਹਜ਼ਾਰ ਤਾਂ ਜ਼ਰੂਰ ਬਣ ਜਾਇਆ ਕਰਨਗੇ। ਇਸ ਨਾਲ ਉਹ ਆਪਣੇ ਪਰਿਵਾਰ ਦੀਆਂ ਜ਼ਰੂਰਤਾਂ ਪੂਰੀਆਂ ਕਰ ਸਕੇਗਾ। ਉਸ ਵਕਤ ਉਸ ਦੀ ਹਮਸਫ਼ਰ ਸਿਮਰਨ ਕੌਰ ਸੰਘਾ ਨੇ ਬਹੁਤ ਹੌਸਲਾ ਦਿੱਤਾ। ਤੰਗੀ ਦੇ ਮਾਹੌਲ ਵਿੱਚ ਵੀ ਉਸ ਨੇ ਹਿੰਮਤ ਨਾ ਹਾਰੀ। ਉਸ ਨੇ ਆਪਣੇ ਮਨ ਵਿੱਚ ਸਫਲ ਹੋਣ ਦੇ ਜਨੂੰਨ ਨੂੰ ਜਾਰੀ ਰੱਖਿਆ ਤੇ ਇੱਕ ਦਿਨ ਉਸ ਦੀ ਮੁਲਾਕਾਤ ਪੰਜਾਬੀ ਇੰਡਸਟਰੀ ਦੇ ਮਸ਼ਹੂਰ ਅਦਾਕਾਰ ਤੇ ਕਾਮੇਡੀਅਨ ਗੁਰਪ੍ਰੀਤ ਘੁੱਗੀ ਨਾਲ ਹੋਈ, ਜਿਸ ਨੂੰ ਮਿਲਣਾ ਹਾਰਬੀ ਦਾ ਸੁਪਨਾ ਵੀ ਸੀ। ਉਸ ਦਾ ਕਹਿਣਾ ਹੈ ਕਿ ਉਸ ਨੂੰ ਪੰਜਾਬੀ ਇੰਡਸਟਰੀ ਵਿੱਚ ਗੁਰਪ੍ਰੀਤ ਘੁੱਗੀ ਹੀ ਲੈ ਕੇ ਆਇਆ। ਉਸ ਨੇ ਗੁਰਪ੍ਰੀਤ ਘੁੱਗੀ ਨਾਲ 'ਘੁੱਗੀ ਦੇ ਬਰਾਤੀ' ਗੀਤ ਵਿੱਚ ਕੰਮ ਕੀਤਾ। ਗੁਰਪ੍ਰੀਤ ਘੁੱਗੀ ਤੋਂ ਉਸ ਨੂੰ ਆਪਣੇ ਕੰਮ ਪ੍ਰਤੀ ਹੌਸਲਾ ਅਫਜ਼ਾਈ ਮਿਲੀ। ਉਸ ਤੋਂ ਬਾਅਦ ਉਸ ਨੇ ਬਹੁਤ ਸਾਰੇ ਟੀ. ਵੀ ਲੜੀਵਾਰਾਂ ਵਿੱਚ ਅਦਾਕਾਰੀ ਕੀਤੀ।

ਉਸ ਦੇ ਫਿਲਮੀ ਸਫ਼ਰ ਦੀ ਸ਼ੁਰੂਆਤ ਫਿਲਮ 'ਅਸਾਂ ਨੂੰ ਮਾਣ ਵਤਨਾਂ ਦਾ' ਤੋਂ ਹੋਈ ਜਿਸ ਵਿੱਚ ਉਸ ਦਾ ਛੋਟਾ ਜਿਹਾ ਕਿਰਦਾਰ ਸੀ। ਆਪਣੀ ਮਿਹਨਤ ਨੂੰ ਫਲ ਲੱਗਦੇ ਦੇਖ ਹਾਰਬੀ ਨੇ ਫਿਰ ਪਿੱਛੇ ਮੁੜ ਕੇ ਨਹੀਂ ਦੇਖਿਆ ਤੇ ਇਸ ਤੋਂ ਬਾਅਦ 'ਅੱਖੀਆਂ ਉਡੀਕਦੀਆਂ',



'ਖਿੱਚ ਘੁੱਗੀ ਖਿੱਚ', (ਵੀਡੀਓ) 'ਚੱਕ ਜਵਾਨਾ', 'ਪਿੰਕੀ ਮੋਗੇ ਵਾਲੀ', 'ਕੈਰੀ ਆਨ ਜੱਟਾ', 'ਨੌਟੀ ਜੱਟ', 'ਜੱਟਸ ਇਨ ਗੋਲਮਾਲ', 'ਮੈਰਿਜ ਦਾ ਗੈਰੇਜ', 'ਪ੍ਰੌਪਰ ਪਟੋਲਾ', 'ਮਿਸਟਰ ਐਂਡ ਮਿਸਿਜ਼ 420', 'ਅਰਦਾਸ', 'ਬੰਬੂਕਾਟ', 'ਨਿੱਕਾ ਜ਼ੈਲਦਾਰ', 'ਰੱਬ ਦਾ ਰੇਡੀਓ', 'ਪਾਣੀ 'ਚ ਮਧਾਣੀ' ਆਦਿ ਵਰਗੀਆਂ ਅਨੇਕ ਫਿਲਮਾਂ ਵਿੱਚ ਵੱਖੋ-ਵੱਖਰੇ ਕਿਰਦਾਰ ਨਿਭਾ ਕੇ ਆਪਣੀ ਅਦਾਕਾਰੀ ਦੇ ਜੌਹਰ ਵਿਖਾਏ ਤੇ ਦਰਸ਼ਕਾਂ ਦਾ ਦਿਲ ਜਿੱਤਿਆ।

ਜੇਕਰ ਉਸ ਦੀ ਗਾਇਕੀ ਦੀ ਗੱਲ ਕਰੀਏ ਤਾਂ ਉਸ ਨੇ ਸਮਾਜ ਨੂੰ ਸੇਧ ਦੇਣ ਵਾਲੇ ਕਈ ਗੀਤ ਵੀ ਗਾਏ ਹਨ, ਜਿਨ੍ਹਾਂ ਵਿੱਚ 'ਅਸਲਾ ਨਾ ਪ੍ਰਮੋਟ ਕਰੋ', 'ਆਜਾ ਖੇਡੀਏ', 'ਡੈੱਥ ਲਿਸਟ', 'ਤੇਰੀਆਂ ਮੁਹੱਬਤਾਂ' ਆਦਿ ਗੀਤਾਂ ਦੇ ਨਾਮ ਜ਼ਿਕਰਯੋਗ ਹਨ। ਹਾਰਬੀ ਦਾ ਕਹਿਣਾ ਹੈ ਕਿ ਉਸ ਨੂੰ ਗੁਰਪ੍ਰੀਤ ਘੁੱਗੀ ਨੇ ਬਸ ਇਮਾਨਦਾਰੀ ਨਾਲ ਮਿਹਨਤ ਕਰਨ ਲਈ ਹੱਲਾਸ਼ੇਰੀ ਦਿੱਤੀ ਜਿਸ ਦੀ ਬਦੌਲਤ ਉਹ ਸਫਲ ਹੋਇਆ ਹੈ।

# ਵੰਡ ਦਾ ਦਰਦ ਬਿਆਨਦੀ ਫ਼ਿਲਮ 'ਨਾਨਕ ਦੁਖੀਆ ਸਭ ਸੰਸਾਰ'

ਅੰਗਰੇਜ ਸਿੰਘ ਵਿਰਦੀ

ਦਾਰਾ ਪਿਕਚਰਜ਼ ਬੰਬੇ ਦੇ ਬੈਨਰ ਹੇਠ ਬਣੀ ਪੰਜਾਬੀ ਫ਼ਿਲਮ 'ਨਾਨਕ ਦੁਖੀਆ ਸਭ ਸੰਸਾਰ' 2 ਜੁਲਾਈ 1971 ਨੂੰ ਪਰਦੇ 'ਤੇ ਆਈ। ਇਸ ਫ਼ਿਲਮ ਦੇ ਨਿਰਮਾਤਾ ਨਿਰਦੇਸ਼ਕ ਤੇ ਲੇਖਕ ਅਦਾਕਾਰ ਪਹਿਲਵਾਨ ਦਾਰਾ ਸਿੰਘ ਸਨ। ਪਟਕਥਾ ਤੇ ਸੰਵਾਦ ਪੰਜਾਬੀ ਅਦਬ ਦੀ ਮਹਾਨ ਸ਼ਖ਼ਸੀਅਤ ਨਾਵਲਕਾਰ ਨਾਨਕ ਸਿੰਘ ਨੇ ਲਿਖੇ ਸਨ। 1947 ਤੋਂ ਪਹਿਲਾਂ ਲਹਿੰਦੇ ਪੰਜਾਬ ਦੇ ਪੋਠੋਹਾਰ ਇਲਾਕੇ ਤੋਂ ਸ਼ੁਰੂ ਹੁੰਦੀ ਇਹ ਫ਼ਿਲਮ ਵੰਡ ਤੋਂ ਬਾਅਦ ਆਪਣਾ ਘਰ-ਬਾਰ ਗੁਆ ਜਾਨੀ ਤੇ ਮਾਲੀ ਨੁਕਸਾਨ ਝੱਲ ਕੇ ਆਏ ਲੋਕਾਂ ਦੀ ਦਰਦਮਈ ਕਹਾਣੀ ਬਿਆਨ ਕਰਦੀ ਹੈ। ਫ਼ਿਲਮ 'ਚ ਅਦਾਕਾਰ ਪ੍ਰਿਥਵੀ ਰਾਜ ਕਪੂਰ ਨੇ ਗੁਰਦੁਆਰੇ ਦੇ ਬਾਬੇ ਦਾ ਕਿਰਦਾਰ ਅਦਾ ਕੀਤਾ ਹੈ। ਦਾਰਾ ਸਿੰਘ ਨੇ ਕਰਤਾਰ ਸਿੰਘ ਤੇ ਸ਼ਮਿੰਦਰ ਮਾਹਲ ਨੇ ਦਾਰਾ ਸਿੰਘ ਦੇ ਛੋਟੇ ਭਰਾ ਰਾਮ ਦਾ ਕਿਰਦਾਰ ਅਦਾ ਕੀਤਾ। ਦੁੱਖਾਂ ਦੀ ਮਾਰੀ ਮਾਂ ਦਾ ਕਿਰਦਾਰ ਬਿਹਤਰੀਨ ਅਦਾਕਾਰਾ ਅਚਲਾ ਸਚਦੇਵ ਨੇ ਬਾਖ਼ੂਬੀ ਨਿਭਾਇਆ, ਜਿਸ ਦੇ ਵੰਡ ਵੇਲੇ ਫਿਰਕੂ ਜਨੂੰਨੀਆਂ ਦੇ ਹਮਲਾ ਕਰਨ ਕਰਕੇ ਦੋਵੇਂ ਪੁੱਤ ਕਰਤਾਰ ਤੇ ਰਾਮ ਛੋਟੇ ਹੁੰਦਿਆਂ ਹੀ ਵਿਛੜ ਜਾਂਦੇ ਹਨ। ਇਸ ਫ਼ਿਲਮ 'ਚ ਦਿੱਗਜ ਬਾਲੀਵੁੱਡ ਅਦਾਕਾਰ ਬਲਰਾਜ ਸਾਹਨੀ ਨੇ ਵੀ ਅਦਾਕਾਰੀ ਕੀਤੀ। ਉਨ੍ਹਾਂ ਨੇ ਫ਼ਿਲਮ 'ਚ ਸੂਬੇਦਾਰ ਵਰਿਆਮ ਸਿੰਘ ਦਾ ਕਿਰਦਾਰ ਅਦਾ ਕੀਤਾ ਹੈ, ਜੋ ਕਰਤਾਰ ਸਿੰਘ ਤੇ ਰਾਮ ਨੂੰ ਬਚਪਨ ਵਿੱਚ ਪਨਾਹ ਦਿੰਦਾ ਹੈ। ਇਨ੍ਹਾਂ ਤੋਂ ਇਲਾਵਾ ਅਦਾਕਾਰਾ ਮੀਨਾ ਰਾਏ ਨੇ ਵਰਿਆਮ ਸਿੰਘ ਦੀ ਧੀ ਜੀਤਾਂ ਦਾ ਕਿਰਦਾਰ ਨਿਭਾਇਆ, ਜੋ ਕਰਤਾਰ ਸਿੰਘ ਨੂੰ ਪਸੰਦ ਕਰਦੀ ਹੈ ਤੇ ਉਸ ਨਾਲ ਵਿਆਹ ਕਰਾਉਣ ਦੇ ਸੁਪਨੇ ਸੰਜੋ ਕੇ ਰੱਖਦੀ ਹੈ। ਫ਼ਿਲਮ 'ਚ ਬੇਘਰ ਹੋਏ ਪਰਿਵਾਰ ਦੀ ਕਹਾਣੀ ਹੈ। ਅਚਲਾ ਸਚਦੇਵ ਪਰਿਵਾਰ ਵਾਲ ਖ਼ੁਸ਼ਹਾਲ ਜ਼ਿੰਦਗੀ ਜੀਅ ਰਹੀ ਹੁੰਦੀ ਹੈ। ਪਤੀ ਤੇ ਦੋ ਬੱਚਿਆਂ ਨਾਲ ਖ਼ੁਸ਼ੀ-ਖ਼ੁਸ਼ੀ ਜੀਅ ਰਹੀ ਇਸ ਮਾਂ ਦੀ ਜ਼ਿੰਦਗੀ 'ਚ ਉਦੋਂ ਹਨੇਰਾ ਪਸਰ ਜਾਂਦਾ, ਜਦੋਂ ਸ਼ਹਿਰ ਵਿੱਚ ਫ਼ਿਰਕੂ ਦੰਗੇ ਸ਼ੁਰੂ ਹੋ ਜਾਂਦੇ ਹਵ, ਜਿਸ ਵਿੱਚ ਉਸ ਦੇ ਬੱਚੇ ਵਿਛੜ ਜਾਂਦੇ ਤੇ ਪਤੀ ਮਾਰਿਆ ਜਾਂਦਾ। ਦੁੱਖਾਂ ਦੀ ਮਾਰੀ ਅਚਲਾ ਸਚਦੇਵ ਨੂੰ ਸਿਰਫ਼ ਵਾਹਿਗੁਰੂ ਦਾ ਹੀ ਸਹਾਰਾ ਹੁੰਦਾ। ਫ਼ਿਲਮ 'ਚ ਦਿਖਾਇਆ ਗਿਆ ਕਿ ਭਾਵੇਂ ਸਾਡੇ 'ਤੇ ਲੱਖਾਂ ਮੁਸੀਬਤਾਂ ਆਉਣ ਪਰ ਗੁਰੂ ਵੱਲੋਂ ਵਿਖਾਏ ਮਾਰਗ ਤੋਂ ਕਦੇ ਨਹੀਂ ਭਟਕਣਾ ਚਾਹੀਦਾ। ਬਿਹਤਰੀਨ ਕਹਾਣੀ, ਸੰਵਾਦ, ਗੀਤ-ਸੰਗੀਤ ਨਾਲ ਸ਼ਿੰਗਾਰੀ ਆਪਣੇ ਸਮੇਂ ਦੀ ਸਿੱਖਿਆਦਾਇਕ ਫ਼ਿਲਮ ਹੈ।




# ਅਜੋਕੀ ਪੰਜਾਬੀ ਗਾਇਕੀ 'ਚ ਔਰਤ ਦਾ ਅਕਸ

ਡਾ. ਵਿਸ਼ਾਲ ਕੁਮਾਰ

ਅੱਜ ਔਰਤ ਸਾਡੇ ਸਮਾਜ 'ਚ ਬੜੀ ਤੇਜ਼ੀ ਨਾਲ ਉੱਚ ਦਰਜੇ ਦੀ ਧਾਰਨੀ ਬਣ ਰਹੀ ਹੈ। ਸਮਾਜਿਕ ਅਧਿਕਾਰਾਂ ਪ੍ਰਤੀ ਸੁਚੇਤਗੀ ਉਸ ਨੂੰ ਮੱਧਕਾਲੀ ਸੰਵੇਦਨਾਮਈ ਔਰਤ ਨਾਲੋਂ ਵੱਖ ਕਰਦੀ ਹੈ। ਪੁਰਾਣੇ ਸਮੇਂ 'ਚ ਔਰਤ ਨੂੰ ਮਰਦ ਆਪਣੀ ਇੱਛਾ ਪੂਰਤੀ ਤੇ ਲੋੜ ਪੂਰਤੀ ਲਈ ਵਰਤਦਾ ਰਿਹਾ ਹੈ। ਆਦਿ-ਕਾਲ ਭਾਰਤੀ ਸਮਾਜ 'ਚ ਭਾਵੇਂ ਔਰਤ ਨੂੰ ਮਰਦ ਦੀ ਬਰਾਬਰੀ ਦਾ ਹੱਕ ਪ੍ਰਾਪਤ ਸੀ ਪਰ ਭਾਰਤ 'ਚ ਮੁਸਲਮਾਨਾਂ ਦੇ ਪ੍ਰਵੇਸ਼ ਨਾਲ ਹੌਲੀ-ਹੌਲੀ ਉਨ੍ਹਾਂ ਦਾ ਸਨਮਾਨ ਘਟਦਾ ਗਿਆ। ਸ਼ਾਇਦ ਇਸੇ ਲਈ ਸੰਸਕ੍ਰਿਤ ਤੇ ਹਿੰਦੀ ਵਿੱਚ 'ਨਰ' ਦੀ ਬਰਾਬਰਤਾ ਦਾ ਜਿਹੜਾ ਸੂਚਕ ਸ਼ਬਦ 'ਨਾਰੀ' ਵਰਤਿਆ ਜਾਂਦਾ ਸੀ, ਉਹ ਮੁਸਲਮਾਨਾਂ ਦੇ ਆਉਣ ਨਾਲ 'ਔਰਤ' ਜਾਂ ਅਉਰਤ' ਵਿੱਚ ਤਬਦੀਲ ਹੋ ਗਿਆ, ਜਿਸ ਦਾ ਅਰਥ ਭਾਈ ਕਾਹਨ ਸਿੰਘ ਨਾਭਾ ਅਨੁਸਾਰ ਹੈ, 'ਲੁਕਾ ਕੇ ਰੱਖਣ ਲਾਇਕ ਵਸਤੂ'। ਇਹ ਸ਼ਾਬਦਿਕ ਤਬਦੀਲੀ ਔਰਤ ਦੀ ਸਮਾਜਿਕ ਸਥਿਤੀ ਵਿੱਚ ਆਏ ਬਦਲਾਅ ਨੂੰ ਵੀ ਦਰਸਾਉਂਦੀ ਹੈ।

ਅਫ਼ਸੋਸਨਾਕ ਗੱਲ ਹੈ ਕਿ ਅਜੋਕੀ ਪੰਜਾਬੀ ਗਾਇਕੀ 'ਚ ਔਰਤ ਬੜੀ ਨਿਘਾਰਮਈ ਸਥਿਤੀ 'ਚ ਪੇਸ਼ ਹੋ ਰਹੀ ਹੈ। ਸਮਾਜਿਕ ਰੂਪ ਵਿੱਚ ਇਸਤਰੀ ਭਾਵੇਂ ਮਾਂ, ਭੈਣ, ਪਤਨੀ, ਧੀ, ਚਾਚੀ, ਤਾਈ, ਮਾਸੀ, ਦਾਦੀ, ਨਾਨੀ ਆਦਿ ਰੂਪਾਂ ਵਿੱਚ ਹੁੰਦੀ ਹੈ ਤੇ ਆਪਣੇ ਵੱਖ-ਵੱਖ ਰੂਪਾਂ 'ਚ ਪਰਿਵਾਰ ਅਤੇ ਸਮਾਜ ਨੂੰ ਥੰਮਣ ਦਾ ਕਾਰਜ ਬੜੇ ਸੁਯੋਗ ਤੇ ਸੁਚੱਜੇ ਢੰਗ ਨਾਲ ਨਿਭਾਉਂਦੀ ਹੈ ਪਰ ਅੱਜ-ਕੱਲ੍ਹ ਦੀ ਪੰਜਾਬੀ ਗਾਇਕੀ ਵਿੱਚ ਉਸ ਦਾ ਕੇਵਲ ਪ੍ਰੇਮਿਕਾ ਵਾਲਾ ਰੂਪ ਹੀ ਵੇਖਣ ਨੂੰ ਮਿਲਦਾ ਹੈ। ਪੰਜਾਬੀ ਗਾਇਕੀ ਦੇ ਵਰਤਮਾਨ 'ਚ ਵਿਖਾਇਆ ਜਾਣ ਵਾਲਾ ਨਾਰੀ ਦਾ ਇਹ ਰੂਪ ਹਵਸ ਤੇ ਅਸ਼ਲੀਲਤਾ ਨਾਲ ਲਬਰੇਜ਼ ਵਿਖਾਇਆ ਜਾਂਦਾ ਹੈ। ਇਸ ਦਾ ਪ੍ਰਮਾਣ ਅਜੋਕੇ ਕਈ ਪੰਜਾਬੀ ਗੀਤਾਂ ਵਿਚਲੇ ਬੋਲਾਂ ਤੋਂ ਮਿਲ ਜਾਂਦਾ ਹੈ। ਗੀਤਕਾਰ ਤੇ ਗਾਇਕ ਉਸ ਦੀ ਸਰੀਰਕ ਸੁੰਦਰਤਾ ਤੇ ਸਰੀਰ ਦੇ ਵੱਖ-ਵੱਖ ਅੰਗਾਂ ਦਾ ਮਾਪ ਦੱਸਦਿਆਂ ਆਪਣੇ ਸ਼ਾਬਦਿਕ ਵਰਣਨ ਰਾਹੀਂ ਉਸ ਨੂੰ ਕੇਵਲ ਮਾਤਰ ਦਿਖਾਵੇ ਦੀ



ਵਸਤੂ ਬਣਾ ਕੇ ਪੇਸ਼ ਕਰਦੇ ਹਨ। ਵਧੇਰੇ ਕਰਕੇ ਪੰਜਾਬੀ ਗੀਤਾਂ 'ਚ ਔਰਤ ਦੀ ਸਰੀਰਕ ਸੁੰਦਰਤਾ ਦਾ ਤਾਅਲੁਕ ਵੀ ਸਿਰਫ਼ ਉਸ ਦੇ ਲੱਕ, ਅੱਖਾਂ ਤੇ ਵੱਖ-ਵੱਖ ਸਰੀਰਕ ਅੰਗਾਂ ਦੀ ਸੁੰਦਰਤਾ ਤਕ ਸੀਮਤ ਰਹਿੰਦਾ ਹੈ। ਕਿਹਾ ਜਾ ਸਕਦਾ ਹੈ ਕਿ ਨੰਗੇਜ਼, ਪੰਜਾਬੀ ਗਾਇਕੀ ਦਾ ਅਹਿਮ ਪਹਿਲੂ ਬਣ ਚੁੱਕਿਆ ਹੈ। ਗਾਣਿਆਂ 'ਚ ਤਾਂ ਔਰਤ ਵਿਖਾਵਾ ਮਾਤਰ ਬਣ ਕੇ ਰਹਿ ਗਈ ਹੈ।

### ਨਿੰਦਾ ਭਰੀ ਸ਼ਬਦਾਵਲੀ

ਸਮਾਜਿਕ ਉਲਾਰ ਨੂੰ ਪੇਸ਼ ਕਰਦਿਆਂ ਇਹ ਗਾਇਕ ਸਮਾਜਿਕ ਰਿਸ਼ਤਿਆਂ ਨੂੰ ਵੀ ਬਦਨਾਮ ਕਰਨ ਤੋਂ ਪਿੱਛੇ ਨਹੀਂ ਹਟਦੇ। ਇਹ ਗਾਇਕ ਮਾਡਲ ਕੁੜੀ ਲਈ ਰਕਾਣ, ਵੈਲਣ, ਪਟੋਲਾ, ਫੱਤੋ, ਸੈਂਪਲ, ਟੋਟਾ, ਯੈਂਕਣ ਅਤੇ ਪਤਾ ਨਹੀਂ ਹੋਰ ਕਿਹੜੇ-ਕਿਹੜੇ ਅਪਸ਼ਬਦ ਵਰਤਦੇ ਹਨ। ਔਰਤ ਨੂੰ ਭੰਡਣ ਵੇਲੇ ਇਹ ਗਾਇਕ 'ਜਣੇ-ਖਣੇ ਨੂੰ ਯਾਰ ਬਣਾਈ ਫਿਰਦੀ', ਜਿੰਨੇ ਗੱਲ ਦੀ ਗਾਨੀ ਦੇ ਮਣਕੇ, ਨੀ ਓਨੇ ਤੇਰੇ ਯਾਰ ਵੈਰਨੇ ਆਦਿ ਤੁਕਾਂ ਵਰਤ ਕੇ ਸਮੁੱਚੀ ਔਰਤ ਜਾਤੀ ਨੂੰ ਨਿੰਦਿਆ ਦਾ ਪਾਤਰ ਬਣਾ ਦਿੰਦੇ ਹਨ। ਗਾਇਕ ਜਦੋਂ ਇਹ ਆਖਦਾ ਹੈ ਕਿ 'ਸਾਡੀ ਮਾਂ ਨੂੰ ਪੁੱਤ ਨੀ ਲੱਭਣੇ' ਤਾਂ ਇੱਕ ਪਾਸੇ ਤਾਂ ਉਹ ਪੁੱਤਰ ਧਰਮ ਨਿਭਾਉਣ ਦਾ ਅਖੌਤੀ ਵਿਖਾਵਾ ਕਰਦਾ ਹੈ ਅਤੇ ਨਾਲ ਹੀ ਦੂਜੇ ਪਾਸੇ ਉਹ ਇੱਕ ਇੱਕ ਔਰਤ ਦੀ ਕਿਰਦਾਰਕੁਸ਼ੀ ਕਰਦਿਆਂ 'ਤੈਨੂੰ ਯਾਰ ਬਥੇਰੇ' ਵੀ ਆਖਦਾ ਹੈ। ਔਰਤ ਦੇ ਅਕਸ ਨੂੰ ਢਾਹ ਲਾਉਣ ਵਾਲਾ ਇਹ ਬਖਾਣ ਵਰਤਮਾਨਕ ਪੰਜਾਬੀ ਸਮਾਜ ਨੂੰ ਵੀ ਕਲੰਕਿਤ ਕਰ ਰਿਹਾ ਹੈ। ਇਸ ਮਾਨਸਿਕ ਅਸੰਤੁਲਨ ਦੀ ਹੱਦ ਤਾਂ ਉਦੋਂ ਹੋ ਜਾਂਦੀ ਹੈ, ਜਦੋਂ ਪੰਜਾਬੀ ਗਾਣਿਆਂ ਵਿੱਚ ਮਾਡਲ ਕੁੜੀ ਨੂੰ ਸਿਗਰਟ, ਸ਼ਰਾਬ ਦਾ ਸੇਵਨ ਕਰਦਿਆਂ ਦਿਖਾਇਆ ਜਾਂਦਾ ਹੈ ਅਤੇ ਗਾਇਕ 'ਪੀ-ਪੀ ਵਿਸਕੀ ਕੁੜੀ ਦਾ ਰੰਗ ਲਾਲ ਹੋ ਗਿਆ' ਵਰਗੇ ਬੋਲਾਂ ਨਾਲ ਆਮ ਲੋਕਾਂ ਨੂੰ ਭਰਮਾਉਂਦਾ ਹੈ। ਇਹ ਗਾਇਕ ਆਪਣੇ ਗਾਣਿਆਂ ਰਾਹੀਂ ਇਸਤਰੀ ਨੂੰ ਬਹੁ-ਮੰਤਵੀ ਪੇਸ਼ ਕਰਦਿਆਂ (ਉਸ ਦੀਆਂ ਮਜਬੂਰੀਆਂ ਨੂੰ ਅੱਖੋਂ ਓਹਲੇ ਕਰ ਕੇ) 'ਕਬੂਤਰੀ' ਆਖ ਕੇ ਇਸ ਤਰ੍ਹਾਂ ਪੇਸ਼ ਕਰਦੇ ਹਨ, ਜਿਵੇਂ ਉਨ੍ਹਾਂ ਦੇ ਰਿਸ਼ਤੇ ਵਿੱਚ ਆਉਣ ਵਾਲੀਆਂ ਸਾਰੀਆਂ ਅੜਚਨਾਂ ਲਈ ਸਾਰਾ ਦੋਸ਼ ਕੇਵਲ ਉਸ ਦਾ ਹੀ ਹੈ। ਉਹ ਆਪਣੇ ਅਸਫਲ ਪਿਆਰ ਦਾ ਸਾਰਾ ਦੋਸ਼ ਇਸਤਰੀ 'ਤੇ ਮੜ੍ਹਦਿਆਂ ਇਹ ਸਾਬਿਤ ਕਰਨ 'ਚ ਵੀ ਕੋਈ ਕਸਰ ਨਹੀਂ ਛੱਡਦਾ ਕਿ ਉਹ ਮਨਮਰਜ਼ੀ ਨਾਲ ਕਿਸੇ ਹੋਰ ਨਾਲ ਵਿਆਹ ਕਰਵਾ ਰਹੀ ਹੈ ਤੇ ਇਸ ਦਾ ਅਸਲ ਕਾਰਨ ਆਰਥਿਕ ਵਸੀਲੇ ਹਨ।

### ਗਲਤ ਤਰੀਕੇ ਨਾਲ ਔਰਤ ਦਾ ਚਿਤਰਣ

ਵਰਤਮਾਨਕ ਪੰਜਾਬੀ ਗਾਇਕੀ 'ਚ ਪੇਸ਼ ਹੋ ਰਹੀ ਔਰਤ ਦੀ ਇਹ ਕੁਹਜੀ ਤਸਵੀਰ ਸਮਾਜਿਕ ਦੁਰਵਿਹਾਰ ਪੈਦਾ ਕਰਨ ਵਾਲੀ ਹੈ। ਸਮਾਜ 'ਚ ਔਰਤ ਨੂੰ ਪੂਜ ਮੰਨਦਿਆਂ ਹਰ ਧਰਮ ਤੇ ਵਰਗ ਇਸ ਦੀ ਸ਼ਾਲੀਨਤਾ ਤੇ ਉੱਚਤਾ ਕਾਰਨ ਉਸ ਨੂੰ ਉੱਚ ਦਰਜੇ ਦਾ ਧਾਰਨੀ ਮੰਨਦਾ ਹੈ। ਹਿੰਦੂ ਧਰਮ 'ਚ ਕੰਜਕ ਪੂਜਣ ਤੇ ਦੇਵੀ ਪੂਜਣ ਰਾਹੀਂ ਇਸ ਨੂੰ ਮੁਖਾਤਿਬ ਹੋਇਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਤਾਂ 'ਸੋ ਕਿਉਂ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨੁ' ਕਹਿ ਕੇ ਔਰਤ ਦੀ ਮਹਿਮਾ ਨੂੰ ਵਡਿਆਉਂਦੇ ਹਨ। ਕਿਹਾ ਜਾਂਦਾ ਹੈ ਕਿ ਬਾਬਾ ਫ਼ਰੀਦ ਜੀ ਦੇ ਮਹਾਨ ਸੂਫੀ ਅਤੇ ਵਿਸ਼ਵ ਪ੍ਰਸਿੱਧ ਦਾਰਸ਼ਨਿਕ ਬਣਨ ਪਿੱਛੇ ਉਨ੍ਹਾਂ ਦੀ ਮਾਤਾ 'ਮਰੀਅਮ' ਦਾ ਅਹਿਮ ਰੋਲ ਸੀ।

(ਬਾਕੀ ਸਫ਼ਾ 31 'ਤੇ)

## ਕੰਮਕਾਜੀ ਥਾਵਾਂ 'ਤੇ ਔਰਤਾਂ ਦਾ ਸ਼ੋਸ਼ਣ

ਉਹ ਕਿਸ ਮਾਨਸਿਕ ਪੀੜਾ ਵਿੱਚੋਂ ਲੰਘਦੇ ਹਨ, ਇਹ ਦਰਦ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਇਨਸਾਫ ਵਿੱਚ ਦੇਰੀ ਅਸਲ ਵਿੱਚ ਇਨਸਾਫ ਮੁਹਈਆ ਕਰਨ ਤੋਂ ਇਨਕਾਰੀ ਹੋਣਾ ਹੀ ਹੋ ਨਿੱਬੜਦੀ ਹੈ।

ਦਸੰਬਰ 2012 ਵਿੱਚ ਅੱਜ ਤੋਂ 12 ਸਾਲ ਪਹਿਲਾਂ ਦਿੱਲੀ ਵਿੱਚ 6 ਦਰਿੰਦਿਆਂ ਨੇ ਡਾਕਟਰ ਕੁੜੀ ਨਾਲ ਚਲਦੀ ਬੱਸ ਵਿੱਚ ਇਸੇ ਪ੍ਰਕਾਰ ਦੀ ਵਹਿਸ਼ੀਆਨਾ ਕਰਤੂਤ ਕੀਤੀ ਤੇ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ ਵਿੱਚ ਉਸ ਨੂੰ ਸੜਕ ਉੱਪਰ ਸੁੱਟ ਕੇ ਚਲੇ ਗਏ ਸਨ। ਇਸ ਵਾਰਦਾਤ ਨੇ ਆਲਮੀ ਪੱਧਰ 'ਤੇ ਹਲਚਲ ਮਚਾ ਦਿੱਤੀ ਸੀ ਤੇ ਲਗਦਾ ਸੀ ਕਿ ਭਾਰਤ ਵਿੱਚ ਔਰਤਾਂ ਦੀ ਸੁਰੱਖਿਆ ਨਾਮ ਦੀ ਕੋਈ ਸ਼ੈਅ ਨਹੀਂ। ਇਸ ਦਰਦਨਾਕ ਘਟਨਾ, (ਜਿਸ ਨੂੰ ਨਿਰਭਿਆ ਕਤਲ ਕਾਂਡ ਦਾ ਨਾਮ ਦਿੱਤਾ ਗਿਆ) ਤੋਂ ਬਾਅਦ ਕੰਮ ਕਾਜੀ ਥਾਵਾਂ 'ਤੇ ਔਰਤਾਂ ਪ੍ਰਤੀ ਹੁੰਦੀਆਂ ਹਿੰਸਕ ਘਟਨਾਵਾਂ ਨੂੰ ਰੋਕਣ ਵਾਸਤੇ 2013 ਵਿੱਚ ਕਾਨੂੰਨ ਬਣਾਇਆ ਗਿਆ, ਜਿਸਦਾ ਮੁੱਖ ਮੰਤਵ ਔਰਤਾਂ ਲਈ ਸੁਰੱਖਿਅਤ ਕੰਮਕਾਜੀ ਮਾਹੌਲ ਯਕੀਨੀ ਬਣਾਉਣਾ ਸੀ। ਪ੍ਰੰਤੂ ਇਸ ਸਭ ਕੁਝ ਦੇ ਬਾਅਦ ਵੀ ਇਹੋ ਜਿਹੀਆਂ ਘਟਨਾਵਾਂ ਦੇ ਵਾਪਰਨ ਨੂੰ ਕੋਈ ਠੱਲ੍ਹ ਪਈ ਹੈ? ਨੈਸ਼ਨਲ ਕ੍ਰਾਈਮ ਰਿਪੋਰਟ ਬਿਉਰੋ 2023 ਅਨੁਸਾਰ ਔਰਤਾਂ ਵਿਰੁੱਧ ਹਿੰਸਕ ਘਟਨਾਵਾਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ 4% ਦਾ ਵਾਧਾ ਰਿਕਾਰਡ ਕੀਤਾ ਗਿਆ। 2020 ਵਿੱਚ 3,71,503 ਕੇਸ ਦਰਜ ਕੀਤੇ ਗਏ। 2021 ਵਿੱਚ 4,28,278 ਤੋਂ ਵਧ ਕੇ 2022 ਵਿੱਚ ਇਹਨਾਂ ਦੀ ਗਿਣਤੀ 4,45,256 ਹੋ ਗਈ। ਇਨ੍ਹਾਂ ਵਿੱਚ ਮੁੱਖ ਤੌਰ 'ਤੇ ਘਰੇਲੂ ਹਿੰਸਾ, ਅਗਵਾ ਕਰਨਾ ਜਾਂ ਉਧਾਲਣਾ, ਰਾਹ ਜਾਂਦੀਆਂ ਔਰਤਾਂ ਉੱਪਰ ਕਾਤਲਾਨਾ ਹਮਲੇ ਕਰਨੇ ਤੇ ਬਲਾਤਕਾਰ ਆਦਿ ਜਿਹੇ ਘਿਨਾਉਣੇ ਅਪਰਾਧ ਸ਼ਾਮਿਲ ਹਨ। ਇਹ ਅੰਕੜੇ ਸਰਕਾਰ, ਕਾਨੂੰਨ ਬਣਾਉਣ ਵਾਲੇ 'ਤੇ ਕਾਨੂੰਨ ਲਾਗੂ ਕਰਨ ਵਾਲੇ ਅਤੇ ਇਨਸਾਫ ਕਰਨ ਵਾਲਿਆਂ ਦੀ ਨਿਕੰਮੀ ਤੇ ਮਾੜੀ ਕਾਰਗੁਜ਼ਾਰੀ ਦੀ ਤਰਫ਼ ਇਸ਼ਾਰਾ ਕਰਦੇ ਹਨ। ਜੇਕਰ ਗਿਆਨ ਪ੍ਰਦਾਨ ਕਰਨ ਵਾਲੇ ਵਿੱਦਿਅਕ ਅਦਾਰੇ ਅਤੇ ਹਸਪਤਾਲ ਜਾਂ ਮੈਡੀਕਲ ਕਾਲਜ ਵਿੱਚ ਦੂਜਿਆਂ ਦੀ ਜਾਨ ਬਚਾਉਣ ਵਾਲੇ ਡਾਕਟਰ, ਨਰਸਾਂ, ਮੈਡੀਕਲ/ਪੈਰਾ ਮੈਡੀਕਲ ਸਟਾਫ ਸੁਰੱਖਿਅਤ ਨਹੀਂ ਤਾਂ ਸਪਸ਼ਟ ਹੈ ਕਿ ਸਮਾਜ ਨੈਤਿਕ ਕਦਰਾਂ ਕੀਮਤਾਂ ਦੇ ਪੱਖੋਂ ਨਿਘਾਰ ਦੀ ਕਿਸੇ ਡੂੰਘੀ ਖਾਈ ਵਿੱਚ ਡਿਗ ਚੁੱਕਾ ਹੈ।

ਬ੍ਰਿਟਿਸ਼ ਸੇਫਟੀ ਕੌਂਸਲ ਅਨੁਸਾਰ ਭਾਰਤ ਵਿੱਚ ਕੇਵਲ 20% ਕਰਮਚਾਰੀ ਸਿਹਤ ਅਤੇ ਹਿਫਾਜ਼ਤ ਦੇ ਕਵਰ/ਕਵਚ ਅਧੀਨ ਹਨ। ਬਾਕੀ 80% ਹਮੇਸ਼ਾ ਹੀ ਅਣਸੁਰੱਖਿਅਤ ਵਾਤਾਵਰਣ ਅਤੇ ਹਾਲਾਤ ਵਿੱਚ ਕੰਮ ਕਰਦੇ ਹਨ। ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਅਨੁਸਾਰ ਭਾਰਤ ਵਿੱਚ ਕੇਵਲ 21% ਫੈਕਟਰੀਆਂ ਹਨ ਜਿੱਥੇ ਮਰਦ ਔਰਤਾਂ ਲਈ ਵੱਖ ਵੱਖ ਪਖਾਨੇ/ਟਾਇਲਟ ਹਨ। ਔਰਤਾਂ ਦੀਆਂ ਸਿਹਤ ਸਫਾਈ ਦੀਆਂ ਖਾਸ ਤੇ ਵੱਖਰੀਆਂ ਸਹੂਲਤਾਂ ਦਾ ਕੋਈ ਧਿਆਨ ਨਹੀਂ ਰੱਖਿਆ ਜਾਂਦਾ। ਕੰਮ ਦੇ ਬਦਲੇ ਸ਼ੋਸ਼ਣ ਜਾਂ ਰੁਜ਼ਗਾਰ ਪ੍ਰਾਪਤੀ ਦੇ ਇਵਜ਼ ਵਜੋਂ ਉੱਚ ਅਧਿਕਾਰੀਆਂ ਲਈ ਜਿਸਮ ਸਮਰਪਣ ਨੂੰ ਹਥਿਆਰ ਵਾਂਗ ਵਰਤਿਆ ਜਾਣ ਲੱਗਿਆ ਹੈ। ਵਿੱਦਿਅਕ ਅਦਾਰੇ, ਮੈਡੀਕਲ ਕਾਲਜ, ਹਸਪਤਾਲ, ਪ੍ਰਾਈਵੇਟ ਕੰਪਨੀਆਂ, ਦਫਤਰ ਜਾਂ ਫਿਲਮੀ ਉਦਯੋਗ, ਕੋਈ ਵੀ ਅਦਾਰਾ ਅਜਿਹਾ ਨਹੀਂ ਜਿੱਥੇ ਔਰਤ ਆਪਣੇ ਆਪ ਨੂੰ ਸੁਰੱਖਿਅਤ ਸਮਝਦੀ ਹੋਵੇ। ਕੇਰਲਾ ਵਿੱਚ ਕੋਚੀ ਨੇੜੇ ਫਿਲਮੀ ਉਦਯੋਗ ਦੀ ਇੱਕ ਔਰਤ ਕਲਾਕਾਰ ਨੂੰ ਅਗਵਾ ਕਰਕੇ ਚਲਦੀ ਕਾਰ ਵਿੱਚ ਉਸਦਾ ਬਲਾਤਕਾਰ ਕੀਤਾ ਗਿਆ। ਇੱਕ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਜਿਸਨੇ 2017 ਵਿੱਚ ਕੇਰਲਾ ਸਰਕਾਰ ਨੂੰ ਰਿਪੋਰਟ ਸੌਂਪੀ। ਉਹਨਾਂ ਦੱਸਿਆ ਕਿ ਮਲਿਆਲਮ ਫਿਲਮਾਂ ਦੇ ਇਸ ਉਦਯੋਗ ਵਿੱਚ ਜਿਨਸੀ ਸ਼ੋਸ਼ਣ ਅਤੇ ਪਰੇਸ਼ਾਨੀ ਦੇ ਕੇਸ ਆਮ ਹੀ ਹਨ। ਇਹੋ ਜਿਹੇ ਕੰਮਾਂ ਵਿੱਚ ਪ੍ਰੋਡਿਊਸਰ, ਡਾਇਰੈਕਟਰ ਆਦਿ ਸਭ ਰਲੇ ਹੁੰਦੇ ਹਨ। ਔਰਤ ਕਲਾਕਾਰਾਂ ਲਈ ਕੋਈ ਸਾਫ ਸੁਥਰਾ ਬਾਥਰੂਮ ਜਾਂ ਡਰੈੱਸ ਬਦਲਣ ਵਾਸਤੇ ਵੱਖਰੇ ਕਮਰਿਆਂ ਵਰਗੀਆਂ ਸਹੂਲਤਾਂ ਨਾ ਮਾਤਰ ਹੀ ਉਪਲਬਧ ਹਨ।

ਕੰਮਕਾਜੀ ਥਾਵਾਂ ਉੱਪਰ ਔਰਤਾਂ ਦੀ ਸੁਰੱਖਿਆ ਖਾਸ ਗੰਭੀਰਤਾ ਦਾ ਵਿਸ਼ਾ ਹੈ, ਜਿਹੜਾ ਤੁਰੰਤ ਕਾਰਵਾਈ/ਨੀਤੀ ਦੀ ਮੰਗ ਕਰਦਾ ਹੈ। ਮੌਜੂਦਾ ਕਾਨੂੰਨ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਨਹੀਂ ਹੁੰਦੇ ਅਤੇ ਔਰਤਾਂ ਨੂੰ ਇਨਸਾਫ ਇਸ ਲਈ ਨਹੀਂ ਮਿਲਦਾ ਕਿਉਂਕਿ ਉੱਚ ਅਹੁਦਿਆਂ 'ਤੇ ਬੈਠੇ ਕੁਝ ਅਧਿਕਾਰੀ ਇਸ ਘਿਨਾਉਣੇ ਅਪਰਾਧ ਵਿੱਚ ਹਿੱਸੇਦਾਰ ਹੁੰਦੇ ਹਨ। ਇਸ ਵਿੱਚ ਰਾਜਨੀਤੀ, ਰਾਜਨੀਤਿਕ ਪਾਰਟੀ, ਭਾਈ ਭਤੀਜਾਵਾਦ ਆੜ੍ਹੇ ਨਹੀਂ ਆਉਣਾ ਚਾਹੀਦਾ।

ਭਾਰਤ ਵਿੱਚ ਇਸ ਵੇਲੇ ਹਾਕਮ ਪਾਰਟੀ ਦੇ 40 ਦੇ ਕਰੀਬ ਸੰਸਦ ਮੈਂਬਰ ਇਹੋ ਜਿਹੇ ਹਨ ਜਿਨ੍ਹਾਂ ਵਿਰੁੱਧ ਬਲਾਤਕਾਰੀ ਹੋਣ ਦੇ ਦੋਸ਼ ਹਨ। ਕੇਵਲ ਬੇਟੀ ਬਚਾਓ, ਬੇਟੀ ਪੜ੍ਹਾਓ ਦੇ ਨਾਅਰੇ ਮਾਤਰ ਲਗਾ ਦੇਣ ਨਾਲ ਬੇਟੀ ਸੁਰੱਖਿਅਤ ਨਹੀਂ ਹੋ ਜਾਂਦੀ। ਜਦੋਂ ਤਕ ਧੀਆਂ, ਭੈਣਾਂ ਪ੍ਰਤੀ ਮਾੜੀ ਸੋਚ ਨਹੀਂ ਬਦਲਦੀ, ਮਰਦ ਔਰਤ ਨੂੰ ਬਰਾਬਰ ਨਹੀਂ ਸਮਝਿਆ ਜਾਂਦਾ, ਮਸਲੇ ਦਾ ਹੱਲ ਨਹੀਂ ਹੋਣਾ। ਬੰਗਾਲ ਦੀ ਮਮਤਾ ਬੈਨਰਜੀ ਦੀ ਸਰਕਾਰ ਨੇ ਜਿਨਸੀ ਸ਼ੋਸ਼ਣ ਦੇ ਅਪਰਾਧੀਆਂ ਲਈ ਮੌਤ ਦੀ ਸਜ਼ਾ ਦਾ ਕਾਨੂੰਨ ਪਾਸ ਕਰਨ ਦੀ ਮੰਗ ਕੀਤੀ ਹੈ। ਪਰ ਇਸ ਤੋਂ ਪਹਿਲਾਂ ਇਹ ਵੀ ਜ਼ਰੂਰੀ ਹੈ ਕਿ ਅਪਰਾਧੀਆਂ ਅਤੇ ਕੁਕਰਮ ਕਰਨ ਵਾਲਿਆਂ ਅਤੇ ਉਨ੍ਹਾਂ ਦੀ ਗਿਣਤੀ ਦਾ ਪੱਕਾ ਸਬੂਤ ਵੀ ਹੋਵੇ। ਸਮੂਹਿਕ ਜਬਰ ਜਨਾਹ ਲਈ ਕਿਸੇ ਇੱਕ ਵਿਅਕਤੀ ਨੂੰ ਦੋਸ਼ੀ ਠਹਿਰਾ ਕੇ ਸਜ਼ਾ ਦੇਣਾ, ਸਬੂਤਾਂ ਅਤੇ ਗਵਾਹਾਂ ਦੀ ਅਣਹੋਂਦ ਕਾਰਨ ਮੁਕੱਦਮਾ ਲਟਕਾਈ ਰੱਖਣਾ, 12 ਸਾਲਾਂ ਬਾਅਦ ਸਜ਼ਾ ਸੁਣਾਉਣਾ ਤੇ ਸਜ਼ਾ ਦੌਰਾਨ ਦੋਸ਼ੀਆਂ ਦੇ (ਅਖੌਤੀ) ਚੰਗੇ ਵਰਤਾਵ ਤੇ ਵਿਵਹਾਰ ਕਾਰਨ ਉਹਨਾਂ ਦੀ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਹੀ ਰਿਹਾ ਕਰ ਦੇਣਾ ਅਤੇ ਬਾਹਰ ਆਉਣ 'ਤੇ ਕੁਝ ਕਰਿੰਦਿਆਂ ਵੱਲੋਂ ਉਹਨਾਂ ਦਾ ਸਵਾਗਤ ਕਰਨਾ, (ਬਿਲਕਿਸ ਬਾਨੋ ਕੇਸ, ਗੁਜਰਾਤ) ਸਜ਼ਾ ਕੱਟ ਰਹੇ ਦੋਸ਼ੀਆਂ ਨੂੰ ਸਮੇਂ ਸਮੇਂ ਪੈਰੋਲ 'ਤੇ ਛੱਡਣਾ, (ਰਾਮ ਰਹੀਮ ਸਿੰਘ ਕੇਸ, ਸਿਰਸਾ), ਹਾਲ ਦੁਹਾਈ ਪਾਉਣ ਦੇ ਬਾਵਜੂਦ ਦੋਸ਼ੀ ਖ਼ਿਲਾਫ਼ ਪਰਚਾ ਦਰਜ ਕਰਨ ਵਿੱਚ ਦੇਰੀ (ਹਰਿਆਣਾ ਦੀਆਂ ਪਹਿਲਵਾਨ ਕੁੜੀਆਂ ਦਾ ਕੇਸ), ਇਹ ਸਾਰਾ ਕੁਝ ਪੀੜਤ ਔਰਤ ਦੀ ਮਾਨਸਿਕ ਪੀੜਾ ਨੂੰ ਘਟਾਉਣ ਦੀ ਬਜਾਏ ਹੋਰ ਵਧਾਉਂਦਾ ਹੈ। ਭਾਵੇਂ ਕੰਮ ਕਾਜੀ ਥਾਵਾਂ 'ਤੇ ਔਰਤਾਂ ਲਈ ਸ਼ਿਕਾਇਤ ਨਿਵਾਰਨ ਸੈੱਲ ਬਣੇ ਹੋਏ ਹਨ ਪਰ ਉਹਨਾਂ ਕੋਲ ਵੀ ਜਦੋਂ ਕੋਈ ਸ਼ਿਕਾਇਤ ਪਹੁੰਚਦੀ ਹੈ ਤਾਂ ਉਹ ਵੀ ਤੁਰੰਤ ਐਕਸ਼ਨ ਲੈਣ ਦੀ ਥਾਂ ਜਾਂਚ-ਪੜਤਾਲ ਲਈ ਕਮੇਟੀ ਦਾ ਗਠਨ ਹੀ ਕਰਦੇ ਹਨ। ਪੁਲਿਸ ਵਿਭਾਗ ਨੇ ਔਰਤਾਂ ਦੇ ਸੁਰੱਖਿਆ ਵਾਸਤੇ ਸਪੈਸ਼ਲ ਨੰਬਰ ਜਾਰੀ ਕੀਤੇ ਹੋਏ ਹਨ, ਜਿਸ ਵਿੱਚ ਉਹ ਕੰਮ 'ਤੇ ਜਾਣ ਜਾਂ ਵਾਪਸ ਪਰਤਦੇ ਹੋਏ ਰਸਤੇ ਵਿੱਚ ਕਿਸੇ ਅਣਸੁਖਾਵੀਂ ਘਟਨਾ ਦੇ ਵਾਪਰਨ ਨੂੰ ਭਾਂਪਦੇ ਹੋਏ ਫੋਨ ਦਾ ਇਸਤੇਮਾਲ ਕਰ ਸਕਦੀ ਹੈ ਪਰ ਜਦੋਂ ਤਕ ਉੱਥੇ ਪੁਲਿਸ ਪਹੁੰਚਦੀ ਹੈ, ਭਾਣਾ ਵਰਤ ਚੁੱਕਿਆ ਹੁੰਦਾ ਹੈ।

ਇਸ ਸਾਰੇ ਕੁਝ ਦਾ ਇਹ ਅਰਥ ਨਹੀਂ ਕਿ ਔਰਤ ਸਭ ਕੁਝ ਛੱਡ ਛਡਾ ਕੇ ਘਰ ਬੈਠ ਜਾਵੇ। ਕੰਮ ਦੁਆਰਾ ਆਪਣੀ ਉਪਜੀਵਕਾ ਕਮਾਉਣ ਦੇ ਅਧਿਕਾਰ ਨੂੰ ਛੱਡਣਾ ਸਮੱਸਿਆ ਦਾ ਹੱਲ ਨਹੀਂ ਤੇ ਨਾ ਹੀ ਕਿਸੇ ਬਾਹਰੀ ਸਰੋਤ ਉੱਪਰ ਆਸ ਰੱਖਣੀ ਇਸ ਸਮੇਂ ਕੋਈ ਸਿਆਣਪ ਹੈ। ਜ਼ਰੂਰਤ ਹੈ ਆਪਣੇ ਮੂਲ ਨੂੰ ਪਛਾਨਣ ਦੀ, ਆਪਣੇ ਆਪ ਨੂੰ ਅਬਲਾ ਤੋਂ ਸਬਲਾ ਤੇ ਸਮਰੱਥ ਬਣਾਉਣ ਦੀ, ਸਮਾਜਿਕ, ਮਾਨਸਿਕ ਅਤੇ ਸਰੀਰਕ ਤੌਰ 'ਤੇ ਤੰਦਰੁਸਤ ਹੋਣ ਦੀ। ਅਤੇ ਸਭ ਤੋਂ ਵਧੇਰੇ ਆਤਮ ਵਿਸ਼ਵਾਸ ਤੇ ਦ੍ਰਿੜ੍ਹ ਇਰਾਦੇ ਵਾਲੀ ਹੋਣ ਦੀ। ਹਨੇਰੇ ਸਵੇਰੇ ਜਾਂ ਅਸਧਾਰਨ ਸਥਿਤੀ ਵਿੱਚ ਜੇਕਰ ਕੰਮ ਜਾਂ ਡਿਊਟੀ ਕਰਨੀ ਪੈਂਦੀ ਹੈ ਤਾਂ ਸਵੈ-ਰੱਖਿਆ ਵਾਸਤੇ ਉਪਾਅ ਕਰਕੇ ਰੱਖੋ। ਕੰਮਕਾਜੀ ਥਾਵਾਂ ਉੱਪਰ ਜਿਣਸੀ ਸ਼ੋਸ਼ਣ, ਛੇੜਛਾੜ ਤੇ ਮਾਨਸਿਕ ਤੌਰ 'ਤੇ ਔਰਤਾਂ ਨੂੰ ਪਰੇਸ਼ਾਨ ਕਰਨ ਵਾਲੀਆਂ ਕਰਤੂਤਾਂ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵੀ ਕਰਾਰ ਦਿੱਤਾ ਗਿਆ ਹੈ। ਇਸ ਸੰਬੰਧ ਵਿੱਚ ਸੁਪਰੀਮ ਕੋਰਟ ਨੇ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਹੁਕਮ ਦਿੱਤੇ ਹਨ ਕਿ ਉਹ ਡਾਕਟਰਾਂ ਸਮੇਤ ਹੋਰ ਸਾਰੀਆਂ ਕੰਮਕਾਜੀ ਔਰਤਾਂ ਦੀ ਸੁਰੱਖਿਆ ਨੂੰ ਸੰਸਥਾਗਤ ਰੂਪ ਦੇਣ ਲਈ ਫੌਰੀ ਤੇ ਕੋਈ ਠੋਸ ਕਾਰਵਾਈ ਕਰਨ। ਇਸਦੇ ਮੱਦੇਨਜ਼ਰ ਨੈਸ਼ਨਲ ਮੈਡੀਕਲ ਕਮਿਸ਼ਨ ਦੁਆਰਾ 15 ਮੈਂਬਰੀ ਰਾਸ਼ਟਰੀ ਟਾਸਕ ਫੋਰਸ ਦਾ ਗਠਨ ਵੀ ਕੀਤਾ ਗਿਆ ਹੈ।

ਇਸ ਵੇਲੇ ਜ਼ਰੂਰਤ ਹੈ ਕਿ ਨਿਆਂ ਪ੍ਰਣਾਲੀ ਆਜ਼ਾਦ ਅਤੇ ਪੱਖਪਾਤ ਰਹਿਤ ਹੋਵੇ, ਜਿਹੜੀ ਘੱਟ ਤੋਂ ਘੱਟ ਸਮਾਂ ਲੈਂਦੇ ਹੋਏ ਸਹੀ ਫੈਸਲਾ ਕਰਨ 'ਤੇ ਸੁਣਾਉਣ ਦੇ ਸਮਰੱਥ ਹੋਵੇ। ਫੈਸਲਾ ਕਰਨ ਦੀ ਪ੍ਰਕਿਰਿਆ ਦੌਰਾਨ ਹਾਕਮ ਧਿਰਾਂ ਵੱਲੋਂ ਰਾਜਨੀਤਿਕ ਦਖ਼ਲ ਅੰਦਾਜ਼ੀ ਬਿਲਕੁਲ ਬੰਦ ਹੋਵੇ। ਮਰਦ ਪ੍ਰਧਾਨ ਸਮਾਜ ਵਿੱਚ ਮੌਜੂਦ ਮਰਦ ਔਰਤ ਨਾ-ਬਰਾਬਰੀ ਦੀ ਦਕੀਆਨੂਸੀ ਸੋਚ ਨੂੰ ਬਦਲਣ ਲਈ ਵਿਸ਼ਾਲ ਪੱਧਰ 'ਤੇ ਮੁਹਿੰਮ ਚਲਾਉਣ ਦੀ ਜ਼ਰੂਰਤ ਹੈ। ਇਸ ਕਾਰਜ ਲਈ ਚੇਤੰਨ, ਜਮਹੂਰੀਅਤ ਪਸੰਦ ਜਥੇਬੰਦੀਆਂ ਅਤੇ ਜਾਗਰੂਕ ਲੋਕਾਂ ਨੂੰ ਪਹਿਲ ਕਰਨੀ ਪਵੇਗੀ, ਜਿਹੜੀ ਮਰਦਾਂ ਅਤੇ ਔਰਤਾਂ ਦੇ ਸਾਂਝੇ ਯਤਨਾਂ ਨਾਲ ਹੀ ਸੰਭਵ ਹੈ।

***

## ਠੱਗ ਟਰੈਵਲ ਏਜੰਸੀਆਂ ਵਿਰੁੱਧ

ਇੱਕ ਵੈਧ ਭਰਤੀ ਏਜੰਟ (ਆਰ.ਏ.) ਲਾਇਸੈਂਸ ਹੋਵੇ ਅਤੇ ਉਕਤ ਐਕਟ ਤਹਿਤ ਜਾਰੀ ਏਜੰਸੀ ਦੇ ਲਾਇਸੈਂਸ ਨਾਲ ਸੰਪਰਕ ਕੀਤਾ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਟਰੈਵਲ ਏਜੰਟਾਂ ਨਾਲ ਸੰਪਰਕ ਕਰਦੇ ਸਮੇਂ ਉਨ੍ਹਾਂ ਦੀ ਜਾਂਚ ਕਰਨ ਉਪਰੰਤ ਹੀ ਉਨ੍ਹਾਂ 'ਤੇ ਭਰੋਸਾ ਕੀਤਾ ਜਾਵੇ।

### ਸਰਕਾਰ ਵਲੋਂ ਠੋਸ ਕਦਮ ਚੁੱਕਣ ਦੀ ਹੈ ਲੋੜ

. ਹੁਨਰਮੰਦ ਕਾਮਿਆਂ ਲਈ ਅਜਿਹਾ ਪਲੇਸਮੈਂਟ ਸੈੱਲ ਬਣਾਇਆ ਜਾਣਾ ਚਾਹੀਦਾ ਹੈ, ਜਿੱਥੇ ਸਰਕਾਰ ਵਿਦੇਸ਼ ਜਾਣ ਵਾਲੇ ਵਿਅਕਤੀ ਨੂੰ ਹਰ ਜਾਣਕਾਰੀ ਪ੍ਰਦਾਨ ਕਰਦੀ ਹੈ।

. ਰਜਿਸਟਰਡ ਟ੍ਰੈਵਲ ਏਜੰਟਾਂ ਦੀ ਸੂਚੀ ਸਰਕਾਰੀ ਰੋਜ਼ਗਾਰ ਵਿਭਾਗ ਵਿਚ ਹੋਣੀ ਚਾਹੀਦੀ ਹੈ, ਜਿੱਥੋਂ ਵਿਦੇਸ਼ ਜਾਣ ਵਾਲਾ ਯਾਤਰੀ, ਉਨ੍ਹਾਂ ਹੀ ਟ੍ਰੈਵਲ ਏਜੰਟਾਂ ਨਾਲ ਜੁੜ ਸਕਦਾ ਹੈ।

ਧੋਖਾਦੇਹੀ ਦੇ ਸ਼ਿਕਾਰ ਲੋਕਾਂ ਲਈ ਇਕ ਵੱਖਰਾ ਸੈੱਲ ਬਣਾਇਆ ਜਾਵੇ ਤਾਂ ਜੋ ਸਮਾਂ ਸੀਮਾ ਅੰਦਰ ਉਸ ਮਾਮਲੇ ਦੀ ਜਾਂਚ ਹੋਵੇ ਅਤੇ ਉਸ ਤੋਂ ਬਾਅਦ ਟ੍ਰੈਵਲ ਏਜੰਟ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ।

ਬਲੈਕ ਲਿਸਟ ਹੋਣ ਵਾਲੇ ਟ੍ਰੈਵਲ ਏਜੰਟਾਂ 'ਤੇ ਨਜ਼ਰ ਰੱਖਣ ਲਈ ਸਰਕਾਰ ਕੁਝ ਖ਼ਾਸ ਪ੍ਰਬੰਧ ਕਰੇ ਤਾਂ ਜੋ ਉਹ ਆਪਣੇ ਦਫ਼ਤਰ ਬਦਲ ਕੇ ਲੋਕਾਂ ਨੂੰ ਆਪਣਾ ਸ਼ਿਕਾਰ ਨਾ ਬਣਾ ਸਕਣ।

.ਸਾਰੀਆਂ ਟ੍ਰੈਵਲ ਏਜੰਸੀਆਂ ਦਾ ਆਧਾਰ ਵੈਟ ਪੈਨ ਕਾਰਡ ਨਾਲ ਲਿੰਕ ਕੀਤਾ ਜਾਵੇ ਤਾਂ ਜੋ ਸਰਕਾਰ ਨੂੰ ਉਨ੍ਹਾਂ ਦੇ ਆਉਣ ਵਾਲੇ ਪਤੇ ਬਾਰੇ ਪੂਰੀ ਜਾਣਕਾਰੀ ਮਿਲ ਸਕੇ।

ਲਾਈਸੈਂਸ ਜਾਰੀ ਕਰਨ ਤੋਂ ਪਹਿਲਾਂ ਟ੍ਰੈਵਲ ਏਜੰਟ ਨੂੰ ਬੈਂਕ ਗਾਰੰਟੀ ਦੇਣ ਦੀ ਵਿਵਸਥਾ ਹੋਣੀ ਚਾਹੀਦੀ ਹੈ ਤਾਂ ਜੋ ਫਰਾਰ ਟ੍ਰੈਵਲ ਏਜੰਟਾਂ ਦਾ ਸ਼ਿਕਾਰ ਹੋਏ ਲੋਕਾਂ ਨੂੰ ਕੁਝ ਰਾਹਤ ਮਿਲ ਸਕੇ।

ਰੋਜ਼ਗਾਰ ਵਿਭਾਗ ਵਿੱਚ ਵਿਦੇਸ਼ੀ ਰੋਜ਼ਗਾਰ ਸੈੱਲ ਬਣਾਇਆ ਜਾਵੇ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਉੱਥੋਂ ਜਾਣਕਾਰੀ ਮਿਲ ਸਕੇ।

***

## ਟਰੰਪ ਅਤੇ ਹੈਰਿਸ ਵਿਚਾਲੇ ਸਖਤ

ਪਿਛਲੇ ਦਿਨੀਂ ਜਾਰੀ ਤਿੰਨ ਸਰਵੇਖਣਾਂ 'ਚ ਟਰੰਪ 'ਤੇ ਹੈਰਿਸ ਦੀ ਬੜ੍ਹਤ ਘਟ ਗਈ ਹੈ ਜਾਂ ਪੂਰੀ ਤਰ੍ਹਾਂ ਗਾਇਬ ਹੋ ਗਈ ਹੈ।

ਐਨ.ਬੀ.ਸੀ. ਨਿਊਜ਼ ਪੋਲ ਦਰਸਾਉਂਦਾ ਹੈ ਕਿ ਡੈਮੋਕਰੈਟਿਕ ਅਤੇ ਰਿਪਬਲਿਕਨ ਉਮੀਦਵਾਰ ਰਾਸ਼ਟਰੀ ਪੱਧਰ 'ਤੇ 48 ਪ੍ਰਤੀਸ਼ਤ ਨਾਲ ਬਰਾਬਰੀ 'ਤੇ ਹਨ। ਹੈਰਿਸ ਲਈ ਇਹ ਝਟਕਾ ਹੈ ਕਿਉਂਕਿ ਪਿਛਲੇ ਮਹੀਨੇ ਇਸੇ ਸਰਵੇਖਣ ਵਿੱਚ ਉਸ ਨੂੰ ਟਰੰਪ ਤੋਂ ਪੰਜ ਅੰਕਾਂ ਦੀ ਬੜ੍ਹਤ ਮਿਲੀ ਸੀ। ਏ.ਬੀ.ਸੀ. ਨਿਊਜ਼/ਇਪਸੋਸ ਪੋਲ ਵਿੱਚ ਹੈਰਿਸ ਨੂੰ 50 ਫ਼ੀਸਦੀ ਅਤੇ ਟਰੰਪ ਨੂੰ 48 ਫ਼ੀਸਦੀ ਅੰਕ ਮਿਲੇ ਹਨ। ਪਿਛਲੇ ਮਹੀਨੇ ਇਸ ਸਰਵੇਖਣ 'ਚ ਹੈਰਿਸ 52 ਫ਼ੀਸਦੀ ਅਤੇ ਟਰੰਪ 46 ਫ਼ੀਸਦੀ 'ਤੇ ਸਨ।

ਹੈਰਿਸ ਦੀ ਲੀਡ ਤੇਜ਼ੀ ਨਾਲ ਘੱਟ ਗਈ ਨਵੇਂ ਸਰਵੇਖਣ ਨੇ ਪਿਛਲੇ ਮਹੀਨੇ ਚਾਰ ਅੰਕਾਂ ਦੀ ਬੜ੍ਹਤ ਨਾਲੋਂ ਹੈਰਿਸ ਨੂੰ 51 ਫ਼ੀਸਦੀ ਤੋਂ 48 ਫ਼ੀਸਦੀ ਤੱਕ ਅੱਗੇ ਦਿਖਾਇਆ ਹੈ। ਡੈਮੋਕ੍ਰੇਟਿਕ ਪਾਰਟੀ ਦੇ ਸਮਰਥਕਾਂ ਵਿੱਚ ਇਹ ਚਿੰਤਾ ਵਧ ਗਈ ਹੈ ਕਿਉਂਕਿ ਕਮਲਾ ਹੈਰਿਸ ਪਾਰਟੀ ਦੇ ਦੋ ਪ੍ਰਮੁੱਖ ਹਲਕਿਆਂ ਵਿੱਚੋਂ ਹਿਸਪੈਨਿਕ ਅਤੇ ਅਫ਼ਰੀਕਣ ਅਮਰੀਕਨਾਂ ਵਿੱਚ ਸਮਰਥਨ ਵਧਾਉਣ ਵਿੱਚ ਅਸਫ਼ਲ ਰਹੇ ਹਨ।

ਕਮਲਾ ਹੈਰਿਸ ਸਾਰੇ ਵਰਗਾਂ ਦੀਆਂ ਔਰਤਾਂ ਵਿੱਚੋਂ ਟਰੰਪ ਤੋਂ ਅੱਗੇ ਜਾਪਦੀ ਹੈ ਪਰ ਅਫ਼ਰੀਕੀ ਅਮਰੀਕੀਆਂ ਅਤੇ ਹਿਸਪੈਨਿਕ ਪੁਰਸ਼ਾਂ ਵਿੱਚ ਸਮਰਥਨ ਵਧਾਉਣ ਲਈ ਸੰਘਰਸ਼ ਕਰ ਰਹੀ ਹੈ। ਨਿਊਯਾਰਕ ਟਾਈਮਜ਼/ਸਿਏਨਾ ਕਾਲਜ ਪੋਲ ਵਿੱਚ, ਹੈਰਿਸ ਨੂੰ 78 ਪ੍ਰਤੀਸ਼ਤ ਕਾਲੇ ਰੰਗ ਦੇ ਵੋਟਰਾਂ ਅਤੇ 56 ਪ੍ਰਤੀਸ਼ਤ ਹਿਸਪੈਨਿਕ ਵੋਟਰਾਂ ਦਾ ਸਮਰਥਨ ਪ੍ਰਾਪਤ ਹੋਇਆ, ਜੋ ਕਿ 2020 ਅਤੇ 2016 ਦੀਆਂ ਚੋਣਾਂ ਵਿੱਚ ਇਸ ਸ਼੍ਰੇਣੀ ਵਿੱਚ ਡੈਮੋਕਰੈਟਿਕ ਉਮੀਦਵਾਰਾਂ ਨੂੰ ਪ੍ਰਾਪਤ ਹੋਈਆਂ ਵੋਟਾਂ ਨਾਲੋਂ ਬਹੁਤ ਘੱਟ ਹੈ।

ਓਬਾਮਾ ਵੀ ਚਿੰਤਤ ਨਜ਼ਰ ਆਏ

ਸਾਬਕਾ ਰਾਸ਼ਟਰਪਤੀ ਅਤੇ ਡੈਮੋਕ੍ਰੇਟਿਕ ਨੇਤਾ ਬਰਾਕ ਓਬਾਮਾ ਨੇ ਵੀ ਹੈਰਿਸ ਦੀ ਉਮੀਦਵਾਰੀ ਨੂੰ ਲੈ ਕੇ ਕਾਲੇ ਰੰਗ ਦੇ ਲੋਕਾਂ ਦੇ ਘੱਟ ਉਤਸ਼ਾਹ ਦਿਖਾਉਣ 'ਤੇ ਚਿੰਤਾ ਜ਼ਾਹਰ ਕੀਤੀ। ਓਬਾਮਾ ਨੇ ਪਿਟਸਬਰਗ, ਪੈਨਸਿਲਵੇਨੀਆ ਵਿੱਚ ਇੱਕ ਪ੍ਰਚਾਰ ਪ੍ਰੋਗਰਾਮ ਵਿੱਚ ਕਾਲੇ ਰੰਗ ਦੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ, 'ਤੁਸੀਂ ਹਰ ਤਰ੍ਹਾਂ ਦੇ ਕਾਰਨ ਅਤੇ ਬਹਾਨੇ ਲੈ ਕੇ ਆ ਰਹੇ ਹੋ, ਮੈਨੂੰ ਇਸ ਨਾਲ ਸਮੱਸਿਆ ਹੈ।' ਜਿਵੇਂ ਜਿਵੇਂ ਅਮਰੀਕੀ ਰਾਸ਼ਟਰਪਤੀ ਦੀ ਚੋਣ ਦਾ ਦਿਨ ਨੇੜੇ ਆ ਰਿਹਾ ਹੈ, ਉਵੇਂ ਹੀ ਇਸ ਸੰਬੰਧੀ ਸਰਗਰਮੀਆਂ ਹੋਰ ਤੇਜ਼ ਹੋ ਰਹੀਆਂ ਹਨ। ਇਸ ਸਮੇਂ ਦੋਵਾਂ ਉਮੀਦਵਾਰਾਂ ਟਰੰਪ ਅਤੇ ਕਮਲਾ ਹੈਰਿਸ ਵਿਚਾਲੇ ਸਿਰ ਧੜ ਦੀ ਬਾਜ਼ੀ ਲੱਗੀ ਹੋਈ ਹੈ ਅਤੇ ਦੋਵਾਂ ਵਿਚੋਂ ਕੋਈ ਵੀ ਉਮੀਦਵਾਰ ਆਪਣੀ ਹਾਰ ਮੰਨਣ ਨੂੰ ਤਿਆਰ ਨਹੀਂ। ਜਿਸ ਕਰਕੇ ਦੋਵਾਂ ਉਮੀਦਵਾਰਾਂ ਵੱਲੋਂ ਹੀ ਇੱਕ ਦੂਜੇ ਨੂੰ ਸਖ਼ਤ ਚੁਣੌਤੀ ਦਿੱਤੀ ਜਾ ਰਹੀ ਹੈ, ਜਿਸ ਕਾਰਨ ਇਹ ਚੋਣ ਕਾਫ਼ੀ ਦਿਲਚਸਪ ਬਣ ਗਈ ਹੈ।

***

## ਕੀ ਅਮਰੀਕਾ ਦੀਆਂ ਚੋਣਾਂ ਵਿੱਚ

ਅਤੇ ਤਬਾਹ ਹੋ ਗਏ ਹਨ, ਨੇ ਕਮਲਾ ਹੈਰਿਸ ਦੇ ਸਮਰਥਨ ਦੀ ਇਮੇਜ ਦੀ ਆਲੋਚਨਾ ਕੀਤੀ ਹੈ। ਪਰ, ਮਾਹਿਰਾਂ ਦਾ ਕਹਿਣਾ ਹੈ, ਆਲੋਚਨਾ ਵੱਖਰੀ ਗੱਲ ਹੈ, ਪਰ ਕੀ ਉਹ ਡੋਨਾਲਡ ਟਰੰਪ ਨੂੰ ਵੋਟ ਪਾਉਣਗੇ?

ਮਾਹਿਰਾਂ ਦਾ ਕਹਿਣਾ ਹੈ ਕਿ ਬਾਇਡੇਨ ਅਤੇ ਕਮਲਾ ਹੈਰਿਸ ਦੇ ਕਾਰਜਕਾਲ ਦੌਰਾਨ ਗਾਜ਼ਾ ਵਿੱਚ 42,000 ਤੋਂ ਵੱਧ ਮੁਸਲਮਾਨ ਮਾਰੇ ਗਏ ਹਨ, ਫਿਰ ਵੀ ਅਮਰੀਕੀ ਮੁਸਲਮਾਨ ਕਮਲਾ ਹੈਰਿਸ ਨੂੰ ਹੀ ਵੋਟ ਦੇਣਗੇ। ਉਹ ਡੋਨਾਲਡ ਟਰੰਪ ਦਾ ਸਮਰਥਨ ਨਹੀਂ ਕਰਨਗੇ।

ਅਮਰੀਕੀ ਮੁਸਲਮਾਨ ਬਿਨਾਂ ਉਦੇਸ਼ ਦੇ? ਕਮਲਾ ਹੈਰਿਸ ਦੇ ਰਿਕਾਰਡ ਅਤੇ ਉਸ ਦੇ ਰਿਪਬਲਿਕਨ ਵਿਰੋਧੀ, ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਇਜ਼ਰਾਇਲ ਲਈ ਬਰਾਬਰ ਦੀ ਮਜ਼ਬੂਤ ਸਮਰਥਨ ਦੇ ਨਾਲ-ਨਾਲ ਉਨ੍ਹਾਂ ਦੀ ਪਰਵਾਸੀ ਵਿਰੋਧੀ ਬਿਆਨਬਾਜ਼ੀ ਨੂੰ ਦੇਖਦੇ ਹੋਏ, ਬਹੁਤ ਸਾਰੇ ਅਰਬ ਅਤੇ ਮੁਸਲਿਮ ਵੋਟਰ ਅਮਰੀਕਾ ਵਿੱਚ ਦੋ-ਪੱਖੀ ਸਿਆਸੀ ਪ੍ਰਣਾਲੀ ਤੋਂ ਨਿਰਾਸ਼ ਮਹਿਸੂਸ ਕਰਦੇ ਹਨ। ਉਨ੍ਹਾਂ ਕੋਲ ਕੋਈ ਬਦਲ ਨਹੀਂ ਹੈ।

ਟਰੰਪ ਨੇ ਅਰਬ ਅਤੇ ਮੁਸਲਿਮ ਭਾਈਚਾਰਿਆਂ ਵਿੱਚ ਵੀ ਆਪਣੀ ਸੰਖਿਆ ਵਿੱਚ ਸੁਧਾਰ ਦੇਖਿਆ ਹੈ ਅਤੇ ਪਿਛਲੇ ਮਹੀਨੇ, ਦੱਖਣ-ਪੂਰਬੀ ਮਿਸ਼ੀਗਨ ਵਿੱਚ ਇੱਕ ਮੁਸਲਿਮ ਬਹੁਗਿਣਤੀ ਵਾਲੇ ਸ਼ਹਿਰ ਹੈਮਟਰੈਕ ਦੇ ਯੇਮਨੀ ਅਮਰੀਕੀ ਮੇਅਰ ਦੁਆਰਾ ਉਸਦਾ ਸਮਰਥਨ ਕੀਤਾ ਗਿਆ ਸੀ। ਜਿਵੇਂ-ਜਿਵੇਂ ਚੋਣਾਂ ਨੇੜੇ ਆ ਰਹੀਆਂ ਹਨ, ਹਾਲ ਹੀ ਦੀ ਮੁਹਿੰਮ ਨੇ ਅਮਰੀਕਾ ਵਿੱਚ ਅਰਬ ਅਤੇ ਮੁਸਲਿਮ ਭਾਈਚਾਰਿਆਂ ਦੀ ਨੁਮਾਇੰਦਗੀ ਅਤੇ ਤਰਜੀਹਾਂ ਬਾਰੇ ਬਹਿਸ ਛੇੜ ਦਿੱਤੀ ਹੈ, ਸਿਆਸੀ ਮਾਹਿਰਾਂ ਦਾ ਮੰਨਣਾ ਹੈ, ਮੁਸਲਮਾਨਾਂ ਲਈ ਆਖਰੀ ਬਦਲ ਕਮਲਾ ਹੈਰਿਸ ਹੈ ਅਤੇ ਉਹ ਉਸ ਨੂੰ ਹੀ ਵੋਟ ਪਾਉਣਗੇ।

***

## ਭਗਵੇਂਵਾਦੀਆਂ ਵੱਲੋਂ ਲੰਕੇਸ਼ ਦੇ ਕਥਿਤ

ਪਿਛਲੇ ਹਫ਼ਤੇ ਸੈਸ਼ਨ ਕੋਰਟ ਨੇ ਵਾਗਮੋਰ ਅਤੇ ਯਾਦਵੇ ਸਮੇਤ ਅੱਠ ਮੁਲਜ਼ਮਾਂ ਨੂੰ ਜ਼ਮਾਨਤ ਦੇ ਦਿੱਤੀ ਸੀ। ਜ਼ਮਾਨਤ ਦਿੱਤੇ ਗਏ ਹੋਰਨਾਂ ਮੁਲਜ਼ਮਾਂ ਵਿੱਚ ਅਮਿਤ ਕਾਲੇ, ਰਾਜੇਸ਼ ਡੀ ਬੰਗੇਰਾ, ਵਾਸੂਦੇਵ ਸੂਰਿਆਵੰਸ਼ੀ, ਰੁਸ਼ੀਕੇਸ਼ ਦੇਵਦਾਰ, ਗਣੇਸ਼ ਮਿਸਕੀਨ ਅਤੇ ਅੰਮ੍ਰਿਤ ਰਾਮਚੰਦਰ ਬੱਦੀ ਸ਼ਾਮਲ ਹਨ।

ਵਿਕਾਸ ਪਟੇਲ ਉਰਫ਼ ਦਾਦਾ ਉਰਫ਼ ਨਿਹਾਲ ਅਜੇ ਫ਼ਰਾਰ ਹੈ। ਦੋ ਹੋਰ ਲੋਕਾਂ ਨੇ ਅਜੇ ਤੱਕ ਅਦਾਲਤ ਦਾ ਰੁਖ ਨਹੀਂ ਕੀਤਾ ਹੈ।

ਮੁਲਜ਼ਮਾਂ 'ਤੇ ਭਾਰਤੀ ਦੰਡਾਵਲੀ (ਆਈ.ਪੀ.ਸੀ.), ਭਾਰਤੀ ਹਥਿਆਰ ਐਕਟ ਅਤੇ ਕਰਨਾਟਕ ਕੰਟਰੋਲ ਆਫ਼ ਆਰਗੇਨਾਈਜ਼ਡ ਕ੍ਰਾਈਮ ਐਕਟ ਦੀਆਂ ਧਾਰਾਵਾਂ ਤਹਿਤ ਇਲਜ਼ਾਮ ਲਗਾਏ ਗਏ ਹਨ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

## ਬੱਚਿਆਂ ਦੇ ਸਰਬਪੱਖੀ ਵਿਕਾਸ ਲਈ

**ਨਵੇਂ ਦਾਖ਼ਲਿਆਂ ਲਈ ਸਹਾਇਕ**

ਮਾਪੇ-ਅਧਿਆਪਕ ਮਿਲਣੀ ਵਿੱਚ ਜਿੱਥੇ ਮਾਪਿਆਂ ਨੂੰ ਸੱਦਾ ਦਿੱਤਾ ਜਾਂਦਾ ਹੈ, ਉੱਥੇ ਹੋਰਨਾਂ ਸੰਸਥਾਵਾਂ ਤੇ ਸਭਾਵਾਂ ਦੇ ਮੁਖੀਆਂ ਆਦਿ ਨੂੰ ਵੀ ਬੁਲਾਇਆ ਜਾਂਦਾ ਹੈ। ਇਸ ਮਿਲਣੀ ਦੌਰਾਨ ਜਦੋਂ ਅਧਿਆਪਕਾਂ ਤੇ ਮਾਪਿਆਂ ਦੀ ਆਪਸੀ ਵਾਰਤਾਲਾਪ ਹੁੰਦੀ ਹੈ ਤਾਂ ਆਪਸੀ ਸਹਿਯੋਗ ਦੀ ਭਾਵਨਾ ਦਾ ਵਾਤਾਵਰਨ ਪੈਦਾ ਹੁੰਦਾ ਹੈ। ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਹਰ ਸਾਲ ਨਵਾਂ ਦਾਖ਼ਲਾ ਮੁਹਿੰਮ ਪੂਰੇ ਜ਼ੋਰ-ਸ਼ੋਰ ਨਾਲ ਚਲਾਈ ਜਾਂਦੀ ਹੈ। ਇਸ ਮੁਹਿੰਮ ਲਈ ਮਾਪੇ ਵੱਡਮੁੱਲਾ ਸਹਿਯੋਗ ਕਰ ਸਕਦੇ ਹਨ।

**ਉਸਾਰੂ ਵਿੱਦਿਅਕ ਮਾਹੌਲ**

ਅਧਿਆਪਕ-ਮਾਪੇ ਮਿਲਣੀ ਦੌਰਾਨ ਮਾਪੇ ਸਮੁੱਚੇ ਸਕੂਲ ਦਾ ਦੌਰਾ ਕਰਦੇ ਹਨ। ਬੱਚਿਆਂ ਦੀ ਪੜ੍ਹਾਈ ਨਾਲ ਸਬੰਧਿਤ ਯੰਤਰਾਂ, ਜਿਵੇਂ ਮਾਡਲ, ਐੱਲਈਡੀ, ਪ੍ਰਾਜੈਕਟਰ, ਟੱਚ ਪੈਨਲ, ਲਾਇਬ੍ਰੇਰੀ, ਕੰਪਿਊਟਰ ਲੈਬ, ਸਮੁੱਚਾ ਬਾਲਾ ਵਰਕ ਆਦਿ ਦਾ ਜਾਇਜ਼ਾ ਲੈਂਦੇ ਹਨ। ਇਸ ਨਾਲ ਉਨ੍ਹਾਂ ਨੂੰ ਅਥਾਹ ਖ਼ੁਸ਼ੀ ਹੁੰਦੀ ਹੈ ਕਿ ਉਨ੍ਹਾਂ ਦੇ ਬੱਚਿਆਂ ਵੱਲੋਂ ਸਿੱਖਿਆ ਹਾਸਿਲ ਕਰਨ ਲਈ ਨਵੀਨਤਮ ਯੰਤਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਇਹ ਮਿਲਣੀ ਦਾ ਉਸਾਰੂ ਕਦਮ ਹੈ, ਜਿਸ ਨਾਲ ਵਿੱਦਿਅਕ ਮਾਹੌਲ ਵਧੀਆ ਬਣਦਾ ਹੈ।

**ਤਰੱਕੀ ਦਾ ਖੁੱਲ੍ਹਦਾ ਹੈ ਰਸਤਾ**

ਮਾਤਾ-ਪਿਤਾ-ਅਧਿਆਪਕ ਮੀਟਿੰਗਾਂ ਬੱਚੇ ਨੂੰ ਕੰਮ ਕਰਨ, ਅਕਾਦਮਿਕ ਪੱਖ ਨੂੰ ਬਿਹਤਰ ਬਣਾਉਣ ਤੇ ਉਨ੍ਹਾਂ ਦੇ ਹੁਨਰ ਨੂੰ ਵਧਾਉਣ ਲਈ ਉਤਸ਼ਾਹਿਤ ਕਰਦੀਆਂ ਹਨ। ਬੱਚਿਆਂ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਮਾਪੇ ਅਤੇ ਅਧਿਆਪਕ ਉਨ੍ਹਾਂ ਦੇ ਵਧੀਆ ਪ੍ਰਦਰਸ਼ਨ, ਪਾਠਕ੍ਰਮ ਤੇ ਅਕਾਦਮਿਕ ਪੱਖ ਨੂੰ ਸੁਧਾਰਨ ਲਈ ਯਤਨਸ਼ੀਲ ਹਨ। ਇਸ ਲਈ ਮਾਪੇ-ਅਧਿਆਪਕ ਮੀਟਿੰਗਾਂ ਬੱਚੇ ਵੱਲ ਵਿਸ਼ੇਸ਼ ਧਿਆਨ ਦੇ ਕੇ ਉਨ੍ਹਾਂ ਨੂੰ ਅੱਗੇ ਵਧਣ ਦੇ ਮੌਕੇ ਪ੍ਰਦਾਨ ਕਰਦੀਆਂ ਰਹਿੰਦੀਆਂ ਹਨ।

ਇਸ ਲਈ ਮਾਪੇ-ਅਧਿਆਪਕ ਮਿਲਣੀ ਨਾਲ ਜਿੱਥੇ ਬੱਚੇ ਦੀ ਪੜ੍ਹਾਈ, ਖੇਡਾਂ ਅਤੇ ਪਾਠ-ਸਹਾਇਕ ਕਿਰਿਆਵਾਂ ਦਾ ਅਧਿਐਨ ਕਰ ਕੇ ਉਸ ਨੂੰ ਅਗਾਂਹ ਵਧਣ ਦੀਆਂ ਸੰਭਾਵਨਾਵਾ ਦੀ ਤਲਾਸ਼ ਕੀਤੀ ਜਾਂਦੀ ਹੈ, ਉੱਥੇ ਮਾਪਿਆਂ ਤੇ ਸਮੁਦਾਇ ਦੇ ਸਹਿਯੋਗ ਨਾਲ ਸਕੂਲ ਸੰਸਥਾ ਦੇ ਰਹਿੰਦੇ ਕੰਮਾਂ ਨੂੰ ਪੂਰਾ ਕਰਨ ਦੀ ਵਿਉਂਤਬੰਦੀ ਵੀ ਕੀਤੀ ਜਾਂਦੀ ਹੈ। ਮਾਪੇ ਅਤੇ ਅਧਿਆਪਕ ਆਪਸੀ ਸਹਿਯੋਗ ਨਾਲ ਬੱਚੇ ਦੇ ਭਵਿੱਖ ਨੂੰ ਸ਼ਾਨਦਾਰ ਬਣਾਉਣ ਲਈ ਹਮੇਸ਼ਾ ਤੱਤਪਰ ਰਹਿੰਦੇ ਹਨ, ਤਾਂ ਜੋ ਬੱਚਾ ਤਰੱਕੀ ਤੇ ਵਿਕਾਸ ਦੀ ਮੰਜ਼ਿਲ ਸੌਖਿਆਂ ਪਾਰ ਕਰ ਲਵੇ। ਇਸ ਦੀ ਅਜੋਕੇ ਸਮੇਂ ਦੇ ਸੰਦਰਭ 'ਚ ਵਧੇਰੇ ਲੋੜ ਹੈ।

***

## ਗੁਰੂ ਨਾਨਕ ਦੇਵ ਜੀ ਵੱਲੋਂ

ਆਵਾਜਾਈ ਰਹੇ ਜਾਂ ਬੇਅਦਬੀ ਦਾ ਖ਼ਤਰਾ ਨਾ ਹੋਵੇ, ਤਦ ਤਕ ਪ੍ਰਕਾਸ਼ ਰਹੇ। ਉਪ੍ਰੰਤ ਸੁੱਖ-ਆਸਨ ਕਰ ਦੇਣਾ ਉਚਿਤ ਹੈ ਤਾਂ ਜੋ ਬੇਅਦਬੀ ਨਾ ਹੋਵੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਨਮਾਨ ਨਾਲ ਪ੍ਰਕਾਸ਼, ਪੜ੍ਹਿਆ ਤੇ ਸੰਤੋਖਿਆ ਜਾਵੇ। ਸਥਾਨ ਸਾਫ਼-ਸੁਥਰਾ ਹੋਵੇ, ਉਪਰ ਚਾਂਦਨੀ ਹੋਵੇ। ਪ੍ਰਕਾਸ਼ ਮੰਜੀ ਸਾਹਿਬ 'ਤੇ ਸਾਫ਼-ਸੁਥਰੇ ਬਸਤਰ ਵਿਛਾ ਕੇ ਕੀਤਾ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਭਾਲ ਕੇ ਪ੍ਰਕਾਸ਼ਨ ਲਈ ਗਦੈਲੇ ਆਦਿ ਸਮਾਨ ਵਰਤਿਆ ਜਾਵੇ ਤੇ ਉਪਰ ਲਈ ਰੁਮਾਲ ਹੋਵੇ। ਜਦ ਪਾਠ ਨਾ ਹੁੰਦਾ ਹੋਵੇ ਤਾਂ ਉਤੇ ਰੁਮਾਲ ਪਿਆ ਰਹੇ।

ਪ੍ਰਕਾਸ਼ ਵੇਲੇ ਚੌਰ ਵੀ ਚਾਹੀਦਾ ਹੈ, ਧੂਪ ਜਾਂ ਦੀਵੇ ਜਲਾ ਕੇ ਆਰਤੀ ਕਰਨੀ, ਭੋਗ ਲਾਉਣਾ, ਜੋਤਾਂ ਜਗਾਉਣੀਆਂ, ਟੱਲ ਖੜਕਾਉਣੇ ਆਦਿ ਗੁਰਮਤਿ ਅਨੁਸਾਰ ਨਹੀਂ। ਹਾਂ, ਸਥਾਨ ਨੂੰ ਸੁਗੰਧਿਤ ਕਰਨ ਲਈ ਫ਼ੁੱਲ, ਧੂਪ ਆਦਿ ਸੁਗੰਧੀਆਂ ਵਰਤਣੀਆਂ ਵਿਵਰਜਿਤ ਨਹੀਂ। ਕਮਰੇ ਅੰਦਰ ਰੌਸ਼ਨੀ ਲਈ ਤੇਲ, ਘੀ ਜਾਂ ਮੋਮਬੱਤੀ, ਬਿਜਲੀ, ਲੈਂਪ ਆਦਿ ਜਗਾ ਲੈਣੇ ਚਾਹੀਦੇ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕਰ (ਤੁੱਲ) ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ, ਗੁਰਦੁਆਰੇ ਵਿੱਚ ਕੋਈ ਮੂਰਤੀ-ਪੂਜਾ ਜਾਂ ਹੋਰ ਗੁਰਮਤਿ ਦੇ ਵਿਰੁੱਧ ਕੋਈ ਰੀਤੀ ਜਾਂ ਸੰਸਕਾਰ ਨਾ ਹੋਵੇ। ਹਾਂ, ਕਿਸੇ ਮੌਕੇ ਜਾਂ ਇਕੱਤ੍ਰਤਾ ਨੂੰ ਗੁਰਮਤਿ ਦੇ ਪ੍ਰਚਾਰ ਲਈ ਵਰਤਣਾ ਅਯੋਗ ਨਹੀਂ।

**ਸਮੁੱਚੀ ਮਾਨਵਤਾ ਦਾ ਸਾਂਝਾ ਕੇਂਦਰ**

ਗੁਰਦੁਆਰਾ ਸੰਸਥਾ, ਵਿਸ਼ਵ ਦੀ ਭਾਵ ਸਮੁੱਚੀ ਮਨੁੱਖਤਾ ਦਾ ਸਰਬ ਸਾਂਝਾ ਕੇਂਦਰ ਹੈ। ਗੁਰੂ ਨਾਨਕ ਦੇਵ ਜੀ ਨੇ ਪਰਮੇਸ਼ਰ ਦੇ ਹੁਕਮ ਅਧੀਨ ਕਰਤਾਰਪੁਰ ਸਾਹਿਬ 'ਧਰਮਸਾਲ' ਸਥਾਪਿਤ ਕੀਤੀ। ਗੁਰੂ ਸਾਹਿਬਾਨ ਨੇ ਸਮਕਾਲੀ ਸਮਾਜ ਵਿੱਚ ਪ੍ਰਚੱਲਿਤ ਕੁਪ੍ਰਥਾਵਾਂ ਜਿਵੇਂ ਸਤੀ ਪ੍ਰਥਾ ਤੇ ਬਾਲ ਵਿਆਹ ਦਾ ਵਿਰੋਧ ਕੀਤਾ ਅਤੇ ਸਦੀਆਂ ਤੋਂ ਦੱਬੀ ਕੁਚਲੀ ਇਸਤਰੀ ਨੂੰ ਉਸ ਦਾ ਬਣਦਾ ਸਥਾਨ ਦਿਵਾਉਣ ਲਈ ਆਵਾਜ਼ ਉਠਾਈ। ਗੁਰੂ ਨਾਨਕ ਸਾਹਿਬ ਨੇ 'ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨੁ ॥' ਵਾਲੇ ਸ਼ਬਦ ਰਾਹੀਂ ਇਸਤਰੀ ਦੇ ਗੁਣ ਅਤੇ ਉਪਕਾਰ ਦੱਸਦਿਆਂ ਉਸਦਾ ਸਨਮਾਨ ਕਰਨ ਦੀ ਪ੍ਰੇਰਨਾ ਦਿੱਤੀ ਹੈ । ਇਸ ਤਰ੍ਹਾਂ ਗੁਰੂ-ਘਰ ਵਿਚ ਕਿਸੇ ਵੀ ਪ੍ਰਕਾਰ ਦੀ ਵਿਤਕਰੇਬਾਜ਼ੀ, ਵਹਿਮ-ਭਰਮ, ਪਾਖੰਡ, ਕਰਮ ਕਾਂਡ ਆਦਿ ਲਈ ਕੋਈ ਵੀ ਥਾਂ ਨਹੀਂ ਹੈ।

**ਕਿਰਤ ਸੱਭਿਆਚਾਰ ਦੀ ਸੋਝੀ**

ਭਾਵੇਂ ਲੰਗਰ ਪ੍ਰਥਾ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੁਆਰਾ ਭੁੱਖੇ ਸਾਧੂਆਂ ਨੂੰ ਲੰਗਰ ਛਕਾਉਣ ਤੋਂ ਹੀ ਹੋ ਗਿਆ ਸੀ ਪਰ ਕਰਤਾਰਪੁਰ ਸਾਹਿਬ ਵਿਖੇ ਸਵੇਰ-ਸ਼ਾਮ ਨੂੰ ਗੁਰਦੁਆਰਾ ਸਾਹਿਬ 'ਚ ਲੰਗਰ ਵਰਤਦਾ । ਕਿਰਤ ਸੱਭਿਆਚਾਰ ਨੂੰ ਪ੍ਰਫ਼ੁੱਲਿਤ ਕਰਨ 'ਚ ਗੁਰੂ ਸਾਹਿਬਾਨ ਤੇ ਗੁਰਦੁਆਰਾ ਸੰਸਥਾ ਦੀ ਮਹੱਤਵਪੂਰਨ ਭੂਮਿਕਾ ਹੈ। ਸਿੱਖੀ ਵਿੱਚ 'ਕਿਰਤ' ਤੇ 'ਕੀਰਤ' ਦੋਵੇਂ ਨਾਲ-ਨਾਲ ਚੱਲਦੇ ਹਨ।

***

## ਕੀ 'ਆਪ' ਪਾਰਟੀ ਪੰਜਾਬ ਵਿੱਚ

ਕਸਰ ਅਫਸਰਸ਼ਾਹੀ ਕੱਢ ਦੇਵੇਗੀ।

**ਸੱਤਾ ਦੇ ਦੋ ਕੇਂਦਰ :** ਸ਼ੁਰੂ ਤੋਂ ਪੰਜਾਬ ਵਿੱਚ ਸੱਤਾ ਦੇ ਦੋ ਕੇਂਦਰ ਆਮ ਆਦਮੀ ਪਾਰਟੀ ਸਰਕਾਰ ਵਿੱਚ ਚਲਦੇ ਆਏ ਹਨ। ਇੱਕ ਮੁੱਖ ਮੰਤਰੀ, ਦੂਜਾ ਸੁਪਰ ਮੁੱਖ ਮੰਤਰੀ ਲਾਲਾ ਕੇਜਰੀਵਾਲ। ਕਰੀਬ 177 ਰੋਜ਼ਾ ਕੇਜਰੀਵਾਲ ਜੇਲ੍ਹ ਸਮੇਂ ਸ਼ਾਇਦ ਮਾਨ ਸਾਹਬ ਨੂੰ ਕੁਝ ਰਾਹਤ ਮਿਲੀ। ਉਨ੍ਹਾਂ ਨਾ ਤਾਂ ਭਰਤ ਵਾਂਗ ਸੱਤਾ ਸਿੰਘਾਸਨ 'ਤੇ ਸ੍ਰੀ ਰਾਮ ਚੰਦਰ ਦੀਆਂ ਖੜਾਵਾਂ ਵਰਗਾ ਸੁਪਰ ਮੁੱਖ ਮੰਤਰੀ ਦਾ ਚਿੰਨ੍ਹ ਰੱਖਿਆ, ਨਾ ਹੀ ਆਤਿਸ਼ੀ ਮੁੱਖ ਮੰਤਰੀ ਦਿੱਲੀ ਵਾਂਗ ਸੁਪਰ ਸੀ. ਐੱਮ. ਦੀ ਖਾਲੀ ਕੁਰਸੀ। ਸੋ ਨਰਾਜ਼ਗੀ ਜਾਇਜ਼ ਹੈ। ਕੇਜਰੀਵਾਲ ਅਜਿਹਾ ਲੀਡਰ ਹੈ ਜੋ ਆਪਣੇ ਮੁਕਾਬਲੇ ਕਿਸੇ ਨੂੰ ਉੱਠਣ ਨਹੀਂ ਦਿੰਦਾ।

ਲੇਕਿਨ ਸੱਤਾ ਦੇ ਦੋ ਕੇਂਦਰ ਕਿਸੇ ਵੀ ਦੇਸ਼ ਜਾਂ ਰਾਜ ਦੇ ਸ਼ਾਸਨ ਅਤੇ ਰਾਜਨੀਤਕ ਪਾਰਟੀ ਦੀ ਬਰਬਾਦੀ ਦਾ ਕਾਰਨ ਬਣਦੇ ਹਨ। ਭਾਰਤ ਵਿੱਚ ਯੂ.ਪੀ.ਏ ਸਰਕਾਰ ਵੇਲੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਕਾਂਗਰਸ ਸੁਪਰੀਮੋਂ ਬੀਬੀ ਸੋਨੀਆ ਗਾਂਧੀ ਸੱਤਾ ਦੇ ਦੋ ਕੇਂਦਰ ਹੋਣ ਕਰਕੇ ਨਾ ਸਿਰਫ ਸ਼ਾਸਨ ਸ਼ਰਮਨਾਕ ਭ੍ਰਿਸ਼ਟਾਚਾਰ ਦਾ ਸ਼ਿਕਾਰ ਹੋਇਆ ਬਲਕਿ ਕਾਂਗਰਸ ਬੁਰੀ ਤਰ੍ਹਾਂ ਪਤਨ ਦਾ ਸ਼ਿਕਾਰ ਹੋ ਗਈ। ਦਰਅਸਲ ਕਾਂਗਰਸ ਨੇ ਸ਼੍ਰੀਮਤੀ ਇੰਦਰਾ ਗਾਂਧੀ ਕਾਲ ਵੇਲੇ ਉਨ੍ਹਾਂ ਅਤੇ ਪੁੱਤਰ ਸੰਜੇ ਗਾਂਧੀ ਆਧਾਰਿਤ ਸੱਤਾ ਦੇ ਦੋ ਕੇਂਦਰਾਂ ਕਰਕੇ ਐਮਰਜੈਂਸੀ ਅਤੇ 1977 ਚੋਣਾਂ ਵਿੱਚ ਕਰਾਰੀ ਹਾਰ ਤੋਂ ਸਬਕ ਨਾ ਸਿੱਖਿਆ। ਗੁਆਂਢੀ ਪਾਕਿਸਤਾਨ ਅੰਦਰ ਮਿਲਟਰੀ ਅਤੇ ਰਾਜਨੀਤਕ ਆਗੂਆਂ ਅਧਾਰਤ ਸੱਤਾ ਦੇ ਦੋ ਕੇਂਦਰਾਂ ਨੇ ਉਸ ਦੇਸ਼ ਨੂੰ ਦੋ ਟੋਟਿਆਂ ਬਾਅਦ ਬਰਬਾਦ ਕਰ ਰੱਖਿਆ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਵਿੱਚ ਇਸਦੀ ਸੱਤਾ ਦੀ ਬਰਬਾਦੀ ਦਾ ਕਾਰਨ ਵੀ ਸੱਤਾ ਦੇ ਦੋ ਕੇਂਦਰ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਬਾਦਲ ਸਾਬਤ ਹੋਏ।

**ਪੰਜਾਬੀ ਸੁਭਾਅ:** ਪੰਜਾਬੀ ਆਪਣੇ ਸੁਭਾਅ ਅਤੇ ਸੱਭਿਆਚਾਰ, ਮਾਰਸ਼ਲ ਗੁੜ੍ਹਤੀ ਅਤੇ ਵਿਰਸੇ ਕਰਕੇ ਕਿਸੇ ਬਾਹਰੀ ਆਗੂ ਜਾਂ ਸ਼ਕਤੀ ਦਾ ਦਖਲ ਪਸੰਦ ਨਹੀਂ ਕਰਦੇ। ਜੇਕਰ ਅਗਲੇ 30 ਮਹੀਨੇ ਵਿੱਚ ਆਮ ਆਦਮੀ ਪਾਰਟੀ ਬਦਲਾਅ, ਸਾਦਗੀ (ਵੀ. ਆਈ. ਪੀ ਕਲਚਰ ਅਤੇ ਸੁਰੱਖਿਆ ਗਾਰਡ ਛੱਡ ਕੇ) ਲਗਨ, ਜਵਾਬਦੇਹੀ ਅਤੇ ਪੰਜਾਬੀਆਂ ਦੀ ਸ਼ਮੂਲੀਅਤ ਰਾਹੀਂ, ਅਫਸਰਸ਼ਾਹੀ 'ਤੇ ਨਕੇਲ ਕੱਸਦੀ, ਨਸ਼ਾ, ਨਜਾਇਜ਼ ਮਾਈਨਿੰਗ ਗੈਂਗਸਟਰਵਾਦ 'ਤੇ ਕਾਬੂ ਪਾ ਕੇ ਉਨ੍ਹਾਂ ਦੀਆਂ ਆਸਾਂ ਅਤੇ ਉਮੰਗਾਂ ਦੀ ਪੂਰਤੀ ਕਰਦੀ ਹੈ ਤਾਂ ਰਾਜਨੀਤਕ ਹੋਂਦ ਕਾਇਮ ਰੱਖ ਸਕੇਗੀ, ਨਹੀਂ ਤਾਂ ਮੁੜ ਪੰਜਾਬ ਵਿੱਚ ਪੈਰ ਲਗਣੇ ਸੰਭਵ ਨਹੀਂ।

***

## ਕੋਚ ਬਣਨਾ ਚਾਹੁੰਦੀ ਹੈ ਭਾਰਤ ਦੀ

ਇੰਨਾ ਹੀ ਨਹੀਂ ਉਸ ਨੇ 2015 'ਚ ਹੀਰੋਸ਼ੀਮਾ 'ਚ ਏਸ਼ੀਆਈ ਚੈਂਪੀਅਨਸ਼ਿਪ 'ਚ ਕਾਂਸੀ ਦਾ ਤਗ਼ਮਾ ਜਿੱਤਿਆ ਸੀ। ਉਹ 2015 ਵਿਸ਼ਵ ਕਲਾਤਮਕ ਜਿਮਨਾਸਟਿਕ ਚੈਂਪੀਅਨਸ਼ਿਪ ਵਿੱਚ 5ਵੇਂ ਸਥਾਨ 'ਤੇ ਰਹੀ।

**ਸੱਟ ਅਤੇ ਮੁਅੱਤਲ ਦਾ ਸਾਹਮਣਾ ਕਰਨਾ ਪਿਆ**

ਹਾਲ ਹੀ ਵਿੱਚ ਦੀਪਾ ਨੂੰ ਸੱਟਾਂ ਅਤੇ ਡੋਪਿੰਗ ਮੁਅੱਤਲੀ ਸਮੇਤ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਦੇ ਗੋਡੇ ਦਾ ਦੋ ਵਾਰ ਅਪਰੇਸ਼ਨ ਹੋਇਆ। ਨੈਸ਼ਨਲ ਐਂਟੀ ਡੋਪਿੰਗ ਏਜੰਸੀ ਨੇ ਵੀ ਉਸ ਨੂੰ 21 ਮਹੀਨਿਆਂ ਲਈ ਮੁਅੱਤਲ ਕਰ ਦਿੱਤਾ ਸੀ। ਇਸ ਤੋਂ ਬਾਅਦ ਦੀਪਾ ਨੇ ਸ਼ਾਨਦਾਰ ਵਾਪਸੀ ਕੀਤੀ। ਦੀਪਾ ਮਈ 2024 ਵਿੱਚ ਤਾਸ਼ਕੰਦ ਵਿੱਚ 13.566 ਦੇ ਸਕੋਰ ਨਾਲ ਮਹਿਲਾ ਵਾਲਟ ਈਵੈਂਟ ਵਿੱਚ ਸਿਖਰ 'ਤੇ ਰਹਿ ਕੇ ਏਸ਼ੀਅਨ ਸੀਨੀਅਰ ਚੈਂਪੀਅਨਸ਼ਿਪ ਵਿੱਚ ਸੋਨ ਤਮਗਾ ਜਿੱਤਣ ਵਾਲੀ ਪਹਿਲੀ ਭਾਰਤੀ ਜਿਮਨਾਸਟ ਬਣ ਗਈ।

**ਕੋਚ ਦਾ ਕੀਤਾ ਧੰਨਵਾਦ**

ਦੀਪਾ ਨੇ ਕੋਚ ਦਾ ਧੰਨਵਾਦ ਕੀਤਾ। ਉਨ੍ਹਾਂ ਲਿਖਿਆ, 'ਮੈਂ ਆਪਣੇ ਕੋਚ ਬਿਸ਼ਵੇਸ਼ਵਰ ਨੰਦੀ ਸਰ ਅਤੇ ਸੋਮਾ ਮੈਡਮ ਦਾ ਧੰਨਵਾਦ ਕਰਨਾ ਚਾਹਾਂਗੀ, ਜਿਨ੍ਹਾਂ ਨੇ ਪਿਛਲੇ 25 ਸਾਲਾਂ ਤੋਂ ਮੇਰਾ ਮਾਰਗਦਰਸ਼ਨ ਕੀਤਾ ਅਤੇ ਮੇਰੀ ਸਭ ਤੋਂ ਵੱਡੀ ਤਾਕਤ ਬਣਨ ਵਿੱਚ ਮਦਦ ਕੀਤੀ। ਮੈਂ ਤ੍ਰਿਪੁਰਾ ਤੋਂ ਮਿਲੇ ਸਮਰਥਨ ਲਈ ਵੀ ਬਹੁਤ ਧੰਨਵਾਦੀ ਹਾਂ। ਸਰਕਾਰੀ ਜਿਮਨਾਸਟਿਕ ਫੈਡਰੇਸ਼ਨ, ਸਪੋਰਟਸ ਅਥਾਰਟੀ ਆਫ ਇੰਡੀਆ, ਗੋਸਪੋਰਟਸ ਫਾਊਂਡੇਸ਼ਨ ਅਤੇ ਮਰਕੀ ਸਪੋਰਟਸ ਐਂਡ ਐਂਟਰਟੇਨਮੈਂਟ ਅਤੇ ਅੰਤ ਵਿੱਚ, ਮੇਰਾ ਪਰਿਵਾਰ, ਜੋ ਹਮੇਸ਼ਾ ਚੰਗੇ ਅਤੇ ਮਾੜੇ ਸਮੇਂ ਵਿੱਚ ਮੇਰੇ ਨਾਲ ਖੜ੍ਹਾ ਰਿਹਾ ਹੈ।'

ਉਸਨੇ ਲਿਖਿਆ, 'ਭਾਵੇਂ ਮੈਂ ਸੰਨਿਆਸ ਲੈ ਰਹੀ ਹਾਂ, ਜਿਮਨਾਸਟਿਕ ਨਾਲ ਮੇਰਾ ਸਬੰਧ ਕਦੇ ਨਹੀਂ ਟੁੱਟੇਗਾ। ਮੈਨੂੰ ਉਮੀਦ ਹੈ ਕਿ ਮੈਂ ਖੇਡ ਨੂੰ ਵਾਪਸ ਦੇ ਸਕਾਂਗੀ, ਸ਼ਾਇਦ ਮੈਂਟਰਿੰਗ, ਕੋਚਿੰਗ ਜਾਂ ਮੇਰੇ ਵਰਗੀਆਂ ਕੁੜੀਆਂ ਦਾ ਸਮਰਥਨ ਕਰਕੇ।'

***

## ਅਜੋਕੀ ਪੰਜਾਬੀ ਗਾਇਕੀ 'ਚ

ਇਸੇ ਤਰ੍ਹਾਂ ਹਜ਼ਰਤ ਮੁਹੰਮਦ ਸਾਹਿਬ ਦੇ ਪਰਉਪਕਾਰੀ ਚਰਿੱਤਰ ਤੇ ਉਨ੍ਹਾਂ ਵੱਲੋਂ ਰਚਿਤ ਇਲਾਹੀ ਬਾਣੀ ਪਵਿੱਤਰ ਕੁਰਾਨ ਸ਼ਰੀਫ਼ ਦੀ ਰਚਨਾ ਪਿੱਛੇ ਪਤਨੀ ਖਦੀਜ਼ਾ ਦਾ ਰੋਲ ਘਟਾ ਕੇ ਨਹੀਂ ਦੇਖਿਆ ਜਾ ਸਕਦਾ।

**ਪੰਜਾਬੀ ਸੱਭਿਆਚਾਰ ਨਾਲ ਕਿਸੇ ਵੀ ਤਰ੍ਹਾਂ ਨਹੀਂ ਖਾਂਦੇ ਮੇਲ**

ਅਜੋਕੀ ਪੰਜਾਬੀ ਗਾਇਕੀ 'ਚ ਜਿਸ ਤਰ੍ਹਾਂ ਦਾ ਅਸ਼ਲੀਲ ਨਾਚ ਦਿਖਾਇਆ ਜਾਂਦਾ ਹੈ, ਉਸ ਨੂੰ ਕਿਸੇ ਵੀ ਤਰ੍ਹਾਂ ਪੰਜਾਬੀ ਸੱਭਿਆਚਾਰ ਨਾਲ ਮੇਚ ਕੇ ਨਹੀਂ ਦੇਖਿਆ ਜਾ ਸਕਦਾ । ਅਜਿਹੇ ਗੀਤਾਂ ਨੂੰ ਤਾਂ ਘਰ ਬੈਠੇ ਦਰਸ਼ਕ ਵੀ ਨਫ਼ਰਤ ਨਾਲ ਦੇਖਦੇ ਹਨ।

**ਸੰਜੀਦਗੀ ਨਾਲ ਉਪਰਾਲੇ ਕਰਨ ਦੀ ਲੋੜ**

ਅਜੋਕੇ ਸਮਾਜ ਵਿਚ ਆਬਾਦੀ ਦੇ ਪੱਖ ਤੋਂ ਅੱਧਾ ਹਿੱਸਾ ਸਾਂਭੀ ਬੈਠੀ ਨਾਰੀ ਨੂੰ ਵਰਤਮਾਨਕ ਦੌਰ ਦੇ ਪੰਜਾਬੀ ਗਾਇਕ ਦਿਖਾਵੇ ਦੀ ਵਸਤੂ ਬਣਾ ਕੇ ਪੈਸਾ ਕਮਾਉਣ ਵਾਲੀ ਮਸ਼ੀਨ ਵਜੋਂ ਵਰਤ ਰਹੇ ਹਨ। ਪੰਜਾਬੀ ਸਮਾਜ 'ਚ ਆ ਰਹੇ ਨਿਘਾਰ ਦਾ ਮੂਲ ਕਾਰਨ ਅਜੋਕੀ ਗਾਇਕੀ ਨੂੰ ਮੰਨਿਆ ਜਾ ਸਕਦਾ ਹੈ, ਜਿਸ ਨੂੰ ਬਚਾਉਣ ਲਈ ਬੜੀ ਸੰਜੀਦਗੀ ਨਾਲ ਉਪਰਾਲੇ ਕਰਨ ਦੀ ਲੋੜ ਹੈ, ਤਾਂ ਜੋ ਸਮਾਜਿਕ ਸਹਿ-ਹੋਂਦ ਲਈ ਸਹਿਕਦੀ ਔਰਤ ਨੂੰ ਪੁਨਰ ਜੀਵਨ ਮਿਲ ਸਕੇ।

****

## ਪਰਾਲੀ ਦਾ ਮੁੱਦਾ

ਜਦੋਂ ਸੜਕਾਂ 'ਤੇ ਵਾਹਣ ਨਾ ਦਿਸੇ, ਪ੍ਰਦੂਸ਼ਨ ਮੁਕਤ ਵਾਤਾਵਰਨ ਨੇ ਮਨੁੱਖ ਨੂੰ ਰਾਹਤ ਦਿੱਤੀ। ਮੈਦਾਨੀ ਇਲਾਕਿਆਂ 'ਚ ਪਹਾੜ ਪਰਬਤ ਦਿਸੇ। ਪ੍ਰਦੂਸ਼ਣ ਰੋਕਣ ਸਬੰਧੀ ਬਣੇ ਕਾਨੂੰਨ ਲਾਗੂ ਕਰਨ ਨਾਲ ਇਸ ਸਮੱਸਿਆ ਉੱਤੇ ਕਾਬੂ ਪਾਉਣਾ ਸੌਖਾ ਹੋਏਗਾ। ਪ੍ਰਦੂਸ਼ਣ ਪੈਦਾ ਕਰਨ ਵਾਲੇ ਕਾਰਖਾਨੇਦਾਰਾਂ ਵਿਰੁੱਧ ਕਾਰਵਾਈ ਦੀ ਲੋੜ ਹੈ। ਖੇਤਾਂ 'ਚ ਕੀਟਨਾਸ਼ਕ ਅਤੇ ਖਾਦਾਂ ਸੀਮਤ ਤੌਰ 'ਤੇ ਵਰਤੀਆਂ ਜਾਣ। ਫਸਲੀ ਰਹਿੰਦ-ਖੂੰਹਦ ਲਈ ਜਿਥੇ 'ਕੰਪੋਸਟ ਬਾਇਓ ਗੈਸ' ਪਲਾਂਟ ਸਹਾਈ ਹੋ ਸਕਦੇ ਹਨ, ਉਥੇ ਪੰਜਾਬ-ਹਰਿਆਣਾ ਅਤੇ ਹੋਰ ਖੇਤੀ ਖੇਤਰਾਂ 'ਚ ਬਾਇਓ ਵੇਸਟ ਡੀਕੰਪੋਜ਼ਰ ਤਿਆਰ ਕੀਤੇ ਜਾਣ ਨਾਲ ਰਹਿੰਦ-ਖੂੰਹਦ ਤੋਂ ਖਾਦ ਤਿਆਰ ਹੋ ਸਕਦੀ ਹੈ ਜੋ ਖੇਤਾਂ ਦੀ ਉਪਜਾਊ ਸ਼ਕਤੀ ਵਧਾਉਣ ਯੋਗ ਹੁੰਦੀ ਹੈ।

ਪੁਰਾਣੇ ਵਹੀਕਲਾਂ ਉੱਤੇ ਪਾਬੰਦੀ, ਸੋਲਰ ਊਰਜਾ ਅਤੇ ਆਵਾਜਾਈ ਲਈ ਸਾਂਝੇ ਵਹੀਕਲਾਂ, ਬੱਸਾਂ ਆਦਿ ਦੀ ਵਰਤੋਂ ਸਹਾਇਕ ਸਾਬਤ ਹੋਣ ਯੋਗ ਹੈ।

ਸਰਕਾਰ ਸੰਜੀਦਾ ਹੋਵੇ, ਕਿਸਾਨਾਂ ਲਈ ਕਿਸਾਨ ਹਿਤੈਸ਼ੀ ਖੇਤੀ ਨੀਤੀ ਬਣਾਏ, ਫਸਲਾਂ ਦਾ ਯੋਗ ਮੁੱਲ ਦੇਵੇ ਤਾਂ ਕਿ ਕਿਸਾਨਾਂ ਨੂੰ ਘਾਟੇ ਦੀ ਖੇਤੀ ਤੋਂ ਮੁਕਤੀ ਮਿਲੇ ਤੇ ਉਹ ਫਸਲੀ ਰਹਿੰਦ-ਖੂੰਹਦ ਸੰਭਾਲ ਕੇ ਇਸ ਤੋਂ ਵੀ ਵਿੱਤੀ ਲਾਭ ਪ੍ਰਾਪਤ ਕਰਨ ਦੀ ਸਕੀਮਾਂ ਨੂੰ ਮਨੋਂ ਪ੍ਰਵਾਨ ਕਰਨ।

****

***

## ਮੱਧ ਪੂਰਬ ਜੰਗੀ ਸੰਕਟ:

ਦੇਸ਼ ਭਗਤੀ ਦਾ ਡੌਰੂ ਖੜਕਾ ਕੇ ਰੋਟੀ ਖਾਤਰ ਭਰਤੀ ਹੋਏ ਮਾਵਾਂ ਦੇ ਫ਼ੌਜੀ ਪੁੱਤਾਂ ਦਾ ਖ਼ੂਨ ਵਹਾਉਣਗੇ ਪਾਣੀ ਵਾਂਗ। ਤੇ ਫ਼ਿਰ ਪਹਿਲਾਂ ਵਾਂਗ ਬੈਠ ਕੇ ਸਮਝੌਤਾ ਕਰ ਲੈਣਗੇ, ਜਿਵੇਂ ਹੁਣ ਦੂਜੀ ਸੰਸਾਰ ਜੰਗ ਦੇ ਘੁਲਾਟੀਏ ਅਮਰੀਕਾ, ਜਪਾਨ, ਜਰਮਨ, ਇੰਗਲੈਂਡ, ਫ਼ਰਾਂਸ, ਇਟਲੀ ਜੱਫ਼ੀਆਂ ਪਾ ਰਹੇ ਨੇ। ਦੇਸ਼ ਭਗਤੀ ਖਾਤਰ ਮਰੇ ਫ਼ੌਜੀ ਦੱਸੋ ਕਿਹੜੇ ਖਾਤੇ ਗਏ ? ਇਹੀ ਹੁਣ ਹੋਣਾ।

ਦੁਨੀਆਂ ਦੇ ਲੋਕਾਂ ਨੂੰ ਸਮਝਣਾ ਪਊ ਕਿ ਅਮਰੀਕਾ ਇੰਗਲੈਂਡ ਵਰਗੇ 32 ਦੇਸ਼ਾਂ ਨੇ ਰਲ ਕੇ 'ਨਾਟੋ' ਫ਼ੌਜੀ ਗਠਜੋੜ ਮਾੜੇ ਮੁਲਕਾਂ ਨੂੰ ਲੁੱਟਣ ਕੁੱਟਣ ਲਈ ਬਣਾਇਆ ਹੈ। ਜੋ ਵਿਕਾਸਸ਼ੀਲ ਦੇਸ਼ਾਂ ਲਈ ਵੱਡਾ ਖਤਰਾ ਹੈ।

ਲੋਕੋ, ਬੇਭਰੋਸਗੀ ਏਨੀ ਹੈ ਕਿ ਹਥਿਆਰਾਂ ਦੀ ਦੌੜ ਕਦੀ ਨਹੀਂ ਜੇ ਰੁਕਣੀ। ਇਹ ਗੱਲ ਬਾਕੀ ਮੁਲਕਾਂ ਨਹੀਂ ਮੰਨਣੀ ( ਭਾਰਤ ਨੇ ਵੀ ਨਹੀਂ ਸੀ ਮੰਨੀ) ਕਿ 8-10 ਮੁਲਕਾਂ ਕੋਲ ਪ੍ਰਮਾਣੂ ਹਥਿਆਰਾਂ ਦੀ ਕਨੂੰਨੀ ਧੌਂਸ ਹੋਵੇ ਅਤੇ ਬਾਕੀਆਂ ਨੂੰ ਵਰਜਿਆ ਜਾਵੇ ਕਿ ਇੰਝ ਕਰਨਾ ਗ਼ੈਰ ਕਾਨੂੰਨੀ ਹੈ। ਜੇ ਇਹ ਸੱਚ ਹੈ ਤਾਂ ਕਿਸੇ ਨਾ ਕਿਸੇ ਦਿਨ ਵੱਡੀ ਤਬਾਹੀ ਅਟੱਲ ਹੈ। ਅਮੀਰਾਂ ਲੁਕ ਜਾਣਾ ਕਿਉਂਕਿ ਜਿੱਥੇ ਮਰਜ਼ੀ ਲੁਕ ਸਕਦੇ, ਤੇ ਮਰਨਾ ਆਮ ਲੋਕਾਂ। ਇਸ ਲਈ ਆਮ ਲੋਕਾਂ ਨੂੰ ਇਸ ਧਰਤੀ/ਇਨਸਾਨੀਅਤ ਵਿਰੋਧੀ ਚਲਨ ਵਿਰੁੱਧ ਫ਼ੌਰੀ ਉੱਠ ਖਲੋਣਾ ਚਾਹੀਦਾ।

ਦੁਖੀ ਯਹੂਦੀਆਂ ਦਾ, ਮੁਸਲਿਮ ਖਿੱਤੇ ਵਿੱਚ ਜਬਰੀ ਕਬਜ਼ੇ ਵਾਲਾ ਘਰ (ਇਜ਼ਰਾਇਲ ਦੇਸ਼) ਬਣਵਾ ਕੇ ਸ਼ੈਤਾਨ ਸਾਮਰਾਜੀਆਂ ਨੇ ਆਪਣੇ ਗਲੋਂ ਬਲਾ ਲਾਹੁਣ ਲਈ ਮੁਸਲਮਾਨਾ ਯਹੂਦੀਆਂ ਦੋਹਾਂ ਨਾਲ ਜਾਣ ਬੁੱਝ ਕੇ ਧ੍ਰੋਹ ਕੀਤਾ ਹੈ।

ਉਹਨਾਂ ਦੇ ਖਾਹਮਖਾਹ ਕੁੰਢ ਫ਼ਸਾ ਦਿੱਤੇ ਹਨ। ਖੁਸ਼ਹਾਲ ਯਹੂਦੀ ਇਥੇ ਹਮੇਸ਼ਾਂ ਤਨਾਓ ਬੇਯਕੀਨੀ ਦਾ ਸ਼ਿਕਾਰ ਰਹਿਣਗੇ। ਮਰਦੇ ਮਾਰਦੇ ਰਹਿਣਗੇ। ਧੱਕਾ ਸਦਾ ਨਹੀਂ ਚੱਲਦਾ ਹੁੰਦਾ। ਚੰਗੇ ਰਹਿਣਗੇ ਜੇ ਮੋੜਾ ਕੱਟਣ। ਫਲਸਤੀਨੀਆਂ ਨਾਲ ਸਨਮਾਨਜਨਕ ਸਮਝੌਤਾ ਕਰਨ ਦੀ ਖੁਦ ਪਹਿਲ ਕਰਨ। ਅਮੀਰ ਤਾਂ ਹਨ ਹੀ, ਸਿਆਣੇ ਬਣ ਕੇ ਅੱਗੇ ਲਈ ਆਪਣੇ ਬੱਚਿਆਂ ਦਾ ਹਿੱਤ ਸੋਚਣ। ਚੁੱਕਣ ਚੁਕਾਉਣ ਵਾਲਿਆਂ ਦਾ ਅਸਲੀ ਇਤਿਹਾਸਕ ਚਿਹਰਾ ਪਛਾਨਣ।

ਸ਼ਾਂਤੀ ਲਈ ਇਰਾਨ ਨੂੰ ਦਿੱਸਦਾ ਸੱਚ ਸਵੀਕਾਰਦਿਆਂ ਇਜ਼ਰਾਇਲ ਦੀ ਹੋਂਦ ਮੰਨਣੀ ਹੋਵੇਗੀ ਅਤੇ ਇਜ਼ਰਾਇਲ ਨੂੰ ਹੰਕਾਰ ਛੱਡ ਕੇ ਦੂਰ ਦੀ ਸੋਚਦਿਆਂ ਫਲਸਤੀਨ ਨੂੰ ਪਿਆਰ ਨਾਲ ਅਜ਼ਾਦ ਦੇਸ਼ ਸਵੀਕਾਰਨਾ ਹੋਵੇਗਾ। ਬਾਕੀ ਸਭ ਰਸਤੇ ਤਬਾਹੀ ਵੱਲ ਨੂੰ ਜਾਂਦੇ ਹਨ। ਸਮਾਂ ਹੱਥੋਂ ਨਿਕਲਣ ਹੀ ਵਾਲਾ ਹੈ। ਹੁਣ ਲੀਡਰਾਂ ਦੀ ਸੋਚ ਵੇਖਣ ਵਾਲੀ ਹੋਵੇਗੀ।

***

## ਆਰਥਿਕ ਸੁਧਾਰਾਂ 'ਤੇ

ਵਿਰੋਧੀ ਨੂੰ ਮਾਤ ਦੇਣ ਲਈ ਅਜਿਹੇ ਲੁਭਾਉਣੇ ਐਲਾਨਾਂ ਦਾ ਦੌਰ ਚੱਲ ਪਿਆ ਹੈ ਜਿਸ ਕਾਰਨ ਕੁਝ ਸੂਬੇ ਦੀਵਾਲੀਆ ਹੋਣ ਦੇ ਕੰਢੇ ਪੁੱਜ ਗਏ ਹਨ। ਸਮਾਜਿਕ ਨਿਆਂ ਰਿਓੜੀਆਂ ਵੰਡ ਕੇ ਨਹੀਂ ਬਲਕਿ ਆਰਥਿਕ ਤੌਰ 'ਤੇ ਮਜ਼ਬੂਤ ਬਣਨ 'ਤੇ ਹੀ ਸੰਭਵ ਹੈ। ਯਾਦ ਰਹੇ ਕਿ ਲੋਕ ਲੁਭਾਉਣੀਆਂ ਨੀਤੀਆਂ ਲਤਾੜੇ ਗਏ ਤਬਕਿਆਂ ਦਾ ਭਲਾ ਕਰਨ ਦੀ ਥਾਂ ਅਕਸਰ ਨਾਅਰੇਬਾਜ਼ੀ 'ਚ ਸਿਮਟ ਕੇ ਸੂਬੇ ਲਈ ਆਰਥਿਕ ਮਸ਼ਕਲਾਂ ਨੂੰ ਸੱਦਾ ਦੇਣ ਵਾਲੀਆਂ ਸਾਬਿਤ ਹੁੰਦੀਆਂ ਹਨ।

ਉਂਝ ਵੀ, ਅਰਥਚਾਰੇ ਦਾ ਉੱਚੇ ਵਾਧੇ ਤੇ ਆਪਟੀਮਲ ਫੈਕਟਰ ਪ੍ਰੋਡਕਟੀਵਿਟੀ 'ਚ ਸਿੱਧਾ ਸਬੰਧ ਹੈ। ਜ਼ਮੀਨ, ਕਿਰਤ ਤੇ ਪੂੰਜੀ ਵਰਗੇ ਉਤਪਾਦਨ ਦੇ ਤਿੰਨ ਕਾਰਕਾਂ 'ਚੋਂ ਜ਼ਮੀਨ ਤੇ ਕਿਰਤ 'ਚ ਸੁਧਾਰਾਂ ਦੀ ਲੋੜ ਅਜੇ ਵੀ ਮਹਿਸੂਸ ਕੀਤੀ ਜਾ ਰਹੀ ਹੈ। ਜ਼ਮੀਨ ਤੇ ਕਿਰਤ ਸੁਧਾਰਾਂ ਨੂੰ ਭਾਵਨਾਤਮਕ ਰੰਗ ਦਿੱਤਾ ਜਾਂਦਾ ਹੈ ਤੇ ਇਸ 'ਚ ਆਮ ਸਹਿਮਤੀ ਨਹੀਂ ਬਣ ਪਾ ਰਹੀ ਹੈ। ਇਹ ਵੀ ਇਕ ਕਾਰਨ ਹੈ ਕਿ ਭਾਰਤੀ ਅਰਥਚਾਰਾ ਆਪਣੀ ਸਮਰੱਥਾ ਮੁਤਾਬਕ ਤੇਜ਼ੀ ਨਹੀਂ ਫੜ ਪਾ ਰਿਹਾ ਹੈ। ਹਾਲਤ ਇਹ ਹੈ ਕਿ ਚਾਹੇ ਜਿਸ ਦੀ ਸਰਕਾਰ ਹੋਵੇ, ਵਿਰੋਧੀ ਧਿਰ 'ਚ ਰਹਿਣ ਵਾਲੀ ਪਾਰਟੀ ਕਿਸੇ ਵੀ ਸੁਧਾਰ ਦਾ ਨਾ ਸਿਰਫ਼ ਵਿਰੋਧ ਕਰਦੀ ਹੈ ਬਲਕਿ ਉਸ ਦੀ ਆੜ 'ਚ ਭਾਵਨਾਤਮਕ ਰਾਗ ਅਲਾਪਦੀ ਹੈ। ਇਸ ਨਾਲ ਲਤਾੜੇ ਗਏ ਵਰਗਾਂ ਦਾ ਹੀ ਨੁਕਸਾਨ ਹੋ ਰਿਹਾ ਹੈ।

ਇਸ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਭਾਰਤੀ ਵੋਟਰ ਸਮਝਦਾਰ ਹੋ ਰਹੇ ਹਨ। ਸਾਰੀਆਂ ਮਿਸਾਲਾਂ ਨਾਲ ਜੁੜੇ ਸਬੂਤ ਦੱਸਦੇ ਹਨ ਕਿ ਸਿਰਫ਼ 'ਬਹੁਤ ਵੱਧ ਕਲਿਆਣਵਾਦ' ਹੀ ਵੋਟ ਦੇਣ ਦਾ ਅਸਰਦਾਰ ਆਧਾਰ ਨਹੀਂ ਬਣਦਾ। ਗਰੀਬੀ ਹਟਾਉਣ ਅਤੇ ਸਾਂਝੀ ਖ਼ੁਸ਼ਹਾਲੀ ਦੇ ਯੁੱਗ ਦਾ ਆਰੰਭ ਕਰਨ ਦੇ ਨਜ਼ਰੀਏ ਨਾਲ ਰਾਜਨੀਤਕ ਪਰਪੱਕਤਾ ਦਿਖਾਉਣ ਦਾ ਇਸ ਤੋਂ ਬਿਹਤਰ ਸਮਾਂ ਨਹੀਂ ਹੋ ਸਕਦਾ। ਇਹ ਸਿਰਫ਼ ਉੱਚੇ ਆਰਥਿਕ ਵਾਧੇ ਵੱਲ ਮੁੜਨ ਵਾਲੀ ਆਮ ਸਹਿਮਤੀ ਅਤੇ ਸੁਧਾਰਾਂ ਨਾਲ ਜੁੜੇ ਸਾਰੇ ਸੰਭਾਵੀ ਉਪਾਵਾਂ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਨਾਲ ਹੀ ਸੰਭਵ ਹੋ ਸਕਦਾ ਹੈ।

***

## ਹਰਿਆਣਾ: ਜਿੱਤ ਦੇ ਬਾਵਜੂਦ ਭਾਜਪਾ

ਜਦੋਂਕਿ ਭਾਜਪਾ ਉਮੀਦਵਾਰ ਚੌਥੇ ਨੰਬਰ 'ਤੇ ਰਿਹਾ ਹੈ। ਇੱਥੋਂ ਦੂਜੇ ਨੰਬਰ 'ਤੇ ਕਾਂਗਰਸ ਉਮੀਦਵਾਰ ਸਰਵ ਮਿੱਤਰ, ਤੀਜੇ 'ਤੇ ਆਜ਼ਾਦ ਉਮੀਦਵਾਰ ਰਣਜੀਤ ਚੌਟਾਲਾ ਅਤੇ ਭਾਜਪਾ ਉਮੀਦਵਾਰ ਸ਼ੀਸ਼ਪਾਲ ਕੰਬੋਜ ਚੌਥੇ ਨੰਬਰ 'ਤੇ ਰਹੇ ਹਨ। ਅਰਜੁਨ ਚੌਟਾਲਾ ਨੂੰ 43914, ਸਰਵ ਮਿੱਤਰ ਨੂੰ 39723, ਰਣਜੀਤ ਸਿੰਘ ਚੌਟਾਲਾ ਨੂੰ 36401 ਤੇ ਭਾਜਪਾ ਦੇ ਸ਼ੀਸ਼ਪਾਲ ਕੰਬੋਜ ਨੂੰ 15707 ਵੋਟਾਂ ਪਈਆਂ।

ਇਸ ਤਰ੍ਹਾਂ ਵਿਧਾਨ ਸਭਾ ਹਲਕਾ ਡੱਬਵਾਲੀ ਤੋਂ ਇਨੈਲੋ ਉਮੀਦਵਾਰ ਆਦਿੱਤਿਆ ਦੇਵੀ ਲਾਲ ਨੇ 610 ਵੋਟਾਂ ਦੇ ਫ਼ਰਕ ਨਾਲ ਜਿੱਤ ਹਾਸਲ ਕੀਤੀ ਹੈ। ਇੱਥੋਂ ਕਾਂਗਰਸ ਦੂਜੇ, ਜੇ.ਜ.ਪੀ. ਤੀਜੇ ਅਤੇ ਭਾਜਪਾ ਚੌਥੇ ਨੰਬਰ 'ਤੇ ਰਹੀ ਹੈ। ਇਸ ਤੋਂ ਇਲਾਵਾ ਹਰਿਆਣਾ ਦੇ ਵਿਧਾਨ ਸਭਾ ਹਲਕਾ ਫ਼ਤਿਆਬਾਦ, ਟੋਹਾਣਾ, ਰਤੀਆ, ਸਿਰਸਾ, ਏਲਨਾਬਾਦ, ਕਾਲਾਂਵਲੀ, ਮਹਿਮ, ਰੋਹਤਕ, ਗੜ੍ਹੀ ਸਾਂਪਲਾ, ਕਲਾਨੌਰ, ਬਾਦਲੀ, ਬੇਰੀ, ਝੱਜਰ, ਫ਼ਿਰੋਜ਼ਪੁਰ ਝਿਰਕਾ, ਨੂਹ ਤੇ ਪੁਨਹਾਨਾ ਤੋਂ ਕਾਂਗਰਸੀ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ।

***

## ਸ਼੍ਰੋਮਣੀ ਕਮੇਟੀ ਮੈਂਬਰ ਹਰਦੇਵ ਸਿੰਘ ਦਿੜਬਾ

ਅਤੇ ਉਸ ਦੀ ਰਸੀਦ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਜਮਾ ਕਰਵਾਉਣ, ਸੇਵਾ ਮੁਕੰਮਲ ਹੋਣ ਉਪਰੰਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ 500 ਰੁਪਏ ਦੀ ਕੜਾਹ ਪ੍ਰਸ਼ਾਦ ਦੀ ਦੇਗ ਕਰਵਾ ਕੇ ਭੁੱਲ ਬਖਸ਼ਾਉਣ ਉਪਰੰਤ ਸਾਰੀ ਰਿਪੋਰਟ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਦੇਣ ਦਾ ਆਦੇਸ਼ ਜਾਰੀ ਕੀਤਾ ਹੈ। ਇਸ ਨੂੰ ਹਰਦੇਵ ਸਿੰਘ ਦਿੜਬਾ ਨੇ ਪ੍ਰਵਾਨ ਕਰਦਿਆ ਲਗਾਈ ਧਾਰਮਿਕ ਸੇਵਾ ਨੂੰ ਨਿਭਾਉਣ ਦੀ ਗੱਲ ਕਹੀ ਹੈ ਦੱਸਣਯੋਗ ਹੈ ਹਰਦੇਵ ਸਿੰਘ ਦਿੜਬਾ ਸ਼੍ਰੋਮਣੀ ਕਮੇਟੀ ਮੈਂਬਰ ਹੈ ਅਤੇ ਇਸ 'ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਦੀਆਂ ਸੇਵਾਵਾਂ ਸਬੰਧੀ ਰੋਕ ਲੱਗੀ ਹੋਈ ਹੈ। ਦਿੜਬਾ ਦੀ ਸਜ਼ਾ ਪੂਰੀ ਹੋਣ ਤੋਂ ਬਾਅਦ ਇਹ ਰੋਕ ਹਟ ਜਾਵੇਗੀ ਅਤੇ ਆਸ ਹੈ ਕਿ 28 ਅਕਤੂਬਰ ਨੂੰ ਹੋਣ ਵਾਲੇ ਜਨਰਲ ਇਜਲਾਸ ਵਿੱਚ ਦਿੜਬਾ ਆਪਣੇ ਵੋਟ ਦਾ ਇਸਤੇਮਾਲ ਕਰ ਸਕਣਗੇ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA
MUDDA
ON
jus
PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com